ਪੈਰ (ਚਰਨ) ਸਰੀਰ ਦੇ ਸਾਰੇ ਅੰਗਾਂ ਦਾ ਭਾਰ ਉਠਾਂਦੇ ਹਨ ਅਤੇ ਪੈਰਾਂ ਨਾਲ ਹੀ ਚੱਲ ਕੇ ਗੁਰਸੰਗਤਿ ਵਿੱਚ ਜਾਈਦਾ ਹੈ ਇਸ ਕਰਕੇ ਚਰਨਾਂ ਦੇ ਗੁਣਾਂ ਦੀ ਮਹਿਮਾਂ ਹੈ। ਇਨ੍ਹਾਂ ਗੁਣਾਂ ਕਰਕੇ ਹੀ ਚਰਨਾਂ ਦੀ ਮਹਾਂਨਤਾ ਹੈ। ਇਵੇਂ ਹੀ ਐ ਗੁਰਸਿੱਖ! ਤੂੰ ਵੀ ਦੈਵੀ ਭਾਵ ਚੰਗੇ ਗੁਣ ਹਿਰਦੇ ਵਿੱਚ ਧਾਰਨ ਕਰ ਜਿਸ ਕਰਕੇ ਹੰਕਾਰ ਦੂਰ ਹੋ ਜਾਵੇਗਾ ਅਤੇ ਨਿਮਰਤਾ ਆ ਜਾਵੇਗੀ। ਭਾਈ ਸਾਹਿਬ ਜੀ ਨੇ ਪੈਰਾਂ ਦੇ ਨੀਵੇਂਪਨ ਅਤੇ ਗੁਣਾਂ ਦੀ ਹੀ ਮਹਿਮਾਂ ਇਸ ਉਪ੍ਰੋਕਤ ਪੌੜੀ ਵਿੱਚ ਦਰਸਾਈ ਹੈ। ਇਵੇਂ ਹੀ-ਚਰਨ ਕਮਲ ਤੇਰੇ ਧੋਇ ਧੋਇ ਪੀਵਾਂ॥ਮੇਰੇ ਸਤਿਗੁਰ ਦੀਨ ਦਇਆਲਾ॥(੭੪੯) ਭਾਵ ਇਨ੍ਹਾਂ ਨਿਮਰ ਹੋ ਜਾਂਵਾਂ ਕਿ ਤੇਰੇ ਚੰਗੇ ਗੁਣ ਮੇਰੇ ਵਿੱਚ ਵੀ ਆ ਜਾਣ ਨਾਂ ਕਿ ਗੰਦੇ ਪੈਰ ਧੋ-ਧੋ ਕੇ ਪੀਤੀ ਜਾਵਾਂ। ਗੰਦੇ ਪੈਰ ਧੋ ਕੇ ਪੀਣ ਨਾਲ ਨਿਮਰਤਾ ਨਹੀਂ ਆਉਂਦੀ ਸਗੋਂ ਸਦਗੁਣ ਧਾਰਨ ਕਰਨ ਨਾਲ ਹੀ ਨਮਰ ਹੋਈਦਾ ਹੈ। ਜਦ ਕਥਾਕਾਰ ਪ੍ਰਚਾਰਕ ਹੀ ਸੰਗਤਾਂ ਨੂੰ ਪਾਇਦਾਨਾਂ ਨਾਲ ਗੰਦੇ ਪੈਰਾਂ ਦੀ ਪੂੰਝ ਚਰਨਧੂੜਿ ਤੇ ਪੈਰਾਂ ਦੇ ਧੋਣ ਨੂੰ ਚਰਨਾਮ੍ਰਿਤ ਦੱਸੀ ਜਾ ਰਹੇ ਹਨ ਤਾਂ ਸੰਗਤਾਂ ਕੀ ਕਰਨ? ਕਈਆਂ ਪਾਖੰਡੀਆਂ ਨੇ ਤਾਂ ਪਾਇਦਾਨਾਂ ਦੀ ਧੂੜ ਦੀਆਂ ਪੁੜੀਆਂ ਵੀ ਬਣਾਈਆਂ ਹੁੰਦੀਆਂ ਤੇ ਚਰਨਧੋਣ ਨੂੰ ਸ਼ੀਸੀਆਂ ਵਿੱਚ ਪਾ ਕੇ ਚਰਨਾਮਤ ਰੂਪ ਵਿੱਚ ਸ਼ਰਧਾਲੂਆਂ ਨੂੰ ਦੇ ਕੇ ਕਹਿੰਦੇ ਨੇ ਕਿ ਚਰਨਧੂੜਿ ਖਾ ਲਓ ਅਤੇ ਚਰਨਾਮਤ ਪੀ ਲਓ ਸਭ ਰੋਗ ਦੂਰ ਹੋ ਜਾਣਗੇ, ਤੁਹਾਨੂੰ ਕਿਸੇ ਵੈਦ ਜਾਂ ਡਾਕਟਰ ਕੋਲ ਜਾਣ ਦੀ ਲੋੜ ਨਹੀਂ। ਕਈ ਵਿਚਾਰੇ ਇਸ ਅੰਨੀ ਅਤੇ ਅਗਿਆਨੀ ਸ਼ਰਧਾ ਵਿੱਚ ਹੀ ਆਪਣੀ ਰਹਿੰਦੀ ਜਿੰਦਗੀ ਤੋਂ ਹੱਥ ਧੋ ਬੈਠਦੇ ਹਨ।ਇਥੇ ਵੀ ਹੱਥ ਧੋ ਬੈਠਣਾ ਇੱਕ ਮੁਹਾਵਰਾ ਹੈ ਭਾਵ ਆਪਣਾ ਨੁਕਸਾਨ ਕਰਵਾ ਲੈਣਾ।

ਇੱਕ ਵਾਰ ਗੋਲ ਪੱਗ, ਲੰਬੇ ਚੋਲੇ ਅਤੇ ਨੰਗੀਆਂ ਲੱਤਾਂ ਵਾਲਾ ਇੱਕ ਕਥਾਵਾਚਕ ਇੱਕ ਅਖੰਡ ਪਾਠ ਦੀ ਸਮਾਪਤੀ ਤੇ ਕਥਾ ਕਰ ਰਿਹਾ ਸੀ ਕਿ ਸੰਗਤੋ! ਦੇਖੋ ਗੁਰੂ ਰਾਮਦਾਸ ਜੀ ਵਿੱਚ ਕਿੰਨੀ ਨਿਮਰਤਾ ਸੀ ਕਿ ਉਹ ਆਈਆਂ ਸੰਗਤਾਂ ਦੇ ਪੈਰਾਂ ਦੀ ਚਰਨਧੂੜਿ ਨੂੰ ਘੋਲ ਘੋਲ ਕੇ ਪੀਂਦੇ ਸਨ। ਇਹ ਤਾਂ ਨਹੀਂ ਕਿਹਾ ਕਿ ਦੂਰੋਂ ਆਈਆਂ ਸੰਗਤਾਂ ਦੀ ਗਰਮ ਪਾਣੀ ਨਾਲ ਪੈਰ ਧੋ ਕੇ ਸੇਵਾ ਕਰਦੇ ਸਨ। ਉਸ ਤੋਂ ਬਾਅਦ ਦਾਸ ਨੇ ਵੀ ਹਾਜ਼ਰੀ ਭਰਨੀ ਸੀ ਜਦ ਦਾਸ ਦੀ ਵਾਰੀ ਆਈ ਤਾਂ ਮੈਂ ਬੜੀ ਨਿਮਰਤਾ ਨਾਲ ਪੁਛਿਆ ਕਿ ਗੁਰੂ ਨੂੰ ਪੈਰਾਂ ਦੀ ਗੰਦਗੀ ਧੋ ਕੇ ਪੀਣ ਦਾ ਉਪਦੇਸ਼ ਕਰਨ ਵਾਲਾ ਕਥਾਕਾਰ ਕੀ ਆਪ ਵੀ ਐਸਾ ਕਰਦਾ ਹੈ? ਬਾਹਰੋਂ ਆਈਆਂ ਸੰਗਤਾਂ ਦੇ ਗੰਦੇ ਪੈਰ ਧੋ ਕੇ ਪੀਂਦਾ ਹੈ? ਤਾਂ ਉਸ ਦੇ ਸ਼ਰਧਾਲੂਆਂ ਵਿੱਚ ਘੁਸਰ-ਮੁਸਰ ਸ਼ੁਰੂ ਹੋ ਗਈ। ਦਾਸ ਨੇ ਵਿਆਖਿਆ ਕਰਦਿਆਂ ਕਿਹਾ ਕਿ ਕਿਉਂ ਸੰਗਤਾਂ ਨੂੰ ਗੁਮਰਾਹ ਕਰਦੇ ਹੋ ਕਿ ਗੁਰੂ ਜੀ ਐਸਾ ਕਰਦੇ ਸਨ? ਲੋੜ ਤਾਂ ਚਰਨਧੂੜਿ ਤੇ ਚਰਨਾਮਤ ਦੇ ਭਾਵ ਨੂੰ ਸਮਝਣ ਦੀ ਹੈ। ਗੁਰਬਾਣੀ ਵਿੱਚ ਬਹੁਤ ਐਸੇ ਸ਼ਬਦ ਹਨ ਜੋ ਭਾਵ ਅਰਥ ਨਾਲ ਹੀ ਸਮਝੇ ਜਾ ਸਕਦੇ ਹਨ ਇਕੱਲੇ ਅੱਖਰੀ ਅਰਥਾਂ ਨਾਲ ਨਹੀਂ ਜਿਵੇਂ-ਲੇਲੇ ਕਉ ਚੂੰਘੈ ਨਿਤ ਭੇਡ॥(੩੨੬) ਹੁਣ ਇੱਥੇ ਲੇਲਾ ਬੱਚਾ ਤੇ ਭੇਡ ਮਾਂ ਹੈ, ਕੀ ਕਦੇ ਮਾਂ ਵੀ ਬੱਚੇ ਨੂੰ ਚੁੰਘਦੀ ਹੈ? ਸਗੋਂ ਬੱਚਾ ਹੀ ਮਾਂ ਦਾ ਦੁੱਧ ਚੁੰਘਦਾ ਹੈ। ਇਸ ਤੁਕ ਦਾ ਭਾਵ ਅਰਥ ਮਾਇਆ ਰੂਪੀ ਭੇਡ ਮਨ ਰੂਪੀ ਲੇਲੇ ਨੂੰ ਚੁੰਘੀ ਜਾ ਰਹੀ ਭਾਵ ਨਿਤਾ ਪ੍ਰਤੀ ਆਪਣੇ ਪਿਛੇ ਲਾਈ ਫਿਰਦੀ ਹੈ। ਇਸੇ ਤਰਾਂ ਹੀ ਇੱਕ ਹੋਰ ਉਦਾਹਰਣ ਹੈ-ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰਿ ਧਰਿ ਤਲੀ ਗਲੀ ਮੇਰੀ ਆਉ॥(੧੪੧੨) ਇਹ ਗੁਰੂ ਨਾਨਕ ਜੀ ਦਾ ਸ਼ਬਦ ਹੈ ਜੇ ਆਪਾਂ ਇਸ ਦੇ ਅੱਖਰੀ ਅਰਥ ਕਰਦੇ ਹਾਂ ਤਾਂ ਅਰਥ ਬਣਦੇ ਨੇ ਜੇ ਤਹਾਨੂੰ ਪ੍ਰੇਮ ਦੀ ਖੇਲ ਖੇਲਣ ਦਾ ਚਾਅ ਹੈ ਤਾਂ ਪਹਿਲਾਂ ਆਪਣਾ ਸਿਰ ਵੱਢ ਕੇ ਤੱਲੀ ਤੇ ਰੱਖ ਕੇ ਮੇਰੇ ਕੋਲ ਆਓ। ਗੁਰੂ ਨਾਨਕ ਜੀ ਦਾ ਸਾਰਾ ਇਤਿਹਾਸ ਪੜ੍ਹ ਲਓ ਕਿਤੇ ਵੀ ਕੋਈ ਸਿੱਖ ਪਹਿਲਾਂ ਸਿਰ ਵੱਢ ਕੇ ਫਿਰ ਤੱਲੀ ਤੇ ਰੱਖ ਕੇ ਗੁਰੂ ਕੋਲ ਆਇਆ ਨਹੀਂ ਆਇਆ। ਭਲਿਓ ਸਿਰ ਤਲੀ ਤੇ ਰੱਖਣਾ ਇੱਕ ਮੁਹਾਵਰਾ ਹੈ ਭਾਵ ਆਪਾਭਾਵ ਸਮਰਪਨ ਕਰਨਾ। ਗੁਰੂ ਨੂੰ ਮੱਥਾ ਟੇਕਣਾ-ਸੀਸ ਭੇਟ ਕਰਨ ਦਾ ਵੀ ਇਹੀ ਭਾਵ ਹੈ ਕਿ-ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨਾ ਜਾਣੈ ਕੋਇ॥(੯੧੯) ਭਾਵ ਗੁਰੂ ਨੂੰ ਤਨੋ ਮਨੋ ਸਮਰਪਤ ਹੋ ਕੇ ਆਉਣਾ। ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ॥(੫੧੮) ਇਸ ਤੁਕ ਵਿੱਚ ਵੀ ਸੇਰੁ ਦਾ ਅਰਥ ਹੈ ਸ਼ੇਰ। ਸ਼ੇਰ ਇੱਕ ਖੂੰਖਾਰ ਜੰਗਲੀ ਜਨਵਰ ਹੈ ਪਰ ਗੱਲ ਤਾਂ ਇੱਥੇ ਉਸ ਆਲਸੀ ਮਨੁੱਖ ਨੂੰ ਕਹੀ ਗਈ ਹੈ ਜੋ ਚੰਗੇ ਕਰਮ ਕਰਨ ਵਿੱਚ ਤਾਂ ਆਲਸ ਕਰਦਾ ਹੈ ਪਰ ਬੁਰੇ ਕਰਮ ਕਰਨ ਨੂੰ ਸ਼ੇਰ ਵਰਗਾ ਤਾਕਤਵਰ ਬਣ ਜਾਂਦਾ ਹੈ। ਜਦ ਕੋਈ ਚੰਗਾ ਕੰਮ ਕਰਕੇ ਜਾਂ ਕੋਈ ਬਾਜੀ ਜਿੱਤ ਕੇ ਆਵੇ ਤਾਂ ਕਹਿ ਦਿੰਦੇ ਹਨ ਬੱਲੇ ਓਏ ਸ਼ੇਰ ਦਿਆ ਬੱਚਿਆ! ਬੱਚਾ ਤਾਂ ਉਹ ਮਨੁੱਖ ਦਾ ਹੈ ਨਾਂ ਕਿ ਜੰਗਲੀ ਸ਼ੇਰ ਦਾ। ਇੱਥੇ ਬਹਾਦਰੀ ਦੇ ਗੁਣ ਨਾਲ ਤਰਜੀਹ ਦਿੱਤੀ ਗਈ ਹੈ। ਇਵੇਂ ਹੀ ਸਭ ਤੋਂ ਨੀਵੇਂ ਚਰਨ ਅਤੇ ਚਰਨਾਂ ਤੋਂ ਨੀਵੀਂ ਚਰਨਧੂੜਿ ਭਾਵ ਮਹਾਂ ਨਮਰਤਾ ਦਾ ਭਾਵ ਲਿਆ ਸੀ ਪਰ ਭਾਵ ਅਰਥ ਨੂੰ ਛੱਡ ਕੇ ਅੱਖਰੀ ਅਰਥ ਕਰਨ ਵਾਲਿਆਂ ਨੇ ਪੈਰਾਂ ਥੱਲੜੀ ਧੂੜਿ ਹੀ ਸਮਝ ਲਿਆ।

ਰੱਬੀ ਭਗਤ ਤੇ ਸਿੱਖ ਗੁਰੂ ਬੜੇ ਸੂਝਵਾਨ ਸਨ ਨਾਂ ਕਿ ਅੰਧ ਵਿਸ਼ਵਾਸ਼ੀ। ਉਹ ਤਾਂ ਸੰਸਾਰੀ ਵਸਤੂਆਂ ਦੀਆਂ ਉਦਾਹਰਣਾਂ ਦੇ ਕੇ ਜਥਾਰਥ ਦਾ ਉਪਦੇਸ਼ ਦਿਆ ਕਰਦੇ ਸਨ। ਜੇ ਪੈਰਾਂ ਦੇ ਧੋਣ ਨੂੰ ਅੱਜ ਵੀ ਸਿਆਣਾ ਮਨੁੱਖ ਨਹੀਂ ਪੀਂਦਾ ਅਤੇ ਪੈਰਾਂ ਦੀ ਝਾੜੀ ਧੂੜਿ ਨੂੰ ਕੋਈ ਨਹੀਂ ਖਾਂਦਾ ਜਾਂ ਮੂੰਹ ਤੇ ਮਲਦਾ ਤਾਂ ਬ੍ਰਹਮ ਗਿਆਨ ਦਾ ਉਪਦੇਸ਼ ਕਰਨ ਵਾਲੇ ਗੁਰੂ ਸਾਹਿਬਾਨ ਅਤੇ ਭਗਤ ਐਸਾ ਕਿਵੇਂ ਕਰ ਸਕਦੇ ਸਨ? ਕੀ ਲੋਕਾਂ ਨੂੰ ਅੰਧ ਵਿਸ਼ਵਾਸ਼ੀ ਉਪਦੇਸ਼ ਦੇਣ ਵਾਲੇ ਅੱਜ ਲੋਕਾਂ ਦੇ ਗੰਦੇ ਪੈਰ ਧੋ ਕੇ ਪੀਂਦੇ ਹਨ?

ਜੇ ਨਹੀਂ ਤਾਂ ਇਨ੍ਹਾਂ ਨੂੰ ਗੁਰੂਆਂ ਭਗਤਾਂ ਨੂੰ ਪਲਾਉਂਦਿਆਂ ਸ਼ਰਮ ਅਉਣੀ ਚਾਹੀਦੀ ਹੈ ਅਤੇ ਜਥਾਰਥ ਦਾ ਹੀ ਉਪਦੇਸ਼ ਦੇਣਾ ਚਾਹੀਦਾ ਹੈ। ਗੁਰਸਿਖੋ! ਗੁਰਬਾਣੀ ਦੀ ਡੀਪਲੀ ਵੀਚਾਰ ਕਰਿਆ ਕਰੋ ਤਾਂ ਹੀ ਗੁਰਬਾਣੀ ਦੇ ਸੱਚੇ-ਸੁੱਚੇ ਗਿਆਨ-ਵਿਗਿਆਨ ਨਾਲ ਭਰੇ ਮਨੁੱਖਤਾ ਦੀ ਭਲਿਆਈ ਵਾਲੇ ਉਪਦੇਸ਼ਾਂ ਨੂੰ ਸਮਝਿਆ ਜਾ ਸਕਦਾ ਹੈ। ਅਜੋਕੇ ਕਲਾਕਾਰ ਅਤੇ ਮਾਇਆਧਾਰੀ ਕਥਾਕਾਰ ਕਦੇ ਵੀ ਗੁਰ-ਉਪਦੇਸ਼ਾਂ ਦੀ ਸਹੀ ਵਿਆਖਿਆ ਨਹੀਂ ਕਰਨਗੇ ਕਿਉਂਕਿ ਉਹ ਕਮਰਸ਼ੀਅਲ ਹੋ ਚੁੱਕੇ ਹਨ। ਚਰਨਧੂੜਿ ਮੁਹਾਵਰਾ ਅਤਿ ਨਿਮਰਤਾ ਦਾ ਸੂਚਕ ਹੈ ਨਾਂ ਕਿ ਕਿਸੇ ਦੇ ਪੈਰ ਪੂੰਝ-ਪੂੰਝ ਕੇ ਗੰਦੀ ਧੂੜਿ ਮੱਥੇ ਤੇ ਲਾਉਣ ਜਾਂ ਪਾਣੀ ਵਿੱਚ ਘੋਲ-ਘੋਲ ਕੇ ਪੀਣ ਦਾ।ਪਾਠਕੋ! ਸਾਨੂੰ ਗੁਰਬਾਣੀ ਦੇ ਜਥਾਰਥ ਨੂੰ ਸਮਝ ਕੇ ਹਉਮੈ ਹੰਕਾਰ ਤਿਆਗ ਕੇ ਸੱਚ, ਸੇਵਾ, ਪਰਉਪਕਾਰ, ਪ੍ਰੇਮ-ਪਿਆਰ, ਹਲੇਮੀ, ਨਿਮਰਤਾ ਆਦਿਕ ਸਦਗੁਣਾ ਦੀ ਗਿਆਨਮਈ ਚਰਨਧੂੜਿ ਲੈਣੀ ਚਾਹੀਦੀ ਹੈ ਨਾਂ ਕਿ ਕਿਸੇ ਸਾਧ ਦੇ ਪੈਰ ਧੋ ਕੇ ਪੀਣੇ ਜਾਂ ਖਾਕ ਮੱਥੇ ਤੇ ਲਾਉਣੀ ਚਾਹੀਦੀ ਹੈ।

# ਆਸਮਾਨ ਦੀ ਪਰੀ ਕਲਪਨਾ ਚਾਵਲਾ ਨੂੰ ਯਾਦ ਕਰਦਿਆਂ..

ਕਲਪਨਾ ਚਾਵਲਾ ਦਾ ਜਨਮ 1 ਜੁਲਾਈ 1961 ਨੂੰ ਮਾਤਾ ਸੰਯੋਗਤਾ ਚਾਵਲਾ ਦੀ ਕੁੱਖੋਂ ਪਿਤਾ ਬਨਾਰਸੀ ਲਾਲ ਚਾਵਲਾ ਦੇ ਘਰ ਕਰਨਾਲ ਵਿਖੇ ਹੋਇਆ ਸੀ। ਇਨ੍ਹਾਂ ਦਾ ਪਿਛੋਕੜ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਸ਼ੇਖੂਪੁਰਾ (ਜੋ ਹੁਣ ਪਾਕਿਸਤਾਨ ਵਿਚ ਹੈ) ਦੇ 'ਕੀਲੇ' ਨਾਂ ਦੇ ਪਿੰਡ ਨਾਲ ਸੀ। ਕਲਪਨਾ ਚਾਵਲਾ ਦੇ ਦਾਦਾ ਜੀ ਦਾ ਨਾਂ ਲੱਭਾ ਮੱਲ ਚਾਵਲਾ ਅਤੇ ਦਾਦੀ ਦਾ ਨਾਂ ਕਰਤਾਰ ਕੌਰ ਸੀ। ਇਹ ਪਰਿਵਾਰ 1947 ਦੀ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਕਰਨਾਲ ਆਇਆ ਸੀ। ਕਲਪਨਾ ਚਾਵਲਾ ਦੀਆਂ ਦੋ ਵੱਡੀਆਂ ਭੈਣਾਂ ਸੁਨੀਤਾ ਤੇ ਦੀਪਾ ਹਨ ਅਤੇ ਭਰਾ ਦਾ ਨਾਂ ਸੰਜੇ ਹੈ। ਕਲਪਨਾ ਚਾਵਲਾ ਸਭ ਤੋਂ ਛੋਟੀ ਸੀ। ਕਲਪਨਾ ਨੂੰ 1966 ਵਿਚ 5 ਸਾਲ ਦੀ ਉਮਰ ਵਿਚ ਟੈਗੋਰ ਬਾਲ ਨਿਕੇਤਨ ਸਕੂਲ ਵਿਚ ਪੜ੍ਹਨ ਲਾ ਦਿੱਤਾ ਗਿਆ। ਉਸ ਨੇ 1976 ਵਿਚ ਮੈਟ੍ਰਿਕ ਪਾਸ ਕੀਤੀ। ਫਿਰ ਉਸ ਨੇ ਕਰਨਾਲ ਦੇ ਡੀਏਵੀ ਕਾਲਜ ਵਿਚ ਨਾਨ ਮੈਡੀਕਲ ਦੀ ਪ੍ਰੀ-ਇੰਜੀਨੀਅਰਿੰਗ ਵਿਚ ਦਾਖ਼ਲਾ ਲਿਆ। ਉਸ ਤੋਂ ਬਾਅਦ 1977 ਵਿਚ ਦਿਆਲ ਸਿੰਘ ਕਾਲਜ ਕਰਨਾਲ ਵਿਚ ਦਾਖ਼ਲਾ ਲਿਆ ਅਤੇ 1978 ਵਿਚ ਉੱਥੋਂ ਪ੍ਰੀ-ਇੰਜੀਨੀਅਰਿੰਗ ਦੀ ਕਲਾਸ ਕੁਰੂਕਸ਼ੇਤਰ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਰਹਿ ਕੇ ਪਾਸ ਕੀਤੀ। ਉਸ ਤੋਂ ਬਾਅਦ ਕਲਪਨਾ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਵਿਖੇ ਐਰੋਨੌਟਿਕਸ ਇੰਜੀਨੀਅਰਿੰਗ ਵਿਭਾਗ ਵਿਚ ਦਾਖ਼ਲਾ ਲੈ ਲਿਆ ਅਤੇ 1982 ਵਿਚ ਐਰੋਨੌਟਿਕਸ ਇੰਜੀਨੀਅਰਿੰਗ ਦੀ ਡਿਗਰੀ ਪਾਸ ਕਰ ਗਈ। ਫਿਰ ਉਸ ਨੇ ਟੈਸਟ ਪਾਸ ਕਰ ਕੇ ਯੂਨੀਵਰਸਿਟੀ ਆਫ ਟੈਕਸਾਸ, ਅਰਲਿੰਗਟਨ, ਐਰੋਨੌਟਿਕਸ ਵਿਭਾਗ ਦੀ ਮਾਸਟਰ ਦੀ ਡਿਗਰੀ ਲਈ ਦਾਖ਼ਲਾ ਲਿਆ ਅਤੇ 1984 'ਚ ਇਹ ਡਿਗਰੀ ਪਾਸ ਕਰ ਲਈ। ਕਲਪਨਾ ਚਾਵਲਾ ਨੇ 1988 ਵਿਚ ਬੌਲਡਰ ਦੀ ਯੂਨੀਵਰਸਿਟੀ ਆਫ ਕੈਲੋਰਾਡੋ ਵਿਚ ਪੀਐੱਚਡੀ ਕੀਤੀ। ਉਹ ਕੈਲੀਫੋਰਨੀਆ ਦੇ ਸੈਨ ਜੋਸ ਸ਼ਹਿਰ ਵਿਚ ਪੈਂਦੇ ਨਾਸਾ ਦੇ ਖੋਜ ਸੈਂਟਰ 'ਚ ਨੌਕਰੀ ਕਰਨ ਲੱਗ ਪਈ। ਕਲਪਨਾ ਨੇ ਨਾਸਾ ਦੇ ਰਿਸਰਚ ਸੈਂਟਰ ਵਿਖੇ ਪਾਵਰ ਲਿਫਟ ਕੰਪਿਊਟੇਸ਼ਨ ਫਲਿਊਡ ਡਾਇਨਾਮੈਸ ਖੇਤਰਾਂ 'ਤੇ ਕੰਮ ਕੀਤਾ ਅਤੇ 1990 ਵਿਚ ਉਹ ਅਮਰੀਕਾ ਦੀ ਨਾਗਰਿਕ ਬਣ ਗਈ। ਕਲਪਨਾ ਚਾਵਲਾ 1993 ਵਿਚ ਨਾਸਾ ਖੋਜ ਸੈਂਟਰ ਛੱਡ ਕੇ ਕੈਲੀਫੋਰਨੀਆ ਰਾਜ ਦੇ ਲਾਸ ਅਲਟਾਂਸ ਸ਼ਹਿਰ 'ਚ ਵਿਗਿਆਨ ਨਾਲ ਸਬੰਧਤ ਕੰਪਨੀ ਓਵਰਸੈਂਟ ਮੈਥਡਜ਼ ਇੰਕ ਨਾਲ ਜੁੜ ਗਈ। ਉਹ ਉਸ ਕੰਪਨੀ ਦੀ ਮੀਤ ਪ੍ਰਧਾਨ ਬਣੀ ਤੇ ਖੋਜ ਵਿਗਿਆਨੀ ਵਜੋਂ ਨੌਕਰੀ ਕੀਤੀ। ਉਸ ਮਗਰੋਂ ਕਲਪਨਾ ਨੂੰ 1994 'ਚ ਪੁਲਾੜ ਯਾਤਰੀ ਵਜੋਂ ਚੁਣਿਆ ਗਿਆ। ਸੋਲ੍ਹਾਂ ਜਨਵਰੀ 2003 ਨੂੰ ਪੁਲਾੜ ਮਿਸ਼ਨ 'ਤੇ ਕਲਪਨਾ ਸਮੇਤ 7 ਪੁਲਾੜ ਯਾਤਰੀ ਗਏ। ਸੋਲ੍ਹਾਂ ਦਿਨ ਬਾਅਦ ਵਾਪਸੀ ਸਮੇਂ ਧਰਤੀ ਤੋਂ 16 ਕਿਲੋਮੀਟਰ ਦੀ ਉੱਚਾਈ 'ਤੇ ਪੁਲਾੜ ਗੱਡੀ ਕੋਲੰਬੀਆ ਟੁਕੜਿਆਂ 'ਚ ਖਿੰਡ ਗਈ। ਇਸ ਹਾਦਸੇ 'ਚ ਕਲਪਨਾ ਚਾਵਲਾ ਸਮੇਤ ਸਾਰੇ 7 ਵਿਗਿਆਨੀ ਮਾਰੇ ਗਏ।




**-ਦਰਸ਼ਨ ਸਿੰਘ ਪ੍ਰੀਤੀਮਾਨ**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ 'ਚ ਕੋਰੋਨਾ ਮਹਾਮਾਰੀ ਦੌਰਾਨ ਆਈ ਭਾਰੀ ਗਿਰਾਵਟ ਦੌਰਾਨ ਇਕ ਮਿਲੀਅਨ ਤੋਂ ਵੱਧ ਮ੍ਰਿਤਕਾਂ ਨੂੰ 14 ਬਿਲੀਅਨ ਡਾਲਰਾਂ ਦੇ ਚੈੱਕ ਭੇਜੇ

**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ)–** ਅਮਰੀਕਾ ਚ' ਕੋਰੋਨਾ ਦੀ ਮਹਾਂਮਾਰੀ ਦੇ ਕਾਰਨ ਆਈ ਭਾਰੀ ਮੰਦੀ ਤੋਂ ਬਾਅਦ ਆਰਥਿਕਤਾ ਨੂੰ ਉਤੇਜਿਤ ਕਰਨ ਲਈ ਕਾਂਗਰਸ ਦੁਆਰਾ ਪਾਸ ਕੀਤੇ ਗਏ 2 ਟ੍ਰਿਲੀਅਨ ਡਾਲਰ ਦੇ ਇਕ ਹਿੱਸੇ ਨੂੰ ਸਿੱਧੇ ਜਮ੍ਹਾਂ ਰਾਹੀ ਆਪਣੀਆਂ ਨਗਦ ਅਦਾਇਗੀਆਂ ਪ੍ਰਾਪਤ ਕਰਨਾ ਸ਼ੁਰੂ ਕਰ ਰਹੇ ਹਨ। ਆਈ ਆਰ ਐਸ ਨੇ ਅੱਜ ਪਹਿਲੇ ਭੁਗਤਾਨ ਕਰਤਾਵਾਂ ਦੇ ਬੈਂਕ ਖਾਤਿਆਂ ਵਿੱਚ ਆਰਥਿਕ ਪ੍ਰਭਾਵ ਭੁਗਤਾਨ ਜਮ੍ਹਾ ਕਰਵਾਏ। ਅਸੀਂ ਜਾਣਦੇ ਹਾਂ ਕਿ ਬਹੁਤ ਸਾਰੇ ਲੋਕ ਆਪਣੇ ਭੁਗਤਾਨ ਪ੍ਰਾਪਤ ਕਰਨ ਲਈ ਚਿੰਤਤ ਹਨ।ਅਮਰੀਕੀ ਕਰਮਚਾਰੀਆਂ ਅਤੇ ਕਾਰੋਬਾਰਾਂ ਲਈ ਕੋਰੋਨਾਵਾਇਰਸ ਮਹਾਂਮਾਰੀ ਦੇ ਆਰਥਿਕ ਝਟਕੇ ਨੂੰ ਨਰਮ ਕਰਨ ਲਈ ਮਾਰਚ ਵਿੱਚ, ਕਾਂਗਰਸ ਨੇ 2 ਟ੍ਰਿਲੀਅਨ ਡਾਲਰ ਦਾ ਇੱਕ ਭਾਰੀ ਉਤਸ਼ਾਹ ਪੈਕਜ, ਜਿਸ ਨੂੰ ਕੇਅਰਜ਼ ਐਕਟ ਕਿਹਾ ਜਾਂਦਾ ਹੈ, ਪਾਸ ਕੀਤਾ।ਯੋਗ ਅਮਰੀਕੀਆਂ ਨੇ ਉਨ੍ਹਾਂ ਦੇ 2018 ਜਾਂ 2019 ਦੀ ਆਮਦਨ ਟੈਕਸ ਰਿਟਰਨ ਦੇ ਅਧਾਰ ਤੇ, ਜਾਂ ਇੱਕ ਸਧਾਰਣ ਟੈਕਸ ਰਿਟਰਨ ਭਰ ਕੇ, ਆਰਥਿਕ ਪ੍ਰਭਾਵ ਭੁਗਤਾਨ ਕਹਾਉਣ ਵਾਲੇ ਚੈੱਕ ਪ੍ਰਾਪਤ ਕੀਤੇ। ਹਰ ਸਾਲ 75,000 ਡਾਲਰ ਤੱਕ ਕਮਾਉਣ ਵਾਲੇ ਵਿਅਕਤੀਆਂ ਨੂੰ 1,200 ਡਾਲਰ ਅਤੇ 150,000 ਡਾਲਰ ਤੱਕ ਦੀ ਕਮਾਈ ਅਤੇ ਸੰਯੁਕਤ ਟੈਕਸ ਰਿਟਰਨ ਦਾਖਲ ਕਰਨ ਵਾਲੇ ਜੋੜਿਆਂ ਨੂੰ $ 2,400 ਪ੍ਰਾਪਤ ਹੋਏ, ਪ੍ਰਤੀ ਯੋਗਤਾ ਵਾਧੂ ਬੱਚੇ ਦੇ ਨਾਲ ਵਾਧੂ 500 ਡਾਲਰ ਮਿਲਦੇ ਹਨ। 75,000 ਡਾਲਰ ਤੋਂ ਵੱਧ ਕਮਾਉਣ ਵਾਲਿਆਂ ਲਈ ਭੁਗਤਾਨ ਘਟ ਗਏ, ਪ੍ਰਤੀ ਵਿਅਕਤੀਗਤ ਆਮਦਨ ਕੈਪ $ 99,000 ਜਾਂ ਜੋੜਿਆਂ ਲਈ ,198,000 ਸੀ। ਜੀ.ਏ.ਓ. ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਖਜ਼ਾਨਾ ਅਧਿਕਾਰੀਆਂ ਨੇ ਕਿਹਾ ਕਿ, ਜਿੰਨੀ ਜਲਦੀ ਸੰਭਵ ਹੋ ਸਕੇ ਭੁਗਤਾਨ ਕਰਨ ਦੇ ਲਈ ਕੇਅਰਜ਼ ਐਕਟ ਦੇ ਆਦੇਸ਼ ਨੂੰ ਪੂਰਾ ਕਰਨ ਲਈ, "ਖਜ਼ਾਨਾ ਅਤੇ ਆਈਆਰਐਸ ਨੇ ਪਿਛਲੇ ਕਾਰਜਸ਼ੀਲ ਨੀਤੀਆਂ ਅਤੇ ਪ੍ਰੇਰਕ ਭੁਗਤਾਨਾਂ ਦੀਆਂ ਪ੍ਰਕ੍ਰਿਆਵਾਂ ਦੀ ਵਰਤੋਂ ਕਰਦਿਆਂ ਭੁਗਤਾਨਾਂ ਦੇ ਪਹਿਲੇ ਤਿੰਨ ਬੈਚ ਬਾਹਰ ਭੇਜੇ" ਸੋਸ਼ਲ ਸਿਕਿਉਰਿਟੀ ਐਡਮਨਿਸਟ੍ਰੇਸ਼ਨ ਮੌਤ ਰਿਕਾਰਡ ਨੂੰ ਫਿਲਟਰ ਦੇ ਤੌਰ 'ਤੇ ਡੀਜੈਂਟਾਂ ਨੂੰ ਭੁਗਤਾਨ ਰੋਕਣ ਲਈ ਇਸਤੇਮਾਲ ਕਰਨਾ ਸੀ ਜੋ ਕੀਤਾ ਨਹੀਂ ਗਿਆ। ਜੀਏਓ ਨੇ ਇਹ ਵੀ ਦੱਸਿਆ ਕਿ ਆਈਆਰਐਸ ਦੀ ਕਾਨੂੰਨੀ ਸਲਾਹ ਨੇ ਇਹ ਨਿਸ਼ਚਤ ਕੀਤਾ ਹੈ ਕਿ ਆਈਆਰਐਸ ਕੋਲ ਉਨ੍ਹਾਂ ਲੋਕਾਂ ਨੂੰ ਅਦਾਇਗੀਆਂ ਤੋਂ ਇਨਕਾਰ ਕਰਨ ਦਾ ਕਾਨੂੰਨੀ ਅਧਿਕਾਰ ਨਹੀਂ ਹੈ ਜਿਨ੍ਹਾਂ ਨੇ 2019 ਲਈ ਰਿਟਰਨ ਦਾਖਲ ਕੀਤੀ ਸੀ। ਭਾਵੇਂ ਭੁਗਤਾਨ ਦੇ ਸਮੇਂ ਓਹਨਾ ਦੀ ਮੌਤ ਹੋ ਗਈ ਸੀ," ਅਤੇ ਇਸ ਨੂੰ ਲਾਗੂ ਕਰਨ ਦੀ ਸਲਾਹ ਦਿੱਤੀ ਸੀ।ਇੱਕ ਸ਼ੁਰੂਆਤੀ ਬੈਕਲਾਗ ਉਦੋਂ ਹੋਇਆ ਜਦੋਂ ਆਈਆਰਐਸ ਨੇ ਪੂਰੇ ਦੇਸ਼ ਵਿੱਚ ਮਰੇ ਹੋਏ ਅਮਰੀਕੀਆਂ ਦੇ ਭੁਗਤਾਨਾਂ ਅਤੇ ਰਿਸ਼ਤੇਦਾਰਾਂ ਦੇ ਪਹਿਲੇ ਗੇੜ ਨੂੰ ਭੇਜਣਾ ਸ਼ੁਰੂ ਕੀਤਾ। ਕਿਹਾ ਗਿਆ ਹੈ ,ਕਿ ਉਹਨਾਂ ਨੂੰ ਅਜ਼ੀਜ਼ ਦੀ ਤਰਫੋਂ ਕੋਰੋਨਾਵਾਇਰਸ ਰਾਹਤ ਭੁਗਤਾਨ ਪ੍ਰਾਪਤ ਹੋਇਆ ਹੈ। ਪਰਿਵਾਰਾਂ ਨੇ ਸ਼ੁਰੂ ਵਿੱਚ ਮੰਨਿਆ ਕਿ ਉਹ ਭੁਗਤਾਨਾਂ ਨੂੰ ਪੂਰਾ ਕਰ ਸਕਦੇ ਹਨ, ਪਰ ਆਈਆਰਐਸ ਨੇ ਮਈ ਵਿੱਚ ਆਪਣੀ ਸੇਧ ਨੂੰ ਅਪਡੇਟ ਕਰਦਿਆਂ ਕਿਹਾ ਕਿ ਜੋ ਲੋਕ ਮਰ ਗਏ ਹਨ ਉਹ ਕਰੋਨਾ ਵਾਇਰਸ ਰਾਹਤ ਅਦਾਇਗੀ ਦੇ ਯੋਗ ਨਹੀਂ ਹੁੰਦੇ ਅਤੇ ਉਨਾ ਨੂੰ ਚੈੱਕ ਆਈਆਰਐਸ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ।ਇਕ ਲਿਫਾਫੇ ਦੀ ਤਸਵੀਰ ਤੋ ਪਤਾ ਚਲਿਆਂ ਕਿ ਪਿਤਾ ਨੂੰ ਸੰਬੋਧਿਤ ਕੀਤਾ ਚੈਕ , ਜਿਸਦੀ ਮੌਤ 2019 ਵਿੱਚ ਹੋਈ ਸੀ, ਜਿਸਦਾ ਮੰਨਣਾ ਹੈ ਕਿ ਇਹ ਇੱਕ ਉਤੇਜਕ ਚੈਕ ਹੈ। ਖ਼ਜ਼ਾਨਾ ਵਿਭਾਗ ਅਤੇ ਇਸ ਦੇ ਵਿੱਤੀ ਸੇਵਾ ਬਿਉਰੋ ਦਾ ਲਿਫ਼ਾਫ਼ਾ, ਇਕ ਸਪੱਸ਼ਟ ਹਦਾਇਤ ਦਿੰਦਾ ਹੈ ਕਿ "ਜੇ ਪ੍ਰਾਪਤ ਕਰਨ ਵਾਲਾ ਮਰ ਜਾਂਦਾ ਹੈ," ਧਾਰਕ ਨੂੰ ਲਿਫ਼ਾਫ਼ਾ ਮੇਲ ਬਾਕਸ ਵਿੱਚ ਪਾ ਕੇ ਭੁਗਤਾਨ ਵਾਪਸ ਕਰਨਾ ਚਾਹੀਦਾ ਹੈ।ਭੇਜਣ ਵਾਲੇ ਨੇ ਕਿਹਾ ਕਿ ਪਰਿਵਾਰ ਨੇ ਬਾਕਸ ਦੀ ਜਾਂਚ ਕੀਤੀ ਅਤੇ ਲਿਫ਼ਾਫ਼ੇ ਨੂੰ ਬਿਨਾਂ ਖੋਲ੍ਹੇ ਵਾਪਸ ਭੇਜ ਦਿੱਤਾ।ਜੀਏਓ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਆਈਆਰਐਸ ਦੀ ਇਸ ਵੇਲੇ ਅਯੋਗ ਪ੍ਰਾਪਤਕਰਤਾਵਾਂ ਨੂੰ ਸੂਚਿਤ ਕਰਨ ਦੀ ਯੋਜਨਾ ਨਹੀਂ ਹੈ, ਜਿਸ ਵਿਚ ਤਕਰੀਬਨ 1.1 ਮਿਲੀਅਨ ਮ੍ਰਿਤਕ ਅਮਰੀਕੀਆਂ ਦੇ ਰਿਸ਼ਤੇਦਾਰ ਸ਼ਾਮਲ ਹਨ ਜਿਨ੍ਹਾਂ ਨੂੰ 30 ਅਪ੍ਰੈਲ ਤੱਕ ਭੁਗਤਾਨ ਪ੍ਰਾਪਤ ਹੋਇਆ ਸੀ। ਵਾਚਡੌਗ ਏਜੰਸੀ ਨੇ ਕਿਹਾ ਕਿ ਆਈਆਰਐਸ ਨੂੰ ਵਿਚਾਰਨਾ ਚਾਹੀਦਾ ਹੈ।




ਅਯੋਗ ਪ੍ਰਾਪਤਕਰਤਾਵਾਂ ਨੂੰ ਭੁਗਤਾਨ ਵਾਪਸ ਕਰਨ ਦੇ ਤਰੀਕੇ ਬਾਰੇ ਸੂਚਿਤ ਕਰਨ ਲਈ "ਲਾਗਤ–ਪ੍ਰਭਾਵਸ਼ਾਲੀ ਵਿਕਲਪ", ਜੋ ਆਈਆਰਐਸ ਕਰਨ ਲਈ ਸਹਿਮਤ ਹੋਏ।ਆਈਆਰਐਸ ਅਤੇ ਖਜ਼ਾਨਾ ਨੇ ਨਿਊਜ ਏਜੰਸੀ ਨੂੰ ਤੁਰੰਤ ਟਿੱਪਣੀ ਨਹੀਂ ਕੀਤੀ। ਖਜ਼ਾਨਾ ਅਤੇ ਆਈਆਰਐਸ ਇਸ ਵੇਲੇ ਦੁਬਿਧਾ ਵਿੱਚ ਹਨ ਕਿ ਇੰਨੀ ਵੱਡੀ ਰਕਮ ਨੂੰ ਵਾਪਸ ਕਿਵੇਂ ਲਿਆ ਜਾਵੇ। ਇਸ ਸੰਬੰਧੀ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ।

# ਪੰਜਾਬ ਭਾਜਪਾ ਦੀ ਵਰਚੁਅਲ ਜਨ-ਸੰਵਾਦ ਰੈਲੀ ਰਹੀ ਬੇਹਦ ਸਫਲ - ਰਾਜੇਸ਼ ਬਾਘਾ

**ਫਗਵਾੜਾ –** ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵਲੋਂ ਅੱਜ ਵੀਡੀਓ ਕਾਂਫ੍ਰੈਂਸਿੰਗ ਰਾਹੀਂ ਆਯੋਜਿਤ ਕੀਤੀ ਗਈ ਵਰਚੁਅਲ ਜਨ–ਸੰਵਾਦ ਰੈਲੀ ਨੂੰ ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਨੇ ਬਹੁਤ ਹੀ ਸਫਲ ਦੱਸਿਆ ਅਤੇ ਕਿਹਾ ਕਿ ਤਿੰਨ ਲੱਖ ਤੋਂ ਵੱਧ ਲੋਕਾਂ ਨੇ ਫੇਸਬੁਕ, ਯੂ–ਟਯੂਬ ਸਮੇਤ ਹੋਰ ਵੱਖ ਵੱਖ ਸੋਸ਼ਲੀ ਮੀਡੀਆ ਦੇ ਮਾਧਿਅਮ ਰਾਹੀਂ ਇਸ ਰੈਲੀ ਨੂੰ ਦੇਖਿਆ ਅਤੇ ਸੀਨੀਅਰ ਭਾਜਪਾ ਆਗੂਆਂ ਦੇ ਵਿਚਾਰ ਸੁਣੇ। ਉਹਨਾਂ ਦੱਸਿਆ ਕਿ ਇਸ ਵਰਚੁਅਲ ਰੈਲੀ ਦੌਰਾਨ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਭਾਜਪਾ ਦੇ ਉਪ ਪ੍ਰਧਾਨ ਪ੍ਰਭਾਤ ਝਾਅ ਤੋਂ ਇਲਾਵਾ ਇਸ ਰੈਲੀ ਦੇ ਮੁੱਖ ਬੁਲਾਰੇ ਨਰਿੰਦਰ ਸਿੰਘ ਤੋਮਰ ਕੇਂਦਰੀ ਖੇਤੀ ਅਤੇ ਵਿਗਿਆਨ ਕਲਿਆਣ, ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਨੇ ਆਪਣੇ ਵਢਮੁੱਲੇ ਵਿਚਾਰ ਰੱਖਦੇ ਹੋਏ ਜਿੱਥੇ ਮੋਦੀ ਸਰਕਾਰ ਦੀ ਦੂਸਰੀ ਪਾਰੀ ਦੇ ਪਹਿਲੇ ਸਾਲ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਇਆ ਉੱਥੇ ਹੀ ਕਾਂਗਰਸ ਪਾਰਟੀ ਵਲੋਂ ਲੋਕਾਂ ਨੂੰ ਗੁਮਰਾਹ ਕਰਨ ਵਾਲੀ ਬਿਆਨਬਾਜੀ ਬਾਰੇ ਵੀ ਸੂਬੇ ਦੇ ਲੋਕਾਂ ਨੂੰ ਦੱਸਿਆ। ਇਸ ਮੌਕੇ ਉਹਨਾਂ ਦੇ ਨਾਲ ਅਰੁਣ ਸ਼ਰਮਾ ਅਤੇ ਆਸ਼ੂ ਪੁਰੀ ਆਦਿ ਨੇ ਵੀ ਪੰਜਾਬ ਅਤੇ ਕੇਂਦਰ ਦੀ ਸੀਨੀਅਰ ਭਾਜਪਾ ਲੀਡਰਸ਼ਿਪ ਦੇ ਵਿਚਾਰ ਸੋਸ਼ਲ ਮੀਡੀਆ ਰਾਹੀਂ ਸੁਣੇ।







ਕੌਮਾਂਤਰੀ ਯੋਗਾ ਦਿਵਸ ਨੂੰ ਮਨਾਉਣ ਲਈ ਖੁਦ ਯੋਗਾ ਕਰਕੇ ਇਸ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ ਪੰਜਾਬ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਦੇ ਸੂਬਾ ਉਪ ਪ੍ਰਧਾਨ ਰਾਜੇਸ਼ ਬਾਘਾ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# 'ਵੋਮੈਨ'ਜ਼ ਫੁੱਟਬਾਲ ਵਰਲਡ ਕੱਪ-2023' ਨਿਊਜ਼ੀਲੈਂਡ ਦੇ ਵੀ ਆ ਗਿਆ ਹਿੱਸੇ-ਦਰਜਨਾਂ ਟੀਮਾਂ ਪਹੁੰਚਣਗੀਆਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-2023 ਦੇ ਵਿਚ ਹੋਣ ਵਾਲਾ 'ਵੋਮੈਨ'ਜ ਫੁੱਟਬਾਲ ਵਰਲਡ ਕੱਪ' ਬੀਤੇ ਕੱਲ੍ਹ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੀ ਝੋਲੀ ਪੈ ਗਿਆ ਹੈ, ਜਿਸ ਕਰਕੇ ਇਥੇ ਦੇ ਖੇਡ ਪ੍ਰੇਮੀਆਂ ਵਿਚ ਖੁਸ਼ੀ ਦੀ ਲਹਿਰ ਹੈ। ਦੋਵਾਂ ਮੁਲਕਾਂ ਦੇ ਵਿਚ ਇਹ ਕੱਪ ਸਾਂਝੇ ਰੂਪ ਵਿਚ ਕਰਵਾਇਆ ਜਾਵੇਗਾ ਤੇ ਅਰਥਚਾਰੇ ਨੂੰ ਵੱਡੀ ਸਹਾਇਤਾ ਮਿਲੇਗੀ। ਇਸ ਵਿਸ਼ਵ ਕੱਪ ਉਤੇ ਕੋਲੰਬੀਆ ਦੇਸ਼ ਵੀ ਆਪਣਾ ਦਾਅਵਾ ਪੇਸ਼ ਕਰ ਰਿਹਾ ਸੀ, ਪਰ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਹਿੱਸੇ ਜਿਆਦਾ ਵੋਟਾਂ ਆਈਆਂ ਅਤੇ ਇਹ ਦੋਵੇਂ ਦੇਸ਼ ਮੇਜ਼ਵਾਨ ਬਣ ਗਏ। ਫੀਫਾ ਦੇ ਕੁੱਲ 37 ਮੈਂਬਰਾਂ ਨੇ ਵੋਟ ਪਾਉਣੀ ਸੀ ਪਰ 35 ਵੋਟਾਂ ਹੀ ਪਈਆਂ। ਨਿਊਜ਼ੀਲੈਂਡ-ਆਸਟਰੇਲੀਆ ਨੇ 5 ਤਕਨੀਕੀ ਨੰਬਰਾਂ ਵਿਚੋਂ 4.1 ਨੰਬਰ ਹਾਸਿਲ ਕੀਤੇ ਸਨ। ਭਾਰਤ ਤੋਂ ਫੀਫਾ ਕੌਂਸਿਲ ਮੈਂਬਰ ਅਤੇ ਕਾਂਗਰਸੀ ਰਾਜ ਸਭਾ ਮੈਂਬਰ ਸ੍ਰੀ ਪ੍ਰਾਫੁੱਲ ਪਟੇਲ ਨੇ ਵੀ ਆਸਟਰੇਲੀਆ ਨਿਊਜ਼ੀਲੈਂਡ ਦੇ ਹੱਕ ਵਿਚ ਵੋਟ ਪਾਈ। 'ਸਵਾਦ' ਨਾਂਅ ਦੇ ਨਮਕੀਨ ਵੀ ਇਨ੍ਹਾਂ ਦੀ ਕੰਪਨੀ ਹੀ ਵੇਚਦੀ ਹੈ। ਅਮਰੀਕਾ ਦੇ ਵਿਚ ਸੌਕਰ ਫੈਡਰੇਸ਼ਨ ਦੇ 12 ਸਾਲ ਪ੍ਰਧਾਨ ਰਹੇ ਅਤੇ ਫੀਫਾ ਕੌਂਸਿਲ ਦੇ ਮੈਂਬਰ ਸ੍ਰੀ ਸੁਨੀਲ ਗੁਲਾਟੀ (ਅਲਾਹਾਬਾਦ ਨਾਲ ਪਿਛੋਕੜ) ਨੇ ਵੀ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਵਿਚ ਵੋਮੈਨ ਵਰਲਡ ਕੱਪ ਕਰਵਾਉਣ ਲਈ ਆਪਣੀ ਵੋਟ ਪਾਈ। ਫੀਜ਼ੀ ਮੂਲ ਦੇ ਫੀਫਾ ਕੌਂਸਿਲ ਮੈਂਬਰ ਰਾਜੇਸ਼ ਪਟੇਲ ਨੇ ਵੀ ਆਸਟਰੇਲੀਆ-ਨਿਊਜ਼ੀਲੈਂਡ ਲਈ ਵੋਟ ਪਾਈ।




ਭਾਰਤ ਦੇ ਵਿਚ ਕੁੜੀਆਂ ਦੇ ਫੁੱਟਬਾਲ ਦੀ ਪਨੀਰੀ 1970 ਦੇ ਵਿਚ ਬੀਜੀ ਗਈ ਗਈ, ਜੋ ਸਮਾਂ ਪਾ ਕੇ ਅੰਤਰਰਾਸ਼ਟਰੀ ਪੱਧਰ ਉਤੇ ਤਾਂ ਪਹੁੰਚੀ ਪਰ ਅਜੇ ਤੱਕ ਫੀਫਾ ਵਿਸ਼ਵ ਕੱਪ ਵਾਸਤੇ ਕੁਆਲੀਫਾਈ ਨਹੀਂ ਕਰ ਸਕੀ। ਏ. ਐਫ. ਸੀ. ਵੋਮੈਨ'ਜ ਏਸ਼ੀਅਨ ਕੱਪ ਦੇ ਵਿਚ ਜਰੂਰ ਭਾਰਤ ਦੀਆਂ ਕੁੜੀਆਂ ਦੀ ਫੁੱਟਬਾਲ ਟੀਮ 1979 ਦੇ ਵਿਚ ਦੂਜੇ ਨੰਬਰ, 1981 ਦੇ ਵਿਚ ਤੀਜੇ ਨੰਬਰ ਅਤੇ 1983 ਦੇ ਵਿਚ ਫਿਰ ਦੂਜੇ ਨੰਬਰ ਉਤੇ ਰਹੀ। ਇਸ ਤੋਂ ਬਾਅਦ ਉਨ੍ਹਾਂ ਜਾਂ ਤਾਂ ਭਾਗ ਨਹੀਂ ਲਿਆ ਜਾਂ ਫਿਰ ਕੁਆਲੀਫਾਈ ਨਹੀਂ ਕਰ ਸਕੀਆਂ। ਹੁਣ 2022 ਦੇ ਵਿਚ ਇੰਡੀਆ 'ਚ ਕੱਪ ਹੋਣਾ ਹੈ ਅਤੇ ਦੁਬਾਰਾ ਖੇਡਣਗੀਆਂ। ਭਾਰਤੀ ਕੁੜੀਆਂ ਦਾ ਵਿਸ਼ਵ ਰੈਂਕਿੰਗ ਦੇ ਵਿਚ ਇਸ ਵੇਲੇ 55 ਦੇ ਕਰੀਬ ਨੰਬਰ ਹੈ। ਇਸ ਟੀਮ ਨੂੰ 'ਬਲੂ ਟਾਈਗ੍ਰੈਸਸ' (ਨੀਲੇ ਰੰਗ ਦੀਆਂ ਸ਼ੇਰਨੀਆ) ਕਿਹਾ ਜਾਂਦਾ ਹੈ। ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਸਾਰਾ ਪ੍ਰਬੰਧਨ ਕਰਦੀ ਹੈ ਤੇ ਇਹ ਏਸ਼ੀਆ ਕੰਨਫੈਡਰੇਸ਼ਨ ਦੀ ਮੈਂਬਰ ਹੈ। ਟੀਮ ਦੀ ਕੈਪਟਨ ਲੋਇਟੋਂਗਬਾਮ ਅਸ਼ਲਾਟਾ ਦੇਵੀ (ਮਨੀਪੁਰ) ਹੈ। ਸੋ 2023 ਦੇ ਵਿਚ ਨਿਕੇ ਜਿਹੇ ਦੇਸ਼ ਨਿਊਜ਼ੀਲੈਂਡ ਦੇ ਵਿਚ ਵੱਡੇ ਮੁਕਾਬਲੇ ਹੋਣਗੇ।

# ਖਾੜੀ ਦੇਸ਼ਾਂ ਵਿਚ ਫਸੇ ਪੰਜਾਬੀਆਂ ਦੀ ਦੁਰਦਸ਼ਾ ਲਈ ਸੂਬੇ ਦੇ ਕਾਂਗਰਸ ਅਤੇ ਕੇਂਦਰ ਦੀ ਅਕਾਲੀ ਭਾਜਪਾ ਸਰਕਾਰ ਜ਼ਿੰਮੇਵਾਰ- ਬਸਪਾ ਪੰਜਾਬ

ਵੀਡਿਓ ਕਾਨਫਰੰਸ ਰਾਹੀਂ ਅਤੇ ਕੁਵੈਤ ਦੇ ਐਨ.ਆਰ.ਆਈ ਪੰਜਾਬੀਆਂ ਵਲੋਂ ਬਸਪਾ ਪੰਜਾਬ ਕੋਲ ਕੇਂਦਰ ਦੀ ਅਕਾਲੀ ਭਾਜਪਾ ਸਰਕਾਰ ਅਤੇ ਸੂਬੇ ਦੀ ਕਾਂਗਰਸ ਸਰਕਾਰ ਵਲੋਂ ਅਪਣਾਏ ਰੁੱਖੇ ਵਤੀਰੇ ਦੇ ਦੁੱਖੜੇ ਦਸੇ। ਬੀ ਆਰ ਅੰਬੇਡਕਰ ਸਭਾ ਕੁਵੈਤ ਤੋਂ ਆਗੂ ਸ਼੍ਰੀ ਜਗਬੀਰ ਦਿਹਾਣਾ ਨੇ 100 ਤੋ ਜਿਆਦਾ ਫਸੇ ਪੰਜਾਬੀਆਂ ਨਾਲ ਵੀਡਿਓ ਕਾਨਫਰੰਸ ਰਾਹੀਂ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨਾਲ ਮੁਲਾਕਾਤ ਕਰਵਾਈ। ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੂੰ ਜਾਰੀ ਬਿਆਨ ਵਿਚ ਕਿਹਾ ਬਸਪਾ ਪੰਜਾਬ ਵੱਲੋਂ ਸੂਬੇ ਦੀ ਕਾਂਗਰਸ ਅਤੇ ਕੇਂਦਰ ਦੀ ਅਕਾਲੀ ਭਾਜਪਾ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੋਰੋਨਾ ਮਹਾਮਾਰੀ ਦੇ ਮਦੇਨਜ਼ਰ ਕੁਵੈਤ ਅਤੇ ਦੁਬੱਈ ਦੇ ਪੰਜਾਬੀਆਂ ਨੂੰ ਤੁਰੰਤ ਏਅਰ ਲਿਫਟ ਕੀਤਾ ਜਾਵੇ ਅਤੇ ਨਾਲ ਹੀ ਸਸਤੀ ਏਅਰਲਾਈਨ ਮੁਹੱਈਆਂ ਕਰਵਾਈ ਜਾਵੇ। ਓਹਨਾ ਦਾਵਾ ਕੀਤਾ ਕਿ ਬਸਪਾ ਪੰਜਾਬ ਕੋਲ ਸੂਚਨਾ ਹੈ ਕਿ ਪੰਜਾਹ ਹਜ਼ਾਰ ਤੋਂ ਜਿਆਦਾ ਐਨ.ਆਰ.ਆਈ ਪੰਜਾਬੀ ਕੁਵੈਤ ਤੇ ਦੁਬੱਈ ਦੇ ਖਾੜੀ ਦੇਸ਼ਾਂ ਵਿਚ ਕੰਮਕਾਜ ਤੋ ਵਿਹਲੇ ਪਿਛਲੇ ਤਿੰਨ ਮਹੀਨਿਆਂ ਤੋਂ ਫਸੇ ਹੋਏ ਹਨ ਅਤੇ ਪੰਜਾਬ ਤੋ ਪੈਸਾ ਮੰਗਵਾਕੇ ਖਰਚਾ ਕਰ ਰਹੇ ਹਨ। ਇਕ ਪੰਜਾਬੀ ਨੇ ਦੁਖੜਾ ਰੋਂਦੇ ਦਸਿਆ ਹੈ ਕਿ ਦੋ ਮਹੀਨਿਆਂ ਤੋਂ ਬਿਮਾਰ ਹੈ ਅਤੇ ਕੋਈ ਵੀ ਦਵਾ ਦਾਰੂ ਉਪਲਬਧ ਨਹੀਂ ਹੈ। ਜੇਕਰ ਪੰਜਾਬੀ ਕਿਸੀ ਲੋੜ ਲਈ ਆਪਣੇ ਕੈਂਪਾ ਤੋ ਬਾਹਰ ਨਿਕਲਦੇ ਹਨ ਤਾਂ ਕੁਵੈਤ ਤੇ ਦੁਬਈ ਪੁਲਿਸ ਭਾਰੀ ਜੁਰਮਾਨਾ ਕਰਦੀ ਹੈ। ਇਹ ਵੀਡੀਉ ਕਾਨਫਰੰਸ ਕੁਵੈਤ ਦੇ ਜਲੀਬਸਾਬੀ ਸਹਿਰ ਵਿੱਚ ਫਸੇ ਪੰਜਾਬੀਆਂ ਨਾਲ ਬਸਪਾ ਦੇ ਸੂਬਾ ਪ੍ਰਧਾਨ ਨੇ ਕੀਤੀ ਹੈ। ਹਾਲਾਂਕਿ ਕੁਵੈਤ ਸਰਕਾਰ ਨੇ ਤਾਂ ਵਾਪਸੀ ਲਈ ਏਅਰ ਟਿਕਟਾਂ ਤਕ ਫ੍ਰੀ ਕਰ ਦਿੱਤੀਆਂ ਹਨ, ਫਸੇ ਪੰਜਾਬੀਆਂ ਨੂੰ ਜਿਊਂਦੇ ਰਹਿਣ ਜੋਗਾ ਖਾਣ ਪੀਣ ਦਾ ਪ੍ਰਬੰਧ ਕੀਤਾ ਹੈ। ਇਥੋਂ ਤਕ ਕਿ ਕੁਵੈਤ ਸਰਕਾਰ ਨੇ ਗੈਰਕਾਨੂੰਨੀ ਪੰਜਾਬੀਆਂ ਨੂੰ ਚਿੱਟੇ ਰੰਗ ਦੇ ਪਾਸਪੋਰਟ ਬਿਨਾ ਕਿਸੀ ਸਜਾ ਜੁਰਮਾਨੇ ਤੋਂ ਜਾਰੀ ਕੀਤੇ ਹਨ। ਮਨੁੱਖਤਾ ਦੇ ਨਜਰੀਏ ਤੋਂ ਕੁਵੈਤ ਸਰਕਾਰ ਨੇ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ, ਜਿਹਨਾਂ ਦੀ ਬਸਪਾ ਪੰਜਾਬ ਨੇ ਸਲਾਘਾ ਕੀਤੀ ਹੈ। ਲੇਕਿਨ ਭਾਰਤੀ ਐਂਬੰਸੀ ਦਾ ਰੋਲ ਇੰਨਾ ਮਾੜਾ ਹੈ ਕਿ ਪੰਜਾਬੀਆਂ ਦੇ ਫੋਨ ਵੀ ਚੁੱਕੇ ਨਹੀਂ ਜਾਂਦੇ, ਜਾਂ ਬੇਰੁਖੀ ਭਰੇ ਉੱਤਰ ਐਂਬੰਸੀ ਤੋਂ ਮਿਲਦੇ ਹਨ। ਪੰਜਾਬ ਸਰਕਾਰ ਦਾ ਇੰਨਾ ਨਿਕੰਮਾਪਨ ਹੈ ਕਿ ਹੋਰ ਸੂਬਿਆ ਦੇ ਫਸੇ ਭਾਰਤੀ ਖਾੜੀ ਦੇਸ਼ਾ ਤੋਂ ਸੰਬੰਧਿਤ ਸੂਬਿਆ ਦੀਆਂ ਸਰਕਾਰਾਂ ਏਅਰ ਲਿਫਟ ਕਰਵਾਕੇ ਆਪਣੇ ਨਾਗਰਿਕਾਂ ਨੂੰ ਵਾਪਿਸ ਲਿਜਾ ਰਹੀਆਂ ਹਨ। ਜਦੋਂਕਿ ਪੰਜਾਬ ਸਰਕਾਰ ਘੂਕ ਸੁੱਤੀ ਪਈ ਹੈ। ਪੰਜਾਬ ਸਰਕਾਰ ਨੂੰ ਬਸਪਾ ਵਲੋਂ ਬੇਨਤੀ ਕਰਦਿਆ ਕਿਹਾ ਕਿ ਮਾਨਵਤਾ ਅਤੇ ਜਿੰਮੇਵਾਰੀ ਦੇ ਨਜਰੀਏ ਤੋਂ ਪੰਜਾਬ ਸਰਕਾਰ ਤੁਰੰਤ ਖਾੜੀ ਦੇਸ਼ਾਂ ਵਿਚ ਫਸੇ ਪੰਜਾਬੀਆਂ ਦੀ ਸਕੁਸ਼ਲ ਵਾਪਸੀ ਦਾ ਪ੍ਰਬੰਧ ਕਰੇ। ਇਸ ਮੌਕੇ ਸੈਂਕੜੇ ਪੰਜਾਬੀਆਂ ਨਾਲ ਸ਼੍ਰੀ ਹਰਜਿੰਦਰ ਕੁਮਾਰ ਯੂ ਐਸ ਏ, ਸ਼੍ਰੀ ਕੁਲਦੀਪ ਸਿੰਘ ਕਨੇਡਾ ਵੀ ਵੀਡਿਓ ਕਾਨਫਰੰਸ ਵਿਚ ਮੌਜੂਦ ਸਨ।





# ਹਰ ਰੋਜ਼ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧਾ ਕੇਂਦਰ ਤੇ ਸੂਬਾ ਸਰਕਾਰਾਂ ਦੀ ਨਾਕਾਮੀ- ਜਸਬੀਰ ਸਿੰਘ ਗੜ੍ਹੀ

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਨੇ ਕੇਂਦਰ ਸਰਕਾਰ ਵੱਲੋਂ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਹਰ ਰੋਜ਼ ਹੁੰਦੇ ਵਾਧੇ ਲਈ ਕੇਂਦਰ ਦੀ ਮੋਦੀ ਸਰਕਾਰ ਤੇ ਸੂਬਾ ਕਾਂਗਰਸ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਕੀਮਤਾਂ ਵਿੱਚ ਵਾਧੇ ਦਾ ਬੁਨਿਆਦੀ ਕਾਰਨ ਕੇਂਦਰੀ ਸਰਕਾਰ ਦੁਆਰਾ ਲਏ ਗਏ ਨੋਟਬੰਦੀ, ਜੀਐਸਟੀ ਸਬੰਧੀ ਫੈਸਲੇ ਅਤੇ ਦੂਰਦਰਸ਼ਿਤਾ ਦੀ ਘਾਟ ਜ਼ਿੰਮੇਵਾਰ ਹਨ , ਜਿਸ ਕਾਰਨ ਜੂਨ ਮਹੀਨੇ ਵਿੱਚ ਹੀ ਅਠਾਰਾਂ ਵਾਰ ਡੀਜ਼ਲ ਦੀ ਕੀਮਤ ਵਧ ਚੁੱਕੀ ਹੈ। ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਲਈ ਕੇਂਦਰ ਦੀ ਐਨਡੀਏ ਸਰਕਾਰ ਨੂੰ ਸਮੇਂ- ਸਮੇਂ ਤੇ ਅਗਾਹ ਕੀਤਾ ਪਰ ਇਨ੍ਹਾਂ ਸਰਕਾਰਾਂ ਦੇ ਕੰਨ ਤੇ ਜੂੰ ਨਹੀਂ ਸਰਕੀ । ਉਨ੍ਹਾਂ ਕਿਹਾ ਕਿ ਨੋਟਬੰਦੀ ਦੇ ਫੈਸਲੇ ਨੇ ਦੇਸ਼ ਦੇ ਅਰਥਚਾਰੇ ਨੂੰ ਤਬਾਹ ਕਰ ਦਿੱਤਾ ਅਤੇ ਜੀਐਸਟੀ ਨੂੰ ਬਿਨਾਂ ਤਿਆਰੀ ਦੇ ਲਾਗੂ ਕੀਤੇ ਜਾਣ ਕਾਰਨ ਕੇਂਦਰ ਨੇ ਸੂਬਾ ਸਰਕਾਰਾਂ ਨੂੰ ਹੋਰ ਮੁਸ਼ਕਿਲਾਂ ਵਿੱਚ ਪਾ ਦਿੱਤਾ । ਕੇਂਦਰ ਸਰਕਾਰ ਆਪਣੀਆ ਗ਼ਲਤ ਨੀਤੀਆਂ ਕਾਰਨ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਸਾਰਥਿਕ ਕਦਮ ਚੁੱਕਣ ਦੀ ਥਾਂ ਸਾਰਾ ਜ਼ੋਰ ਪੈਟਰੋਲ ਤੇ ਡੀਜ਼ਲ ਤੇ ਟੈਕਸ ਲਾ ਆਪਣਾ ਖਜ਼ਾਨਾ ਭਰਨ ਵਿੱਚ ਰੁੱਝੀ ਹੋਈ ਹੈ। ਸੂਬਾ ਪ੍ਰਧਾਨ ਸਰਦਾਰ ਗੜ੍ਹੀ ਨੇ ਦੱਸਿਆ ਕਿ ਕੇਂਦਰ ਵਿੱਚ ਮੋਦੀ ਸਰਕਾਰ ਦੇ ਤਾਕਤ ਵਿੱਚ ਆਉਣ ਤੋਂ ਬਾਅਦ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਕੀਮਤਾਂ ਤੇਜ਼ੀ ਨਾਲ ਘਟੀਆਂ ਪਰ ਉਨ੍ਹਾਂ ਦਾ ਫਾਇਦਾ ਲੋਕਾਂ ਤੱਕ ਨਾ ਪਹੁੰਚਿਆ ਕਿਉਂਕਿ ਕੇਂਦਰ ਸਰਕਾਰ ਨੇ ਆਬਕਾਰੀ ਕਰ ਤੇ ਸੂਬਿਆਂ ਨੇ ਵੈਟ ਟੈਕਸ ਵਧਾ ਦਿੱਤੇ ਇਸ ਲਈ ਘਟੀਆਂ ਕੀਮਤਾਂ ਦਾ ਫਾਇਦਾ ਕਦੀ ਵੀ ਆਮ ਜਨਤਾ ਨੂੰ ਨਹੀਂ ਪਹੁੰਚਿਆ। ਕੌਮਾਂਤਰੀ ਮੰਡੀ ਵਿਚ 2014 ਵਿਚ ਜਦੋਂ 108ਡਾਲਰ ਪ੍ਰਤੀ ਬੈਰਲ ਤੇਲ ਦੀ ਕੀਮਤ ਸੀ ਤਾਂ ਦੇਸ਼ਵਾਸੀਆਂ ਨੂੰ 65 ਰੁਪਏ ਲੀਟਰ ਕੀਮਤ ਉਪਰ ਤੇਲ ਮਿਲਦਾ ਸੀ, ਹੁਣ ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦੀ ਕਿਸੇ 22ਡਾਲਰ ਤੋ ਵਧਕੇ 40ਡਾਲਰ ਪੁੱਜੀ ਹੈ, ਪਰ ਹੁਣ ਰੋਜ ਹੀ ਤੇਲ ਦੀ ਕੀਮਤ ਭਾਜਪਾ ਸਰਕਾਰ ਵਿਚ ਵਧ ਰਹੀ ਹੈ। ਜੇਕਰ ਖਪਤਕਾਰ ਨੂੰ ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦੀ ਵਧੀ ਕੀਮਤ ਉਪਰ ਵਧ ਕੀਮਤ ਉਤਾਰਨੀ ਪੈਂਦੀ ਹੈ ਤਾਂ ਕੌਮਾਂਤਰੀ ਮੰਡੀ ਵਿੱਚ ਘਟੇ ਰੇਟਾਂ ਉਪਰ ਖਪਤਕਾਰ ਨੂੰ ਪੇਟ੍ਰੋਲਿਯਮ ਪਦਾਰਥਾਂ ਦੀਆ ਘੱਟ ਕੀਮਤਾਂ ਦਾ ਲਾਭ ਸਰਕਾਰ ਕਿਉਂ ਨਹੀਂ ਦੇਂਦੀ। ਉਨ੍ਹਾਂ ਪੰਜਾਬ ਕਾਂਗਰਸ ਸਰਕਾਰ ਨੂੰ ਪੈਟਰੋਲ ਤੇ ਡੀਜ਼ਲ ਤੇ ਲੱਗਦੇ ਵੈਟ ਟੈਕਸ ਨੂੰ ਘਟਾ ਕੇ ਸੂਬੇ ਦੇ ਲੋਕਾਂ ਨੂੰ ਰਾਹਤ ਦੇਣ ਲਈ ਅਪੀਲ ਕੀਤੀ ਤਾਂ ਜੋ ਆਮ ਖਪਤਕਾਰਾ, ਕਿਸਾਨਾਂ ਤੇ ਮਜ਼ਦੂਰਾਂ ਉਪਰ ਹੋਰ ਬੋਝ ਨਾ ਪਵੇ ਅਤੇ ਮਹਿੰਗਾਈ ਨੂੰ ਵੀ ਠੱਲ੍ਹ ਪਾਈ ਜਾ ਸਕੇ।

ਸੂਬਾ ਪ੍ਰਧਾਨ ਨੇ ਅਕਾਲੀਆਂ ਉਪਰ ਵਰਦਿਆਂ ਉਨ੍ਹਾਂ ਸੁਖਬੀਰ ਬਾਦਲ ਨੂੰ ਸੁਝਾਅ ਦਿੱਤਾ ਕਿ ਆਪਣੀ ਪਾਰਟੀ ਦੀ ਕੇਂਦਰੀ ਮੰਤਰੀ ਨੂੰ ਇਸ ਮਸਲੇ ਦੇ ਹੱਲ ਲਈ ਕੇਂਦਰ ਵਿੱਚ ਦਖ਼ਲ ਦੇਣ ਲਈ ਕਹਿਣ ਜਾਂ ਆਪਣੀ ਪਾਰਟੀ ਦਾ ਇਸ ਮਸਲੇ ਤੇ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਲ

## ਕਾਂਗਰਸ ਸਰਕਾਰ ਛੇਵਾਂ ਤਨਖ਼ਾਹ ਕਮਿਸ਼ਨ ਮੁਲਾਜ਼ਮ ਨੂੰ ਦੇਣ ਤੋਂ ਇਨਕਾਰੀ- ਗੜ੍ਹੀ

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਅੱਜ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦੇ ਹੋਏ ਪੰਜਾਬ ਸਰਕਾਰ ਦੀ ਨਿਖੇਧੀ ਕਰਦੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਅਨੁਸਾਰ ਛੇਵਾਂ ਤਨਖਾਹ ਕਮਿਸ਼ਨ ਸਰਕਾਰ ਬਣਦਿਆਂ ਹੀ ਲਾਗੂ ਕਰਨ ਦੇ ਵਾਅਦੇ ਤੋਂ ਇੱਕ ਵਾਰ ਫਿਰ ਇਨਕਾਰੀ ਹੋ ਗਈ ਹੈ , ਸਰਕਾਰ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਵਿੱਚੋਂ ਅਹਿਮ ਛੇਵਾਂ ਤਨਖਾਹ ਕਮਿਸ਼ਨ ਅਗਲੇ ਛੇ ਮਹੀਨਿਆਂ ਲਈ ਹੋਰ ਲਟਕਾ ਦਿੱਤਾ ਹੈ ਉਨ੍ਹਾਂ ਦੱਸਿਆ ਕਿ ਇਸੇ ਸਾਲ ਫਰਵਰੀ ਵਾਲੇ ਬਜਟ ਸੈਸ਼ਨ ਵਿਚ ਸਰਕਾਰ ਨੇ ਜੂਨ ਤੱਕ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਇਸ ਦੀ ਮਿਆਦ ਫਿਰ 31 ਦਸੰਬਰ ਤੱਕ ਵਧਾ ਦਿੱਤੀ ਹੈ ਜਿਸ ਤੋਂ ਸਰਕਾਰ ਦੀ ਮੁਲਾਜ਼ਮਾਂ ਨੂੰ ਤਨਖਾਹ ਕਮਿਸ਼ਨ ਦੀ ਰਿਪੋਰਟ ਨਾ ਦੇਣ ਦੀ ਪ੍ਰਤੱਖ ਉਦਾਹਰਨ ਮਿਲਦੀ ਹੈ, ਉਨ੍ਹਾਂ ਮੁਲਾਜ਼ਮਾਂ ਦੇ ਵਿੱਤੀ ਲਾਭਾਂ ਸਮੇਤ ਉਹ ਪਿਛਲੇ ਕਈ ਮਹੀਨਿਆਂ ਤੋਂ ਦੱਬੇ ਹੋਏ ਡੀਏ ਦੇ ਬਕਾਇਆ ਪ੍ਰਤੀ ਸਰਕਾਰ ਤੇ ਵਿੱਤ ਮੰਤਰੀ ਨੂੰ ਸਥਿਤੀ ਸਪੱਸ਼ਟ ਕਰਨ ਲਈ ਵੰਗਾਰਿਆ ਅਤੇ ਇਸ ਕਰੋਨਾ ਮਹਾਂਮਾਰੀ ਦੇ ਸਮੇਂ ਵੀ ਪੇਂਡੂ ਫਾਰਮਾਸਿਸਟਾਂ ਤੇ ਨਰਸਾਂ ਦੇ ਆਪਣੀਆਂ ਨੌਕਰੀਆਂ ਨੂੰ ਪੱਕਾ ਕਰਨ ਲਈ ਚੱਲ ਰਹੇ ਸੰਘਰਸ਼ ਨੂੰ ਹਮਾਇਤ ਦਿੱਤੀ ਤੇ ਪੰਜਾਬ ਸਰਕਾਰ ਨੂੰ ਸੁਹਿਰਦਤਾ ਨਾਲ ਇਸ ਮਸਲੇ ਨੂੰ ਹੱਲ ਕਰਨ ਦੀ ਨਸੀਹਤ ਦਿੱਤੀ । ਓਹਨਾ ਪੂਰੇ ਪੰਜਾਬ ਵਾਸੀਆਂ ਤੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਜੇ ਪੰਜਾਬ ਦੀ ਜਨਤਾ 2022 ਵਿੱਚ ਬਹੁਜਨ ਸਮਾਜ ਸਮਾਜ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਵੇ ਤਾਂ ਪੰਜਾਬ ਦੇ ਮੁਲਾਜ਼ਮਾਂ ਦੇ ਮਸਲੇ ਪਹਿਲੇ 100 ਦਿਨਾਂ ਵਿੱਚ ਹੀ ਹੱਲ ਕਰਨ ਦਾ ਵਾਅਦਾ ਕਰਦੀ ਹੈ।

ਬਹੁਜਨ ਸਮਾਜ ਪਾਰਟੀ ਦੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਕਾਂਗਰਸ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ 2017 ਦੀਆਂ ਚੋਣਾਂ ਚ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਨੂੰ ਮੁੜ ਸੁਰਜੀਤ ਕਰਨ ਦਾ ਦਾਅਵਾ ਕਰਨ ਵਾਲੀ ਕਾਂਗਰਸ ਸਰਕਾਰ ਨੇ ਪਹਿਲਾਂ ਇਸ ਨੂੰ ਬੰਦ ਕਰ ਦਿੱਤਾ ਅਤੇ ਹੁਣ ਗੁਰੂ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਦੇ ਵਰ੍ਹੇ ਵਿੱਚ ਇਸ ਦੀ 1764 ਏਕੜ ਜ਼ਮੀਨ ਨੂੰ ਨਿਲਾਮ ਕਰ ਪੁੱਡਾ ਦੇ ਹੱਥਾਂ ਵਿੱਚ ਸੌਂਪਣ ਦੇ ਰਾਹ ਪਈ ਹੋਈ ਹੈ।

BERKSHIRE HATHAWAY
BH HS BERKSHIRE HATHAWAY HOMESERVICES
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਪਾਕਿਸਤਾਨ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਤੇ ਕਰਤਾਰਪੁਰ ਕੋਰੀਡੋਰ ਦੁਬਾਰਾ ਖੋਲਣ ਦਾ ਐਲਾਨ- ਮਹਿਮੂਦ ਕੁਰੈਸ਼ੀ

## ਵਿਦੇਸ਼ ਮੰਤਰੀ ਭਾਰਤ ਸਰਕਾਰ ਨੂੰ ਕਰਤਾਰਪੁਰ ਕੋਰੀਡੋਰ ਖੋਲ੍ਹ ਦੇਣਾ ਚਾਹੀਦੈ : ਸਿੱਖਸ ਆਫ ਅਮਰੀਕਾ

**ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ) –** ਕੋਰੋਨਾਵਾਇਰਸ ਦੀ ਮਹਾਮਾਰੀ ਕਾਰਨ ਭਾਰਤ ਤੇ ਪਾਕਿਸਤਾਨ ਨੇ ਆਰਜ਼ੀ ਤੌਰ ਤੇ ਕਰਤਾਰਪੁਰ ਕੋਰੀਡੋਰ ਬੰਦ ਕਰ ਦਿੱਤਾ ਸੀ। ਹੁਣ ਜਦੋਂ ਸੰਸਾਰ ਦੀ ਆਰਥਿਕ ਮੰਦੀ ਨੂੰ ਦੇਖਦੇ ਹੋਏ ਸਾਰੇ ਮੁਲਕ ਹੀ ਸਾਵਧਾਨੀਆਂ ਵਰਤਣ ਉਪਰੰਤ ਖੋਲ੍ਹ ਰਹੇ ਹਨ ਤਾਂ ਭਾਰਤ ਨੂੰ ਵੀ ਕਰਤਾਰਪੁਰ ਕੋਰੀਡੋਰ ਖੋਲ੍ਹਣਾ ਚਾਹੀਦਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਮਹਿਮੂਦ ਕੁਰੇਸ਼ੀ ਨੇ ਕਿਹਾ ਹੈ ਕਿ ਉਹ ਕਰਤਾਰਪੁਰ ਕੋਰੀਡੋਰ ਖੋਲ੍ਹਣ ਲਈ ਤਿਆਰ ਹਨ। ਇਸ ਸਬੰਧੀ ਉਨ੍ਹਾਂ ਭਾਰਤ ਨੂੰ ਵੀ ਸੂਚਿਤ ਕਰ ਦਿੱਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 29 ਜੂਨ ਤੇ ਕਰਤਾਰਪੁਰ ਕੋਰੀਡੋਰ ਦਾ ਰਸਤਾ ਖੋਲ੍ਹਿਆ ਜਾਵੇਗਾ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਾਂਘੇ ਨੂੰ ਖੋਲਣ ਦਾ ਸਵਾਗਤ ਕੀਤਾ ਹੈ।

ਇਸ ਮੌਕੇ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖ ਸੰਗਤਾਂ ਦੀ ਭਾਵਨਾ ਦਾ ਖਿਆਲ ਰੱਖਦਿਆਂ ਕਰਤਾਰਪੁਰ ਕੋਰੀਡੋਰ ਖੋਲ੍ਹ ਦੇਣਾ ਚਾਹੀਦਾ ਹੈ, ਪਰ ਹਰ ਸ਼ਰਧਾਲੂ ਨੂੰ ਮੈਡੀਕਲ ਤੌਰ ਤੇ ਚੈਕ ਕੀਤਾ ਜਾਣਾ ਚਾਹੀਦਾ ਹੈ ,ਤਾਂ ਜੋ ਬਿਮਾਰੀ ਤੋਂ ਵੀ ਬਚਿਆ ਜਾਵੇ।








ਮਾਸਕ, ਸੈਨੇਟਾਈਜ਼ਰ ਤੇ ਸੋਸ਼ਲ ਡਿਸਟੈਂਸਿੰਗ ਦੀ ਪਾਲਣਾ ਜਰੂਰ ਕੀਤੀ ਜਾਵੇ, ਪੂਰੀਆ ਸਿਹਤ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਰਾਮ ਸਿੰਘ ਪਾਕਿਸਤਾਨ ਸੇਵਾ ਸੁਸਾਇਟੀ ਦੇ ਫਾਊਂਡਰ ਨੇ ਕਿਹਾ ਕਿ 16 ਮਾਰਚ ਨੂੰ ਭਾਰਤ ਵਲੋਂ ਕੋਰੀਡੋਰ ਬੰਦ ਕੀਤਾ ਗਿਆ ਸੀ। ਹੁਣ ਦੋਵਾਂ ਸਰਕਾਰਾਂ ਚਾਹੁੰਦੀਆਂ ਹਨ ਕਿ ਇਹ ਰਸਤਾ ਸੰਗਤਾਂ ਲਈ ਖੋਲ੍ਹਿਆ ਜਾਵੇ। ਰਾਮ ਸਿੰਘ ਨੇ ਕਿਹਾ ਕਿ ਸੈਨੇਟਾਈਜ਼ਰ, ਮਾਸਕ ਤੇ ਦੂਰੀ ਸਬੰਧੀ ਸੇਵਾਵਾਂ ਸਰਕਾਰ ਮੁਹੱਈਆ ਕਰੇਗੀ ਤਾਂ ਜੋ ਕਿਸੇ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਸਿੱਖਸ ਆਫ ਅਮਰੀਕਾ ਚਾਹੁੰਦਾ ਹੈ ਕਿ ਸਾਵਧਾ-ਨੀਆਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਦੋਵੇਂ ਸਰਕਾਰਾਂ ਸਖਤੀ ਨਾਲ ਪੇਸ਼ ਆਉਣ ਤੇ ਰਸਤਾ ਖੋਲ੍ਹ ਦੇਣ।ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੀ ਅਹਿਮੀਅਤ ਸਿੱਖਾਂ ਵਿੱਚ ਖ਼ਾਸ ਹੈ। ਜਿਸ ਤੇ ਪਾਕਿਸਤਾਨ ਦੀ ਸਰਕਾਰ ਨੇ ਪਹਿਲ ਕਦਮੀ ਕਰਦੇ ਹੋਏ ਰਸਤੇ ਨੂੰ ਦੁਬਾਰਾ ਸੰਗਤਾ ਲਈ ਖੋਲਣ ਦਾ ਫੈਸਲਾ ਲਿਆ ਹੈ। ਜੋ ਕਾਬਲੇ ਤਾਰੀਫ਼ ਹੈ। ਸੰਗਤਾ ਦੀਆ ਅਰਦਾਸਾਂ ਕਰੋਨਾ ਵਾਇਰਸ ਨੂੰ ਮਾਤ ਪਾਉਣ ਲਈ ਕਾਰਗਰ ਸਾਬਤ ਹੋਣਗੀਆਂ।

ਮਹਿਮੂਦ ਕੁਰੈਸ਼ੀ ਵਿਦੇਸ਼ ਮੰਤਰੀ ਪਾਕਿਸਤਾਨ ਦੇ ਫ਼ੈਸਲੇ ਦੀ ਹਰ ਪੱਖੋਂ ਤਾਰੀਫ਼ ਕੀਤੀ ਜਾ ਰਹੀ ਹੈ। ਸਾਜਿਦ ਤਰਾਰ ਦਾ ਕਹਿਣਾ ਹੈ ਕਿ ਧਾਰਮਿਕ ਥਾਂਵਾਂ ਦੀ ਆਸਥਾ ਮਨੁੱਖਤਾ ਦੇ ਭਲੇ ਲਈ ਹੈ। ਜਿਸ ਤੇ ਪਾਬੰਦੀਆਂ ਲਾਉਣਾ ਸਹੀ ਨਹੀਂ ਹੈ। ਉਹਨਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਦੂਰ-ਅੰਦੇਸ਼ੀ ਤੇ ਆਸਥਾ ਦਾ ਸਵਾਗਤ ਕੀਤਾ ਹੈ। ਮੋਦੀ ਸਰਕਾਰ ਨੂੰ ਇਸ ਤੇ ਸਹਿਮਤੀ ਪ੍ਰਗਟਾਉਣੀ ਚਾਹੀਦੀ ਹੈ। ਹੈਲਥ ਸਾਵਧਾਨੀਆਂ ਤੇ ਹੈਲਥ ਚੈੱਕ-ਅਪ ਨਾਲ ਕਰਤਾਰਪੁਰ ਕੋਰੀਡੋਰ ਦੀ ਆਵਾਜਾਈ ਖੋਲ ਦੇਣੀ ਚਾਹੀਦੀ ਹੈ। ਆਸ ਹੈ ਕਿ ਭਾਰਤ ਇਸ ਲਈ ਢੁਕਵੇਂ ਕਦਮ ਚੁੱਕ ਕੇ ਰਸਤੇ ਨੂੰ ਖੋਲ ਦੇਵੇਗਾ।

# ਗੁਰੂ ਰਵਿਦਾਸ ਪੁਰਾਤਨ ਮੰਦਰ ਤੁਗਲਕਾਬਾਦ ਦਿੱਲੀ ਦਾ ਕਬਜ਼ਾ ਮਿਲਣ 'ਤੇ ਸੰਗਤਾਂ 'ਚ ਖੁਸ਼ੀ ਦੀ ਲਹਿਰ



**ਬਹਿਰਾਮ –** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸ-ਾਇਟੀ ਰਜਿ: ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਦੱਸਿਆ ਕਿ 1509 ਈ: ਵਿਚ ਉਸ ਸਮੇਂ ਦੇ ਰਾਜਾ ਸਿੰਕਦਰ ਲੋਧੀ ਨੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੋਂ ਖੁਸ਼ ਹੋ ਕੇ ਤੁਗਲਕਾਬਾਦ ਦਿੱਲੀ ਵਿਖੇ ਜਮੀਨ ਉਨ੍ਹਾਂ ਦੇ ਨਾਂਅ ਲਗਵਾ ਦਿੱਤੀ ਸੀ, ਜਿਥੇ ਪੁਰਾਤਨ ਮੰਦਰ ਬਣਿਆ ਹੈ। ਕੁੱਝ ਸਮਾਂ ਪਹਿਲਾਂ ਦਿੱਲੀ ਡਿਵੈਲਪਮੈਂਟ ਅਥਾਰਟੀ ਵਲੋਂ ਅਦਾਲਤ ਦਾ ਸਹਾਰਾ ਲੈ ਕੇ ਉਕਤ ਮੰਦਰ ਢਾਹ ਕੇ ਮੰਦਰ ਦੀ ਜਮੀਨ 'ਤੇ ਕਬਜਾ ਕਰ ਲਿਆ ਸੀ । ਇਸ ਦੇ ਰੋਸ ਵਜੋਂ ਰਵਿਦਾਸੀਆ ਸਮਾਜ ਵਲੋਂ ਵਿਸ਼ਵ ਪੱਧਰ 'ਤੇ ਅੰਦੋਲਨ ਸ਼ੁਰੂ ਹੋਇਆ ਤੇ ਦਿੱਲੀ ਵਿਖੇ ਰਵਿਦਾਸੀਆ ਸਮਾਜ ਵਲੋਂ ਰਾਮਲੀਲਾ ਗਰਾਊਂਡ ਦਿੱਲੀ ਵਿਖੇ ਬਹੁਤ ਵੱਡਾ ਇੱਕਠ ਕੀਤਾ ਸੀ। ਮਾਣਯੋਗ ਅਦਾਲਤ ਨੇ ਭਾਰਤ ਸਰਕਾਰ ਅਤੇ ਡੀ. ਡੀ. ਏ ਨੂੰ ਉਪਰੋਕਤ ਮੰਦਰ ਦਾ ਕਬਜਾ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਸ਼ੰਘਰਸ਼ ਕਮੇਟੀ ਨੂੰ ਦੇਣ ਦੇ ਹੁਕਮ ਦਿੱਤੇ ਸਨ । ਉਨ੍ਹਾਂ ਹੁਕਮਾਂ ਅਨੁਸਾਰ ਡੀ. ਡੀ. ਏ ਵਲੋਂ ਉਹੀ ਦੀਵਾਰ ਤੋੜ ਕੇ ਸ਼ੰਘਰਸ਼ ਕਮੇਟੀ ਨੂੰ ਕਬਜਾ ਦੇ ਦਿੱਤਾ ਹੈ ।

ਇਸ ਮੌਕੇ ਸੰਤ ਭਰੋਮਜਾਰਾ ਨੇ ਹੋਰ ਕਿਹਾ ਕਿ ਇਸ ਕਾਰਜ ਲਈ ਸੰਤ ਮਹਾਂਪੁਰਸ਼, ਦੇਸ਼-ਵਿਦੇਸ਼ ਦੀਆਂ ਸੰਗਤਾਂ, ਵੱਖ-ਵੱਖ ਗੁਰੂ ਰਵਿਦਾਸ ਸਭਾਵਾਂ, ਸਿੱਖ ਜਥੇਬੰਦੀਆਂ, ਭਗਵਾਨ ਬਾਲਮੀਕਿ ਸਭਾਵਾਂ, ਡਾ. ਅੰਬੇਡਕਰ ਸੈਨਾ, ਗੁਰੂ ਰਵਿਦਾਸ ਟਾਇਗਰ ਫੋਰਸ, ਬਹੁਜਨ ਸਮਾਜ ਫਰੰਟ ਆਦਿ ਵਧਾਈ ਦੇ ਪਾਤਰ ਹਨ । ਇਸ ਮੌਕੇ ਚੇਅਰਮੈਨ ਸੰਤ ਮਹਿੰਦਰਪਾਲ ਪੰਡਵਾਂ, ਸੰਤ ਨਿਰਮਲ ਸਿੰਘ ਅਵਾਦਾਨ ਜਨਰਲ ਸਕੱਤਰ, ਕੈਸ਼ੀਅਰ ਸੰਤ ਜਸਵਿੰਦਰ ਸਿੰਘ ਡਾਂਡੀਆਂ, ਡਾ. ਸੰਤ ਲਛਮਣ ਦਾਸ ਭਰੋਮਜਾਰਾ, ਸੰਤ ਬੀਬੀ ਮੀਨਾ ਦੇਵੀ ਸਟੇਜ ਸਕੱਤਰ, ਸੰਤ ਗੁਰਦੇਵ ਗਿਰੀ ਪਠਾਨਕੋਟ, ਸੰਤ ਦੇਸ ਰਾਜ ਗੋਬਿੰਦਪੁਰ, ਸੰਤ ਟਹਿਲ ਦਾਸ ਨੰਗਲ, ਸੰਤ ਸੀਤਲ ਦਾਸ ਕਾਲੇਵਾਲ ਭਗਤਾਂ, ਸੰਤ ਸੁਰਜੀਤ ਦਾਸ ਢਾਡਾ, ਸੰਤ ਕਪੂਰ ਦਾਸ ਅਬਾਦਪੁਰਾ, ਸੰਤ ਗੁਰਮੀਤ ਦਾਸ ਹਾਜੀਪੁਰ, ਸੰਤ ਦਿਨੇਸ਼ ਗਿਰ ਹੁਸ਼ਿਆਰਪੁਰ, ਬਾਲ ਕ੍ਰਿਸ਼ਨ ਜਨਰਲ ਸਕੱਤਰ ਡੇਰਾ ਪੰਡਵਾਂ, ਬਾਬਾ ਜਿੰਦਰ ਜੀ, ਚੌਧਰੀ ਮਨੋਹਰ ਲਾਲ ਬਹਿਰਾਮ, ਸਮਾਜ ਸੇਵਕ ਸੁਰਜੀਤ ਸਿੰਘ ਖੇੜਾ, ਮਦਨ ਲਾਲ ਰੰਧਾਵਾ, ਜਗਦੀਸ਼ ਗੰਗੜ, ਬਲਵੀਰ ਬੋਪਾਰਾਏ, ਡਾ. ਸਤਨਾਮ ਜੋਹਲ ਆਦਿ ਦੇ ਨਾਮ ਜਿਕਰਯੋਗ ਹਨ ।

# ਸੰਤ ਜੋਗਿੰਦਰ ਪਾਲ ਜੌਹਰੀ ਜੀ ਨੂੰ ਸ਼ਰਧਾਂਜਲੀ



ਬਹੁਜਨ ਸਮਾਜ ਦੇ ਮਿਸ਼ਨਰੀ ਸਾਥੀ ਤੇ ਗੁਰੂ ਰਵਿਦਾਸ ਦੀ ਇਤਿਹਾਸਕ ਯਾਦਗਾਰ ਖੁਰਾਲਗੜ੍ਹ ਹੁਸ਼ਿਆਰਪੁਰ ਦੇ ਮਹਾਨ ਸੰਤ ਸਾਹਿਬ ਕਾਂਸ਼ੀ ਰਾਮ ਜੀ ਜੀ ਦੇ ਨੇੜਲੇ ਸਾਥੀ ਰਹੇ ਮਾਨਯੋਗ ਜੋਗਿੰਦਰ ਪਾਲ ਜੌਹਰੀ ਜੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ । ਉਹਨਾ ਦੇ ਜਾਣ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਵਾਹਿਗੁਰੂ ਭਾਣਾ ਮੰਨਣ ਦਾ ਬਲ ਬਖਸ਼ੇ।

**ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ**
**ਬਹੁਜਨ ਸਮਾਜ ਪਾਰਟੀ (ਪੰਜਾਬ)**

# ਮੰਦਰ ਤੁਗਲਕਾਬਾਦ ਸੰਗਤਾਂ ਲਈ ਖੋਲ੍ਹਣ ਨਾਲ ਆਦਿ ਧਰਮ ਸਮਾਜ ਦੇ ਸੰਘਰਸ਼ ਦੀ ਪਹਿਲੀ ਜਿੱਤ ਹੋਈ: ਸੰਤ ਸਵਰਨ ਦਾਸ

**ਹੁਸ਼ਿਆਰਪੁਰ–** ਸ੍ਰੀ ਗੁਰੂ ਰਵਿਦਾਸ ਇਤਿਹਾਸਕ ਪ੍ਰਾਚੀਨ ਅਸਥਾਨ ਤੁਗਲਕਾਬਾਦ ਦਿੱਲੀ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹਣ ਨਾਲ ਆਦਿ ਧਰਮੀ ਸੰਗਤਾਂ ਦੇ ਸੰਘਰਸ਼ ਦੀ ਜਿੱਤ ਹੋਈ ਹੈ।

ਦਿੱਲੀ ਡਿਵੈਲਪਮੈਂਟ ਅਥਾਰਟੀ ਨੇ ਮੰਦਰ ਦੇ ਪ੍ਰਵੇਸ਼ ਸਾਹਮਣੇ ਬਣਾਈ ਦੀਵਾਰ ਨੂੰ ਤੋੜ ਕੇ ਗੇਟ ਲਗਾਉਣ ਦਾ ਕੰਮ ਸ਼ੁਰੂ ਕੀਤਾ ਹੈ, ਜਿਸ ਲਈ ਸਮੂਹ ਸੰਤ ਸਮਾਜ ਅਤੇ ਆਦਿ ਵਾਸੀ ਸੰਗਤਾਂ ਵਧਾਈ ਦੀਆਂ ਪਾਤਰ ਹਨ।



ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਸਰਵਣ ਦਾਸ ਸਲੇਮਟਾਵਰੀ, ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ਵਾਈਸ ਪ੍ਰਧਾਨ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਸਾਂਝੇ ਬਿਆਨ ਵਿਚ ਕਿ ਕਿ 10 ਅਗਸਤ 2019 ਨੂੰ ਦਿੱਲੀ ਡਿਵੈਲਪਮੈਂਟ ਬੋਰਡ ਅਥਾਰਟੀ ਵੱਲੋਂ ਸੁਪਰੀਮ ਕੋਰਟ ਦਾ ਸਹਾਰਾ ਲੈਂਦੇ ਹੋਏ ਸਾਡਾ ਉਪਰੋਕਤ ਧਾਰਮਿਕ ਅਸਥਾਨ ਢਾਹ ਕੇ ਕਬਜ਼ੇ ਵਿਚ ਲੈ ਲਿਆ ਸੀ। ਜਿਸ ਦੇ ਰੋਸ ਵਜੋਂ ਕੰਨਿਆ ਕੁਮਾਰੀ ਤੋਂ ਲੈ ਕੇ ਜੰਮੂ ਕਸ਼ਮੀਰ ਭਾਰਤ ਦੇ ਕੋਨੇ ਕੋਨੇ ਤੋਂ ਆਦਿ ਵਾਸੀ ਸੰਗਤਾਂ ਨੇ ਵੱਡੀ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤੇ ਸਨ।

ਇਸੇ ਸੰਘਰਸ਼ ਦੌਰਾਨ 13 ਅਗਸਤ ਨੂੰ ਪੂਰੀ ਤਰ੍ਹਾਂ ਸਫਲ ਭਾਰਤ ਬੰਦ ਕੀਤਾ ਗਿਆ ਅਤੇ 21 ਅਗਸਤ ਨੂੰ ਦਿੱਲੀ ਰਾਮ ਲੀਲਾ ਮੈਦਾਨ 'ਚ ਲੱਖਾਂ ਆਦਿ ਧਰਮੀ ਲੋਕਾਂ ਨੇ ਰੋਸ ਪ੍ਰਦਰਸ਼ਨ ਕਰਕੇ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਾਚੀਨ ਇਤਿਹਾਸਕ ਸਥਾਨ ਦੀ ਮੁੜ ਉਸਾਰੀ ਲਈ ਤੁਗਲਕਾਬਾਦ ਪਹੁੰਚੀਆਂ ਸਨ, ਜਿੱਥੇ ਦਿੱਲੀ ਪੁਲਿਸ ਨਾਲ ਟਕਰਾਅ ਵੀ ਹੋਇਆ।

ਉਹਨਾਂ ਕਿਹਾ ਕਿ ਤੁਗਲਕਾਬਾਦ ਦਿੱਲੀ ਮੰਦਰ ਦਾ ਕੇਸ 2011 ਤੋਂ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਵੱਲੋਂ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਦੀ ਦੇਖਰੇਖ ਹੇਠ ਲੜਿਆ ਜਾ ਰਿਹਾ ਸੀ ਅਤੇ ਮੰਦਰ ਢਾਹੁਣ ਤੋਂ ਕਰੀਬ 5-6 ਮਹੀਨੇ ਪਹਿਲਾਂ ਲਗਾਤਾਰ ਉਥੇ ਰਹਿ ਕੇ ਸੇਵਾ ਸੰਭਾਲ, ਪੂਜਾ ਅਤੇ ਲੰਗਰ ਦੀ ਸੇਵਾ ਵੀ ਨਿਭਾਈ ਜਾ ਰਹੀ ਸੀ, ਜਿਸਨੂੰ ਜਲਦ ਦੁਬਾਰਾ ਆਰੰਭ ਕੀਤਾ ਜਾਵੇਗਾ।

**ਰਿਪੋਰਟ-ਓ ਪੀ ਰਾਣਾ**


## ਲੜਕੀ ਦੀ ਲੋੜ

Boy 30 Years, 5'10", Handsome Punjabi Hindu M.Sc. Plant Biotechnology, Bio-Medical Engineer Born and Educated in USA. Looking for beautiful, well-educated girl.

Please E-mail: cbob255@gmail.com your Bio-Data

Call us at Tel: 1-847-809-5340


# ਵਿਦਿਆਰਥੀ ਹੁਣ ਘਰ ਬੈਠੇ ਹੀ ਦੇ ਸਕਣਗੇ ਆਨਲਾਈਨ ਪ੍ਰੀਖਿਆ

**ਨਵੀਂ ਦਿੱਲੀ–** ਕੋਰੋਨਾ ਇਨਫੈਕਸ਼ਨ ਵਿਚਾਲੇ ਪ੍ਰੀ-ਖਿਆਵਾਂ 'ਤੇ ਆਏ ਸੰਕਟ ਨਾਲ ਨਜਿੱਠਣ ਲਈ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਨੇ ਹੁਣ ਆਨਲਾਈਨ ਪ੍ਰੀਖਿਆ ਦਾ ਫੂਲਪਰੂਫ ਰਾਹ ਲੱਭਿਆ ਹੈ। ਫਿਲਹਾਲ ਇਸ ਨੂੰ ਲੈ ਕੇ ਉਹ ਪ੍ਰਾਕਟਰ ਤਕਨੀਕ 'ਤੇ ਕੰਮ ਕਰ ਰਹੀ ਹੈ, ਜਿਸ ਜ਼ਰੀਏ ਕੋਈ ਵੀ ਵਿਦਿਆਰਥੀ ਘਰ ਬੈਠੇ ਹੀ ਪ੍ਰੀਖਿਆ ਦੇ ਸਕੇਗਾ। ਇਹ ਪੂਰੀ ਪ੍ਰੀਖਿਆ 100 ਫੀਸਦੀ ਨਕਲ ਮੁਕਤ ਹੋਵੇਗੀ। ਐਨਟੀਏ ਦੇ ਡਾਇਰੈਕਟਰ ਜਨਰਲ ਵਿਨੀਤ ਜੋਸ਼ੀ ਨੇ ਮੰਗਲਵਾਰ ਨੂੰ ਆਨਲਾਈਨ ਪ੍ਰੀਖਿਆ ਨੂੰ ਲੈ ਕੇ ਕਰਵਾਏ ਇਕ ਵੈੱਬੀਨਾਰ 'ਚ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਕੋਰੋਨਾ ਇਨਫੈਕਸ਼ਨ ਕਾਰਨ ਪ੍ਰੀਖਿਆਵਾਂ 'ਤੇ ਜਿਸ ਤਰੀਕੇ ਦਾ ਸੰਕਟ ਛਾਇਆ ਹੈ, ਉਸ ਵਿਚ ਨਵੇਂ ਬਦਲ ਅਜਮਾਉਣ ਦੀ ਤਿਆਰੀ ਤੇਜ਼ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਹ ਆਨਲਾਈਨ ਪ੍ਰੀਖਿਆਵਾਂ ਕਰਵਾਉਂਦੇ ਰਹੇ ਹਨ ਪਰ ਇਸ ਲਈ ਵਿਦਿਆਰਥੀਆਂ ਨੂੰ ਕਿਸੇ ਸੈਂਟਰ 'ਤੇ ਜਾਣਾ ਪੈਂਦਾ ਸੀ। ਪ੍ਰਾਕਟਰ ਤਕਨੀਕ ਨਾਲ ਉਹ ਵਿਦਿਆਰਥੀਆਂ ਦੇ ਘਰ ਬੈਠੇ ਹੀ ਪ੍ਰੀਖਿਆ ਕਰਵਾ ਸਕਣਗੇ। ਫਿਲਹਾਲ ਇਸ ਨੂੰ ਲੈ ਕੇ ਟਰਾਇਲ ਚੱਲ ਰਿਹਾ ਹੈ। ਐਨਟੀਏ ਨੇ ਇਹ ਸਾਰੀ ਕਵਾਇਦ ਉਸ ਸਮੇਂ ਤੇਜ਼ ਕੀਤੀ ਹੈ, ਜਦੋਂ ਜੇਈਈ ਮੇਨਸ ਤੇ ਨੀਟ ਵਰਗੀਆਂ ਪ੍ਰੀਖਿਆਵਾਂ ਨੂੰ ਆਸਾਨੀ ਨਾਲ ਕਰਵਾਇਆ ਜਾ ਸਕੇਗਾ। ਹਾਲਾਂਕਿ ਇਸ ਵਾਰੀ ਇਸ ਦੀ ਵਰਤੋਂ ਹੋਵੇਗੀ ਕਿ ਨਹੀਂ, ਇਹ ਹਾਲੇ ਸਾਫ਼ ਨਹੀਂ ਹੈ।


## ਲੜਕੀ ਦੀ ਲੋੜ

ਕਮਲ ਬਾਬਰ, ਜਨਮ 1989 (ਜਲੰਧਰ), ਕੱਦ 5 ਫੁੱਟ 8 ਇੰਚ, ਜਾਤੀ ਬਾਬਰ, ਗੋਤਰ ਖੋਸਲ, ਬੀ ਏ ਪਾਸ ਬਿਜਨਸਮੈਨ, ਕੁਆਰੇ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕਾ ਮੰਗਲੀਕ ਹੈ, ਜੋ ਕਿ ਸੱਤਕਰਤਾਰ ਐਨਕਲੇਵ ਜਲੰਧਰ ਵਿਖੇ ਰਹਿੰਦਾ ਹੈ। ਪਿਤਾ ਦਾ ਨਾਂ ਅਸ਼ਵਨੀ ਬਾਬਰ (ਬਿਜਨਸਮੈਨ), ਮਾਤਾ ਘਰੇਲੂ ਔਰਤ। ਲੜਕੇ ਦਾ ਇਕ ਭਰਾ ਅਮਰੀਕਾ ਵਿਚ ਸੈਟਲ ਹੈ ਅਤੇ ਦੋ ਭੈਣਾਂ ਵਿਆਹੀਆਂ ਹੋਈਆਂ ਹਨ। ਪਰਿਵਾਰ ਮਾਡਰਨ ਅਤੇ ਵੈਜੀਟੇਰੀਅਨ ਹੈ। ਅਮਰੀਕਾ ਵਿਚ ਸੈਟਲ ਲੜਕੀ ਨੂੰ ਤਰਜੀਹ।

ਸੰਪਰਕ ਕਰੋ: 1-718-709-1908

# ਦੇਸ਼ ਭਗਤ ਯਾਦਗਾਰ ਕਮੇਟੀ ਨੇ ਦਿੱਤੀ ਚਿਤਾਵਨੀ

## ਬੁੱਧੀਜੀਵੀ ਰਿਹਾਅ ਨਾ ਕੀਤੇ ਤਾਂ ਲੋਕ ਸੰਗਰਾਮ ਛਿੜੇਗਾ

**ਜਲੰਧਰ**- ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ ਨੇ ਅੱਜ ਭਾਜਪਾ ਹਕੂਮਤ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਲੌਕਡਾਊਨ ਅਤੇ ਕਰੋਨਾ ਦੇ ਓਹਲੇ ਓਹਲੇ, ਮੁਲਕ ਦੇ ਨਾਮਵਰ ਬੁੱਧੀਜੀਵੀਆਂ, ਲੇਖਕਾਂ, ਸਾਹਿਤਕਾਰਾਂ, ਕਵੀਆਂ, ਜਮਹੂਰੀ, ਤਰਕਸ਼ੀਲ, ਸਮਾਜਕ ਅਤੇ ਇਨਕਲਾਬੀ ਕਾਮਿਆਂ, ਸੀ.ਏ.ਏ. ਵਰਗੇ ਕਾਲੇ ਕਾਨੂੰਨਾਂ ਖਿਲਾਫ਼ ਸੰਘਰਸ਼ ਕਰਨ ਵਾਲੇ ਜੁਝਾਰੂਆਂ ਉਪਰ ਦੇਸ਼-ਧ੍ਰੋਹ ਵਰਗੇ ਝੂਠੇ ਕੇਸ ਮੜ੍ਹਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਯੋਜਨਾਬੱਧ ਢੰਗ ਨਾਲ ਮੌਤ ਦੇ ਪੰਜਿਆਂ ਵਿਚ ਧੱਕਣ ਦੇ ਹੋਛੇ ਹਥਕੰਡੇ ਅਪਣਾ ਰਹੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰ-ਜਕਾਰੀ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਲਏ ਫੈਸਲੇ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਦੱਸਿਆ ਕਿ ਡਾ. ਆਨੰਦ ਤੇਲਤੁੰਬੜੇ, ਡਾ. ਗੌਤਮ ਨਵਲੱਖਾ, ਸਿਰਮੌਰ ਕਵੀ ਵਰਵਰਾ ਰਾਓ, ਡਾ.ਸੁਧਾ ਭਾਰਦਵਾਜ, ਪ੍ਰੋ. ਸਾਈ ਬਾਬਾ ਸਮੇਤ ਲੰਮੀ ਲੜੀ ਹੈ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਹੱਕ, ਸੱਚ, ਇਨਸਾਫ਼ ਦੀ ਗੱਲ ਕਰਨ ਵਾਲੇ ਵਿਦਵਾਨਾਂ, ਫੋਟੋ ਜਰਨਿਲਿਸਟਾਂ, ਪੱਤਰਕਾਰਾਂ ਦੀ ਜਿਵੇਂ ਜ਼ੁਬਾਨਬੰਦੀ ਕਰਨ ਲਈ ਜੇਲ੍ਹਾਂ 'ਚ ਕਰੋਨਾ ਮਹਾਂਮਾਰੀ ਦੇ ਦੌਰ 'ਚ ਵੀ ਤੁੰਨਕੇ ਰੱਖਿਆ ਜਾ ਰਿਹਾ ਹੈ ਇਹ ਸਿਰੇ ਦਾ ਅਮਾਨਵੀ ਵਰਤਾਰਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਨੇ ਭਾਜਪਾ ਦੀਆਂ ਲੋਕ ਮਾਰੂ ਨੀਤੀਆਂ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਹੈ ਕਿ ਨਿੱਤ ਨਵੇਂ ਆਰਡੀਨੈਂਸ ਜਾਰੀ ਕਰਕੇ ਖੇਤੀ, ਸਨਅਤ, ਘਰੇਲੂ ਦਸਤਕਾਰੀ, ਛੋਟੇ ਧੰਦਿਆਂ, ਸਿੱਖਿਆ, ਸਿਹਤ, ਰੁਜ਼ਗਾਰ, ਜਮਹੂਰੀ ਅਧਿਕਾਰਾਂ ਦਾ ਕੱਦੂ ਕਸ ਕੀਤਾ ਜਾ ਰਿਹਾ ਹੈ। ਕਮੇਟੀ ਨੇ ਕਿਹਾ ਕਿ ਇਸ ਮਾਰੂ ਹੱਲੇ ਖਿਲਾਫ਼ ਉੱਠਣ ਵਾਲੇ ਜਨਤਕ ਵਿਰੋਧ ਨੂੰ ਨੱਪਣ ਲਈ ਰੌਸ਼ਨ ਦਿਮਾਗ ਬੁੱਧੀਮਾਨਾਂ ਦੇ ਗਲ ਗੂਠਾ ਦੇਣ ਖਿਲਾਫ਼ ਸਭਨਾ ਲੋਕ-ਹਿਤੈਸ਼ੀ ਤਾਕਤਾਂ ਨੂੰ ਅੱਗੇ ਆ ਕੇ ਜ਼ਬਰਦਸਤ ਲੋਕ ਆਵਾਜ਼ ਉਠਾਉਣ ਦੀ ਲੋੜ ਹੈ ਤਾਂ ਜੋ ਭਾਜਪਾ ਦੇ ਫ਼ਿਰਕੂ ਫਾਸ਼ੀ ਮਨਸੂਬਿਆਂ ਨੂੰ ਨਾਕਾਮ ਕੀਤਾ ਜਾ ਸਕੇ। ਕਮੇਟੀ ਨੇ ਕਿਹਾ ਕਿ ਭਾਜਪਾ ਹਕੂਮਤ ਕੰਧ ਤੇ ਲਿਖਿਆ ਪੜ੍ਹਕੇ ਬੁੱਧੀਜੀਵੀਆਂ ਨੂੰ ਬਿਨਾਂ ਸ਼ਰਤ ਰਿਹਾ ਕਰੇ, ਨਹੀਂ ਫਿਰ ਵਿਆਪਕ ਲੋਕ-ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ, ਕਿਉਂਕਿ ਲੌਕਡਾਊਨ ਦੀ ਛੱਤਰੀ ਲੈ ਕੇ ਜਨਤਕ ਇਕੱਠਾਂ ਤੇ ਮੜ੍ਹੀਆਂ ਪਾਬੰਦੀਆਂ ਪਿੱਛੇ ਛੁਪੇ ਅਦਿੱਖ ਇਰਾਦਿਆਂ ਦਾ ਨਕਾਬ ਉਤਾਰ ਸੁੱਟਣ ਲਈ ਕਮੇਟੀ ਦੀ ਜਾਣਕਾਰੀ ਮੁਤਾਬਕ ਸਮਾਜ ਅੰਦਰ ਗਹਿਰਾ ਅਸੰਤੋਸ਼ ਅਤੇ ਵਿਰੋਧ ਪਨਪ ਰਿਹਾ ਹੈ, ਜਿਹੜਾ ਇੱਕ ਦਿਨ ਅਵੱਸ਼ ਹੀ ਸੜਕਾਂ 'ਤੇ ਨਿੱਤਰੇਗਾ।

# ਥਿਏਟਰ ਨਾਲ ਸਬੰਧਤ ਜੱਥੇਬੰਦੀ ਇਪਟਾ ਪੰਜਾਬ ਨੇ ਕੀਤਾ ਫਗਵਾੜਾ ਇਕਾਈ ਦਾ ਗਠਨ

## ਰਜਿੰਦਰ ਘੇੜਾ ਚੇਅਰਮੈਨ ਅਤੇ ਰੀਤ ਪ੍ਰੀਤ ਪਾਲ ਸਿੰਘ ਬਣੇ ਪ੍ਰਧਾਨ

**ਫਗਵਾੜਾ (ਬੀ.ਕੇ.ਰੱਤੂ)**- ਇੰਡੀਅਨ ਪੀਪੁਲ ਥਿਏਟਰ ਐਸੋਸੀਏਸ਼ਨ ਪੰਜਾਬ ਦੀ ਇਕ ਵਰਚੂਅਲ ਮੀਟਿੰਗ ਇੰਦਰਜੀਤ ਸਿੰਘ ਰੂਪੋਵਾਲ ਪੰਜਾਬ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਫਗਵਾੜਾ ਇਕਾਈ ਦਾ ਗਠਨ ਕਰਦਿਆਂ ਫਿਲਮ ਡਾਇਰੈਕਟਰ ਰਜਿੰਦਰ ਘੇੜਾ ਨੂੰ ਚੇਅਰਮੈਨ ਜਦਕਿ ਥਿਏਟਰ ਆਰਟਿਸਟ ਰੀਤ ਪ੍ਰੀਤ ਪਾਲ ਸਿੰਘ ਨੂੰ ਪ੍ਰਧਾਨਗੀ ਦੀ ਕਮਾਨ ਦਿੱਤੀ ਗਈ। ਇਸ ਤੋਂ ਇਲਾਵਾ ਸਰਬ ਸੰਮਤੀ ਨਾਲ ਹੋਈਆਂ ਹੋਰ ਨਿਯੁਕਤੀਆਂ ਵਿਚ ਸੰਦੀਪ ਕਸ਼ਿਅਪ ਨੂੰ ਸੀਨੀਅਰ



ਮੀਤ ਪ੍ਰਧਾਨ, ਸ਼ਿਵ ਕੁਮਾਰ ਸ਼ਰਮਾ ਅਤੇ ਬਲਵਿੰਦਰ ਪ੍ਰੀਤ ਨੂੰ ਮੀਤ ਪ੍ਰਧਾਨ, ਵਿਕਾਸ ਐਰੀ, ਜਸਪ੍ਰੀਤ ਸਿੰਘ ਨੂੰ ਜਨਰਲ ਸਕੱਤਰ, ਗੁਰਮੁਖ ਸਿੰਘ ਨੂੰ ਸਹਿ ਸਕੱਤਰ, ਅਭਿਸ਼ੇਕ ਕੌਸ਼ਲ ਨੂੰ ਵਿੱਤ ਸਕੱਤਰ, ਯਤਿਨ ਸ਼ਰਮਾ ਨੂੰ ਪ੍ਰੈਸ ਸਕੱਤਰ ਐਲਾਨਿਆ ਗਿਆ। ਕਾਰਜਕਾਰੀ ਮੈਂਬਰਾਂ ਵਿਚ ਲਲਿਤ ਵਸ਼ਿਸ਼ਠ, ਗਗਨਦੀਪ ਪਲਾਹੀ, ਸੰਦੀਪ ਬੰਗੜ, ਗੁਰਪ੍ਰੀਤ ਸਿੰਘ ਜਿੰਮੀ, ਕਮਲ ਕੌਸ਼ਲ, ਲਖਵਿੰਦਰ ਲੱਖਾ, ਬਬਿਤ ਧੁਲੇਤਾ, ਦੀਪਕ ਮਲਹੋਤਰਾ, ਕੁਲਦੀਪ ਵਸ਼ਿਸ਼ਠ, ਬੇਬੀ ਵਰਸ਼ਾ, ਨੀਲਮ ਹਾਂਡਾ, ਲਖਵੀਰ ਕੁਮਾਰ ਲੱਕੀ ਨੂੰ ਸ਼ਾਮਲ ਕੀਤਾ ਗਿਆ। ਨਵਨਿਯੁਕਤ ਚੇਅਰਮੈਨ ਰਜਿੰਦਰ ਘੇੜਾ ਅਤੇ ਪ੍ਰਧਾਨ ਰੀਤ ਪ੍ਰੀਤ ਪਾਲ ਸਿੰਘ ਨੇ ਕਿਹਾ ਕਿ ਉਹ ਥਿਏਟਰ ਦੀ ਬਿਹਤਰੀ ਲਈ ਆਪਣੀਆਂ ਉੱਤਮ ਸੇਵਾਵਾਂ ਦੇਣ ਦਾ ਹਰ ਸੰਭਵ ਉਪਰਾਲਾ ਕਰਨਗੇ। ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਪੰਜਾਬ ਪ੍ਰਧਾਨ ਇੰਦਰਜੀਤ ਸਿੰਘ ਰੂਪੋਵਾਲੀਆ ਨੇ ਦੱਸਿਆ ਕਿ ਇਪਟਾ ਦੀ ਸਥਾਪਨਾ ਭਾਰਤੀ ਸਿਨੇਮਾ ਦੇ ਨਾਮਵਰ ਸਿਤਾਰੇ ਬਲਰਾਜ ਸਾਹਨੀ ਨੇ ਸਾਲ 1961 ਵਿਚ ਕੀਤੀ ਸੀ। ਇਹ ਜੱਥੇਬੰਦੀ ਥਿਏਟਰ ਨਾਲ ਜੁੜੇ ਕਲਾਕਾਰਾਂ ਅਤੇ ਪਰਦੇ ਦੇ ਪਿੱਛੇ ਰਹਿ ਕੇ ਕੰਮ ਕਰਨ ਵਾਲੇ ਸਟਾਫ ਦੇ ਹੱਕਾਂ ਦੀ ਰਾਖੀ ਕਰਨ ਦੇ ਨਾਲ ਹੀ ਉਨ੍ਹਾਂ ਦੇ ਦੁੱਖ ਤਕਲੀਫਾਂ ਵਿਚ ਸਹਾਇਕ ਬਣਦੀ ਹੈ।

# ਦਲਿਤ ਪਰਿਵਾਰ ਨਾਲ ਧੱਕੇਸ਼ਾਹੀ ਵਿਰੁੱਧ ਬਸਪਾ ਨੇ ਦਿਖਾਈ ਸਖਤੀ

**ਫਿਰੋਜ਼ਪੁਰ** - ਪੰਜਾਬ ਅੰਦਰ ਰਾਜੇ ਰਜਵਾੜਿਆਂ ਦੀਆਂ ਸਰਕਾਰਾਂ ਬਣਦੀਆਂ ਆ ਰਹੀਆਂ ਹਨ ਤੇ ਇਨ੍ਹਾਂ ਵਾਰੋ ਵਾਰੀ ਬਣਨ ਵਾਲੀਆਂ ਸਰਕਾਰਾਂ ਦੌਰਾਨ ਗਰੀਬ ਨਿਮਾਣੇ ਨਿਤਾਣਿਆਂ ਲੋਕਾਂ ਤੇ ਤਸ਼ੱਦਦ ਢਾਹੇ ਜਾਣ ਦੀਆਂ ਵਾਰਦਾਤਾਂ 'ਚ ਦਿਨੋਂ ਦਿਨ ਵਾਧਾ ਹੀ ਜਾ ਰਿਹਾ ਹੈ। ਧਨਾਢ ਵਿਅਕਤੀਆਂ ਤੇ ਪੁਲਿਸ ਤੰਤਰ ਦੀ ਮਿਲੀ ਭੁਗਤ ਨਾਲ ਇਨਸਾਫ ਗਰੀਬ ਲੋਕਾਂ ਦੀ ਪਹੁੰਚ ਤੋਂ ਦੂਰ ਦੀ ਗਲ ਐ। ਇਸ ਦੀ ਤਾਜਾ ਮਿਸਾਲ ਪਿੰਡ ਮਿਰਜੇ ਕੇ ਥਾਣਾ ਘਲ ਖੁਰਦ ਜ਼ਿਲ੍ਹਾ ਫਿਰੋਜ਼ਪੁਰ ਵਿਚ ਇਕ ਖੇਤ ਮਜ਼ਦੂਰ ਕੁਲਵੰਤ ਸਿੰਘ ਨਾਲ ਵਾਪਰੀ ਘਟਨਾ ਹੈ। ਕੁਲਵੰਤ ਸਿੰਘ ਜਿਹੜਾ ਕਿ 60-62 ਸਾਲਾਂ ਦਾ ਰਹਿਤਵਾਨ ਅੰਮ੍ਰਿਤਧਾਰੀ ਬਜੁਰਗ ਹੈ। ਉਸ ਵਲੋਂ ਪਾਲਾ ਸਿੰਘ ਤੋਂ ਝੋਨੇ ਦੀ ਲਵਾਈ ਦੇ ਪੈਸੇ ਮੰਗੇ ਤਾਂ ਉਹ ਟਾਲ ਮਟੋਲ ਕਰਦਾ ਰਿਹਾ। ਸਗੋਂ ਧੌਂਸ ਨਾਲ ਹੋਰ ਝੋਨਾ ਲਾਉਣ ਤੋਂ ਇਨਕਾਰ ਕਰਨ ਤੇ ਕੁਲਵੰਤ ਸਿੰਘ ਤੇ ਉਸਦੇ ਪਰਿਵਾਰ ਦੀ ਕੁੱਟ ਮਾਰ ਕੀਤੀ ਅਤੇ ਜਾਤੀ ਸੂਚਕ ਸ਼ਬਦਾਂ ਰਾਹੀਂ ਜ਼ਲੀਲ ਕੀਤਾ ਗਿਆ। ਉਸ ਤੋਂ ਬਾਅਦ ਆਪਣੇ ਇਕ ਨਜ਼ਦੀਕੀ ਰਿਸ਼ਤੇਦਾਰ ਏ ਐਸ ਆਈ ਸੁਖਵਿੰਦਰ ਸਿੰਘ ਥਾਣਾ ਘਲ ਖੁਰਦ ਰਾਹੀਂ ਚੁਕਵਾ ਕੇ ਥਾਣੇ ਵਿਚ ਬੇਤਹ-ਾਸ਼ਾ ਕੁੱਟ ਮਾਰ ਕੀਤੀ ਗਈ ਤੇ ਕਕਾਰਾਂ ਦੀ ਬੇਅਦਬੀ ਕਰਦਿਆਂ ਜਾਤੀ ਸੂਚਕ ਬਦ ਵਰਤਾਰਿਆਂ ਜ਼ਲੀਲ ਕੀਤਾ ਗਿਆ।

ਐਸ ਐਸ ਪੀ ਫਿਰੋਜ਼ਪੁਰ ਨੂੰ ਲਿਖਤੀ ਸ਼ਿਕਾਇਤ ਕੀਤੇ ਜਾਣ ਦੇ ਬਾਵਜੂਦ ਅਜੇ ਤਕ ਪਹੁੰਚ ਵਾਲੇ ਦੋਸ਼ੀਆਂ ਨੂੰ ਹੱਥ ਨਹੀਂ ਪਾਇਆ ਗਿਆ। ਉਲਟਾ ਕੁਲਵੰਤ ਸਿੰਘ ਨੂੰ ਲਗਾਤਾਰ ਮਿਲ ਰਹੀਆਂ ਜਾਨੋਂ ਮਾਰਨ ਦੀਆਂ ਧਮਕੀਆਂ ਕਾਰਨ ਉਹ ਪਰਿਵਾਰ ਸਮੇਤ ਘਰ ਛੱਡਣ ਲਈ ਮਜਬੂਰ ਹੈ।

ਜਿਸ ਦਾ ਬਹੁਜਨ ਸਮਾਜ ਪਾਰਟੀ ਅਤੇ ਯੂਨਾਈਟਿਡ ਅਕਾਲੀ ਦਲ ਵੱਲੋਂ ਗੰਭੀਰ ਨੋਟਿਸ ਲੈਂਦਿਆਂ ਮਿਤੀ 24-6-2020 ਨੂੰ ਡੀ ਆਈ ਜੀ ਫਿਰੋਜ਼ਪੁਰ ਰੇਂਜ ਨੂੰ ਮਿਲਕੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਤੇ ਕੁਲਵੰਤ ਸਿੰਘ ਨੂੰ ਇਨਸਾਫ ਦੇਣ ਲਈ ਆਖਿਆ ਗਿਆ। ਡੀ ਆਈ ਜੀ ਫਿਰੋਜ਼ਪੁਰ ਵਲੋਂ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ ਗਿਆ। ਬਸਪਾ ਪੰਜਾਬ ਦੇ ਜਰਨਲ ਸਕੱਤਰ ਲਾਲ ਸਿੰਘ ਸੁਲਹਾਣੀ ਤੇ ਯੂਨਾਈਟਿਡ ਅਕਾਲੀ ਦਲ ਦੇ ਪਰਧਾਨ ਜਥੇਦਾਰ ਗੁਰਦੀਪ ਸਿੰਘ ਬਠਿੰਡਾ ਨੇ ਚੇਤਾਵਨੀ ਦਿੰਦਿਆਂ ਆਖਿਆ ਕਿ ਜੇ ਇਕ ਹਫਤੇ ਚ ਢੁਕਵੀਂ ਕਾਰਵਾਈ ਅਮਲ ਵਿਚ ਨਾ ਲਿਆਂਦੀ ਗਈ ਤਾਂ ਕੁਲਵੰਤ ਸਿੰਘ ਨੂੰ ਇਨਸਾਫ ਦਿਵਾਉਣ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਵਾਉਣ ਲਈ ਸੰਘਰਸ਼ ਕੀਤਾ ਜਾਵੇਗਾ।

**ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ**
**ਬਹੁਜਨ ਸਮਾਜ ਪਾਰਟੀ, ਪੰਜਾਬ**

# ਜਲ ਸਪਲਾਈ ਵਿਭਾਗ ਨੇ ਨਜਾਇਜ਼ ਕੁਨੈਕਸ਼ਨ ਬਿਨਾਂ ਫੀਸ 15 ਜੁਲਾਈ ਤੱਕ ਮੁਫ਼ਤ ਰੈਗੂਲਰ ਕਰਵਾਉਣ ਦਾ ਦਿੱਤਾ ਮੌਕਾ

**ਘਨੌਰ**- ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਪਿੰਡਾਂ ਵਿੱਚ ਚਲਾਈਆਂ ਜਾ ਰਹੀਆਂ ਜਲ ਸਪਲਾਈ ਸਕੀਮਾਂ ਤੇ ਮਹਿਕਮੇ ਦੀ ਮਨਜੂਰੀ ਤੋਂ ਬਿਨਾਂ ਲਗਾਏ ਪਾਣੀ ਦੇ ਕੁਨੈਕਸ਼ਨਾਂ ਨੂੰ ਰੈਗੂਲਰ ਕਰਨ ਲਈ ਪੰਜਾਬ ਸਰਕਾਰ ਨੇ ਵਲੰਟੀਅਰ ਡਿਸਕਲੋਜ਼ਰ ਸਕੀਮ (ਵੀ ਡੀ ਐਸ) ਜਾਰੀ ਕੀਤੀ ਹੈ। ਇਸ ਸਕੀਮ ਸੰਬੰਧੀ ਵਿਸਥਾਰਤ ਜਾਣਕਾਰੀ ਦਿੰਦੇ ਹੋਏ ਐਕਸੀਅਨ ਜਸਬੀਰ ਸਿੰਘ ਰਾਜਪੁਰਾ ਨੇ ਦੱਸਿਆ ਕਿ ਇਹ ਸਕੀਮ 15 ਜੂਨ ਤੋਂ 15 ਜੁਲਾਈ ਤੱਕ ਜਾਰੀ ਰਹੇਗੀ। ਇਸ ਸਕੀਮ ਤਹਿਤ ਪਿੰਡਾਂ ਵਿੱਚ ਚਲਦੇ ਗੈਰ ਮਨਜੂਰਸ਼ੁਦਾ ਅਤੇ ਗੈਰ-ਕਾਨੂੰਨੀ ਪਾਣੀ ਦੇ ਕੁਨੈਕਸ਼ਨ ਬਿਨਾਂ ਕਿਸੇ ਜੁਰਮਾਨੇ ਦੇ ਰੈਗੂਲਰ ਕਰਵਾਏ ਜਾ ਸਕਦੇ ਹਨ ਅਤੇ ਨਵੇਂ ਕੁਨੈਕਸ਼ਨ ਬਿਨਾਂ ਕਿਸੇ ਸਰਕਾਰੀ ਫੀਸ ਤੋਂ ਮੁਫ਼ਤ ਲਏ ਜਾ ਸਕਣਗੇ। ਨਿਸ਼ਚਿਤ ਤਰੀਕ ਤੋਂ ਬਾਅਦ ਕੁਨੈਕਸ਼ਨ ਰੈਗੂਲਰ ਨਾ ਕਰਵਾਉਣ ਵਾਲੇ ਖਪਤਕਾਰ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਤਹਿਤ 2000 ਰੁਪਏ ਜੁਰਮਾਨੇ ਸਹਿਤ ਪਿਛਲੀ ਵਰਤੋਂ ਦਾ ਭੁਗਤਾਨ ਵੀ ਕਰਵਾਇਆ



ਜਾਵੇਗਾ। ਇਸ ਸਕੀਮ ਤਹਿਤ ਘਰੇਲੂ ਅਤੇ ਵਪਾਰਕ ਕੁਨੈਕਸ਼ਨ ਲਈ ਵਿਭਾਗੀ ਅਤੇ ਪੰਚਾਇਤੀ ਸਕੀਮਾਂ ਤੇ ਵੀ ਲੋਕ ਲਾਭ ਲੈਣ ਸਕਣਗੇ।

ਉਹਨਾਂ ਇਹ ਵੀ ਦੱਸਿਆ ਕਿ ਮੰਡਲ ਦਫ਼ਤਰ ਅਧੀਨ ਪੈਂਦੇ ਪਿੰਡਾਂ ਚ ਸੰਗੀਤਾ ਤ੍ਰਿਪਾਠੀ ਆਈ ਈ ਸੀ ਸਪੈਸ਼ਲਿਸਟ ਦੀ ਅਗਵਾਈ ਹੇਠ ਜਨ ਜਾਗਰੁਕਤਾ ਮੁਹਿੰਮ ਚਲਾਈ ਗਈ ਹੈ। ਪਿੰਡਾਂ ਵਿੱਚ ਧਾਰਮਿਕ ਸਥਾਨਾਂ ਰਾਹੀਂ ਅਤੇ ਮੋਬਾਈਲ ਵੈਨ ਰਾਹੀਂ ਮੁਨਿਆਦੀ ਕਰਵਾਈ ਜਾ ਰਹੀ ਹੈ ਅਤੇ ਸਾਂਝੀਆਂ ਥਾਵਾਂ ਤੇ ਪੋਸਟਰ ਲਗਾ ਕੇ ਇਸ ਮੁਹਿੰਮ ਤਹਿਤ ਲੋਕਾਂ ਨੂੰ ਪੀਣ ਦੇ ਪਾਣੀ ਸੰਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਕੁਨੈਕਸ਼ਨ ਰੈਗੂਲਰ ਕਰਵਾਉਣ ਲਈ ਪ੍ਰੇਰਤ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਲੋਕ ਇਸ ਮੁਹਿੰਮ ਦਾ ਵੱਧ ਤੋਂ ਵੱਧ ਲਾਭ ਲੈਣ ਸਕਣ। ਇਸ ਸਕੀਮ ਦਾ ਲਾਭ ਲੈਣ ਲੈਣ ਲਈ ਖਪਤਕਾਰ ਮਹਿਕਮੇ ਦੀ ਵੈੱਬਸਾਈਟ, ਟੋਲ ਫਰੀ ਨੰਬਰ, ਉੱਪ ਮੰਡਲ ਇੰਜੀਨੀਅਰ, ਜੇਈ, ਪੰਪ ਉਪਰੇਟਰ ਨਾਲ ਸੰਪਰਕ ਕਰ ਸਕਦੇ ਹਨ। ਇਹ ਮਹਿਕਮੇ ਵੱਲੋਂ ਲਿਆ ਗਿਆ ਸ਼ਲਾਘਾਯੋਗ ਫੈਸਲਾ ਹੈ।

# ਮਿਸ਼ਨ ਫਤਿਹ ਤਹਿਤ ਵਾਰਡ ਨੰਬਰ 37 'ਚ ਸਫ਼ਾਈ ਸੇਵਕਾਂ ਦਾ ਕੀਤਾ ਸਨਮਾਨ

**ਫਗਵਾੜਾ (ਬੀ.ਕੇ.ਰੱਤੂ)** ਫਗਵਾੜਾ ਦੇ ਵਾਰਡ ਨੰਬਰ 37 ਵਿਖੇ ਕੋਵਿਡ-19 ਕੋਰੋਨਾ ਆਫਤ ਵਿਚ ਜਿੰਦਗੀ ਖਤਰੇ ਵਿਚ ਪਾ ਕੇ ਸਵੱਛਤਾ ਨੂੰ ਯਕੀਨੀ ਬਨਾਉਣ



ਲਈ ਕੰਮ ਕਰ ਰਹੇ ਸਫਾਈ ਸੇਵਕਾਂ ਦਾ ਸਨਮਾਨ ਕਰਨ ਲਈ ਇਕ ਸਮਾਗਮ ਦਾ ਆਯੋਜਨ ਸਾਬਕਾ ਨਗਰ ਕੌਂਸਿਲ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਅਗਵਾਈ ਹੇਠ ਕੀਤਾ ਗਿਆ।

ਇਸ ਮੌਕੇ ਸ੍ਰ. ਰਘਬੋਤਰਾ ਨੇ ਦੱਸਿਆ ਕਿ ਪਿਛਲੇ ਚਾਰ ਮਹੀਨੇ ਤੋਂ ਦੇਸ਼ ਕੋਰੋਨਾ ਵਾਇਰਸ ਨਾਲ ਲੜਾਈ ਲੜ ਰਿਹਾ ਹੈ ਜਿਸ ਵਿਚ ਡਾਕਟਰਾਂ, ਪੁਲਿਸ ਕਰਮਚਾਰੀਆਂ ਦੇ ਨਾਲ ਹੀ ਸਫ਼ਾਈ ਸੇਵਕ ਕੋਰੋਨਾ ਯੋਧਿਆਂ ਦੀ ਭੂਮਿਕਾ ਨਿਭਾ ਰਹੇ ਹਨ। ਪੰਜਾਬ ਸਰਕਾਰ ਵਲੋਂ ਕੋਰੋਨਾ ਉਪਰ ਪੂਰੀ ਜਿੱਤ ਪ੍ਰਾਪਤ ਕਰਨ ਦੇ ਮਕਸਦ ਨਾਲ ਮਿਸ਼ਨ ਫਤਿਹ ਸ਼ੁਰੂ ਕੀਤਾ ਗਿਆ ਹੈ।

ਜਿਸ ਦੇ ਤਹਿਤ ਲੋਕਾਂ ਨੂੰ ਕੋਰੋਨਾ ਤੋਂ ਬਚਾਅ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਪ੍ਰਤੀ ਜਾਗਰੁਕ ਕੀਤਾ ਜਾ ਰਿਹਾ ਹੈ ਅਤੇ ਇਸ ਪ੍ਰੋਗਰਾਮ ਤਹਿਤ ਕੋਰੋਨਾ ਯੋਧਿਆਂ ਨੂੰ ਸਨਮਾਨਤ ਕਰਕੇ ਉਹਨਾਂ ਦਾ ਹੌਸਲਾ ਵਧਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਪ੍ਰੇਮ ਨਗਰ, ਖੇੜਾ ਰੋਡ ਦੀ ਸਫਾਈ ਕਰਨ ਵਾਲੇ ਸਫਾਈ ਸੇਵਕਾਂ ਨੂੰ ਸਨਮਾਨਤ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਸਫਾਈ ਸੇਵਕਾਂ ਨੂੰ ਫੁੱਲਾਂ ਦੇ ਹਾਰ ਪਾਏ ਗਏ ਅਤੇ ਤੋਹਫੇ ਦਿੱਤੇ ਗਏ ਹਨ ਨਾਲ ਹੀ ਸਰਕਾਰ ਵਲੋਂ ਭੇਜੀਆਂ ਪਿਨਾਂ ਵੀ ਮੋਢਿਆਂ ਤੇ ਲਗਾਈਆਂ ਗਈਆਂ। ਉਹਨਾਂ ਸਮੂਹ ਹਾਜਰੀਨ ਨੂੰ ਕੋਵਾ ਐਪ ਮੋਬਾਇਲ ਫੋਨ ਵਿਚ ਡਾਉਨਲੋਡ ਕਰਕੇ ਪੰਜਾਬ ਸਰਕਾਰ ਵਲੋਂ ਦਿੱਤੇ ਜਾਂਦੇ ਇਨਾਮ ਜਿੱਤਣ ਲਈ ਵੀ ਕਿਹਾ। ਇਸ ਮੌਕੇ ਸੁਪਰਵਾਈਜਰ ਰੋਸ਼ਨ ਪ੍ਰਧਾਨ ਅਤੇ ਵਿਸ਼ਾਲ ਆਦਿ ਵੀ ਹਾਜਰ ਸਨ।

# ਨਿਊਜ਼ੀਲੈਂਡ 'ਚ ਕਰੋਨਾ ਕੇਸਾਂ 'ਚ ਦੋ ਹੋਰ ਦਾ ਵਾਧਾ- ਇਕ ਕੇਸ ਭਾਰਤ ਤੋਂ ਪਰਤੇ ਯਾਤਰੀ ਦਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਨਿਊਜ਼ੀਲੈਂਡ 'ਚ ਮੈਨੇਜਡ ਆਈਸੋਲੇਸ਼ਨ 'ਚ ਦੋ ਹੋਰ ਨਵੇਂ ਕੇਸ ਸਾਹਮਣੇ ਆਏ ਹਨ। ਡਾਇਰੈਕਟਰ ਜਨਰਲ ਆਫ਼ ਹੈਲਥ ਡਾ. ਐਸ਼ਲੇ ਬਲੂਮਫੀਲਡ ਨੇ ਪੁਸ਼ਟੀ ਕੀਤੀ ਹੈ। ਪਹਿਲਾ ਕੇਸ 50 ਸਾਲਾਂ ਦੇ ਇਕ ਆਦਮੀ ਦਾ ਹੈ ਜੋ 24 ਜੂਨ ਨੂੰ ਭਾਰਤ ਤੋਂ ਨਿਊਜ਼ੀਲੈਂਡ ਆਇਆ ਸੀ, ਜਦੋਂ ਕਿ ਦੂਜਾ ਕੇਸ 20 ਸਾਲਾਂ ਦੀ ਇਕ ਮਹਿਲਾ ਦਾ ਹੈ ਜੋ 20 ਜੂਨ ਨੂੰ ਅਮਰੀਕਾ ਤੋਂ ਆਈ ਸੀ। ਇਨ੍ਹਾਂ ਦੋਵਾਂ ਨੂੰ ਮਿਲਾ ਕੇ ਨਿਊਜ਼ੀਲੈਂਡ ਵਿੱਚ ਹੁਣ 22 ਐਕਟਿਵ ਮਾਮਲੇ ਹੋ ਗਏ ਹਨ। ਗੌਰਤਲਬ ਹੈ ਕਿ ਕੱਲ੍ਹ 4 ਨਵੇਂ ਕੇਸ ਸਾਹਮਣੇ ਆਏ ਸਨ ਜਿਨ੍ਹਾਂ ਵਿੱਚੋਂ ਇਕ ਵਿਅਕਤੀ ਹਸਪਤਾਲ ਵਿੱਚ ਵੀ ਦਾਖਲ ਹੈ।



ਦੇਸ਼ ਵਿੱਚ ਕੁੱਲ ਮਿਲਾ ਕੇ ਕੋਰੋਨਾਵਾਇਰਸ ਦੇ 1178 ਪੁਸ਼ਟੀ ਕੀਤੇ ਗਏ ਅਤੇ 350 ਸੰਭਾਵਿਤ ਕੇਸ ਹੋ ਗਏ ਹਨ। ਰੋਨਾ ਕਾਰਨ ਦੇਸ਼ ਵਿੱਚ ਮੌਤਾਂ ਦੀ ਗਿਣਤੀ 22 ਹੀ ਹੈ। ਸਿਹਤ ਵਿਭਾਗ 367 ਉਨ੍ਹਾਂ ਲੋਕਾਂ ਨੂੰ ਵੀ ਲੱਭ ਰਿਹਾ ਹੈ ਜਿਨ੍ਹਾਂ ਦੀ ਸਕਰੀਨਿੰਗ ਕੀਤੀ ਜਾਣੀ ਹੈ। ਕੱਲ੍ਹ 2754 ਹੋਰ ਟੈਸਟ ਕੀਤੇ ਗਏ ਅਤੇ ਕੁੱਲ ਟੈਸਟ 395,510 ਹੋ ਗਏ ਹਨ। ਏਥਨਿਕ ਨਜ਼ਰਾਂ ਨਾਲ ਵੇਖਿਆ ਜਾਵੇ ਤਾਂ ਸਾਰਿਆਂ ਤੋਂ ਜਿਆਦਾ ਯੁਰਪੀਅਨ ਲੋਕ 70%, ਏਸ਼ੀਅਨ 14%, ਮਾਓਰੀ 9%, ਪੈਸੇਫਿਕ ਲੋਕ 5% ਅਤੇ ਬਾਕੀ ਦੇ 2% ਰਹੇ। 20 ਤੋਂ 29 ਸਾਲ ਵਾਲੇ ਸਭ ਤੋਂ ਜਿਆਦਾ ਗਿਣਤੀ ਦੇ ਵਿਚ ਕਰੋਨਾ ਦੀ ਮਾਰ ਹੇਠ ਆਏ।

# ਬਸਪਾ ਆਗੂਆਂ ਨੇ ਦਿੱਤਾ ਐਸ ਡੀ ਐਮ ਨੂੰ ਮੰਗ ਪੱਤਰ

**ਫਗਵਾੜਾ (ਬੀਕੇ ਰੱਤੂ)** ਬਹੁਜਨ ਸਮਾਜ ਪਾਰਟੀ ਫਗਵਾੜਾ ਦੇ ਆਗੂਆਂ ਨੇ ਸ਼ਹਿਰ ਵਿੱਚ ਕੱਟੇ ਗਏ ਨੀਲੇ ਕਾਰਡ ਧਾਰਕਾਂ ਦੇ ਹੱਕ ਵਿੱਚ ਨਿਤਰਕੇ ਐਸ ਡੀ ਐਮ ਫਗਵਾੜਾ ਪਵਿਤਰ ਸਿੰਘ ਨੂੰ ਇਕ ਮੰਗਪਤਰ ਭੇਂਟ ਕਰਕੇ ਕੱਟੇ ਗਏ ਨੀਲੇ ਕਾਰਡਾ ਨੂੰ ਜਲਦ ਬਹਾਲ ਕਰਨ ਦੀ ਮੰਗ ਕੀਤੀ। ਜਾਣਕਾਰੀ ਦਿੰਦੇ ਹੋਏ ਬਸਪਾ ਆਗੂਆਂ ਨੇ ਦਸਿਆ ਕਿ ਫਗਵਾੜਾ ਸ਼ਹਿਰ ਅਤੇ ਨਾਲ ਲਗਦੇ ਪਿੰਡਾ ਵਿੱਚ ਲਗਭਗ ਦੋ ਹਜਾਰ ਦੇ ਕਰੀਬ



ਲੋੜਵੰਦ ਨਾਗਰਿਕਾਂ ਦੇ ਨੀਲੇ ਕਾਰਡ ਕੱਟ ਦਿਤੇ ਗਏ ਹਨ। ਲਾਕਡਾਊਨ ਦੌਰਾਨ ਇੰਨਾ ਲੋੜਵੰਦਾ ਨੂੰ ਕਿਸੇ ਵੀ ਸਰਕਾਰੀ ਸਕੀਮ ਦਾ ਲਾਭ ਨਹੀ ਮਿਲ ਸਕਿਆ। ਜਿਸ ਕਾਰਣ ਲੋਕ ਰੋਸ਼ ਨਾਲ ਭਰੇ ਹੋਏ ਹਨ। ਉਨਾ ਦਸਿਆ ਕਿ ਪਹਿਲਾਂ ਫਗਵਾੜਾ ਵਿੱਚ ਅਕਾਲੀ ਭਾਜਪਾ ਸਰਕਾਰ ਸੀ ਉਦੋ ਵੀ ਇਸੇ ਤਰਾ ਲੋੜਵੰਦਾ ਨੂੰ ਛੱਡਕੇ ਸਿਰਫ ਚਹੇਤਿਆਂ ਨੂੰ ਕਣਕ ਦੀ ਵੰਡ ਕੀਤੀ ਜਾਂਦੀ ਸੀ ਹੁਣ ਕਾਂਗਰਸ ਸਰਕਾਰ ਆ ਗਈ ਹੈ ਕੰਮ ਹੁਣ ਵੀ ਉਹੀ ਜਾਰੀ ਹੈ ਗਰੀਬ ਲੋਕ ਪਹਿਲਾਂ ਵੀ ਪਰੇਸ਼ਾਨ ਸਨ ਤੇ ਹੁਣ ਵੀ ਪਰੇਸ਼ਾਨੀ ਭਰੀ ਜਿੰਦਗੀ ਬਿਤਾ ਰਹੇ ਹਨ। ਬਸਪਾ ਆਗੂਆਂ ਨੇ ਆਖਿਆ ਕਿ ਜਿਹੜੇ ਲੋਕਾਂ ਦੇ ਵੀ ਨੀਲੇ ਕਾਰਡ ਕੱਟੇ ਗਏ ਹਨ ਉਨਾ ਨੂੰ ਜਲਦ ਤੋਂ ਜਲਦ ਬਹਾਲ ਕੀਤਾ ਜਾਵੇ ਨਹੀ ਤਾ ਆਣ ਵਾਲੇ ਦਿਨਾ ਵਿੱਚ ਸੰਘਰਸ਼ ਦਾ ਰਾਸਤਾ ਅਖਤਿਆਰ ਕੀਤਾ ਜਾਵੇਗਾ। ਇਸ ਮੌਕੇ ਬਸਪਾ ਜਿਲਾ ਉਪਪ੍ਰਧਾਨ ਪ੍ਰਦੀਪ ਮੱਲ, ਜਿਲਾ ਜਨਰਲ ਸਕਤਰ ਹਰਭਜਨ ਖਲਵਾੜਾ, ਜਿਲਾ ਸਕਤਰ ਅਮਰਜੀਤ ਖੁੱਤਣ, ਹਲਕਾ ਪ੍ਰਧਾਨ ਚਿਰੰਜੀਲਾਲ ਕਾਲਾ, ਹਲਕਾ ਇੰਚਾਰਜ ਮਨੋਹਰ ਲਾਲ ਜੱਖੂ, ਸੀਨੀਅਰ ਬਸਪਾ ਆਗੂ ਕੁਲਦੀਪ ਭੱਟੀ, ਰਮੇਸ਼ ਲਾਲ, ਡੋਗਰ ਮੱਲ, ਸੋਹਣ ਲਾਲ, ਸੁਰਿੰਦਰ ਕਲੇਰ, ਹਰਭਜਨ ਕਲੇਰ ਆਦਿ ਹਾਜਰ ਸਨ।

# ਪੰਜਾਬ ਬੁੱਧਿਸਟ ਸੁਸਾਇਟੀ ਨੇ ਕਈ ਜਥੇਬੰਦੀਆਂ ਨਾਲ ਇਕੱਠੇ ਹੋ ਕੇ ਡੀ.ਸੀ.ਨੂੰ ਦਿੱਤਾ ਮੰਗ ਪੱਤਰ

**ਜਲੰਧਰ–** ਅੰਬੇਡਕਰ ਨੌਜਵਾਨ ਦਲ ਪੰਜਾਬ, ਸੰਵਿਧਾਨ ਬਚਾਓ ਮੋਰਚਾ, ਅਖਿਲ ਭਾਰਤੀ ਮੌਰੀਆ ਮਹਾਂਸੰਘ, ਬਾਮਸੇਫ ਸਮੇਤ ਕਈ ਅੰਬੇਡਕਰੀ ਅਤੇ ਬੋਧੀ ਸੰਗਠਨ ਸਾਕੇਤ ਮੁਕਤੀ ਅੰਦੋਲਨ ਦੇ ਬੈਨਰ ਹੇਠ ਇਕੱਠੇ ਹੋ ਕੇ ਪੰਜਾਬ ਮੁਖੀ ਬੰਸੀ ਲਾਲ ਪ੍ਰੇਮੀ ਬਾਮਸੇਫ ਤੋਂ ਜੋਗਿੰਦਰ ਰਾਏ, ਪੰਜਾਬ ਬੁਧਿਸਟ ਸੁਸਾਇਟੀ ਤੋਂ ਰਾਮਦਾਸ ਗੁਰੂ, ਮੌਰੀਆ ਸੰਗ ਤੋਂ ਵਿਜੈ ਮੌਰੀਆ ਅਤੇ ਡਾ. ਪ੍ਰਮੋਦ ਚੌਧਰੀ ਦੀ ਅਗਵਾਈ ਵਿਚ ਇਕ ਮੰਡਲ ਲੁਧਿਆਣਾ ਦੇ ਡੀ. ਸੀ. ਵੀਰੇਂਦਰ ਸ਼ਰਮਾ ਨੂੰ ਮਿਲ ਕੇ ਮਾਣਯੋਗ ਰਾਸ਼ਟਰਪਤੀ ਨੂੰ ਮੰਗ ਪੱਤਰ ਸੌਂਪ ਕੇ ਅਯੁੱਧਿਆ ਵਿਚ ਨਿਕਲ ਰਹੇ ਬੋਧੀ ਅਵਸ਼ੇਸ਼ਾਂ ਦੀ ਟ੍ਰੈਕਟਰ ਅਤੇ ਜੇ. ਬੀ. ਸੀ. ਦੁਆਰਾ ਖੁਦਾਈ ਕਰਕੇ ਹੋ ਰਹੀ ਬੇਅਦਬੀ ਨੂੰ ਰੋਕ ਕੇ ਪੁਰਾਤਤਵ ਵਿਭਾਗ ਅਤੇ ਵੀਡੀਓ ਫੁਟੇਜ ਦੀ ਨਿਗਰਾਨੀ ਵਿਚ ਦਿਨ ਦੇ ਚਾਨਣ ਵਿਚ ਕਰਵਾਈ ਜਾਵੇ ਅਤੇ ਉਥੋਂ ਨਿਕਲ ਰਹੇ ਸਬੂਤ ਦੇ ਆਧਾਰ ਤੇ ਮੰਦਰ, ਮਸਜਿਦ ਜਾਂ ਬੋਧੀ ਸਥਲ ਦਾ ਨਿਰਮਾਣ ਹੋਵੇ।





ਪ੍ਰੈਸ ਨਾਲ ਗੱਲ ਕਰਦਿਆਂ ਬੰਸੀਲਾਲ ਪ੍ਰੇਮੀ ਨੇ ਕਿਹਾ ਕਿ ਉਥੇ ਪਹਿਲਾਂ ਸਰਵੇ ਵਿਚ ਕਨਿੰਘਮ ਦੁਆਰਾ 1862-63 ਵਿਚ ਕਰਵਾਏ ਗਏ ਸਰਵੇ ਵਿਚ ਬੋਧੀ ਸਥਾਨ ਦੱਸਿਆ ਸੀ ਅਤੇ 1869-70 ਵਿਚ ਪ੍ਰੋ. ਅਵਧ ਕਿਸ਼ੋਰ ਦੀ ਅਗਵਾਈ ਵਿਚ ਕਰਵਾਈ ਗਈ ਖੁਦਾਈ ਵਿਚ ਬੋਧੀ ਅਵਸ਼ੇਸ਼ ਮਿਲੇ ਅਤੇ ਪੰਜਵੀਂ ਸਦੀ ਵਿਚ ਫਾਹੀਯਾਨ ਦੁਆਰਾ ਕਰਵਾਏ ਗਏ ਸਰਵੇ ਵਿਚ ਵੀ ਬੋਧੀ ਅਸਥਾਨ ਦੱਸਿਆ ਗਿਆ ਸੀ ਅਤੇ ਹੁਣ ਸੁਪਰੀਮ ਕੋਰਟ ਦੁਆਰਾ ਫੈਸਲਾ ਆਉਣ ਤੋਂ ਬਾਅਦ ਸਤਮਲੀ ਕਰਨ ਵਿਚ ਨਿਕਲ ਰਹੇ ਬੋਧੀ ਸਤੂਪ, ਸ਼ੀਲਾਲਾਟ ਅਤੇ ਮੂਰਤੀਆਂ ਇਹ ਸਾਬਤ ਕਰਦੀਆਂ ਹਨ ਕਿ ਇੱਥੇ ਬੋਧੀ ਸਥਾਨ ਮੌਜੂਦ ਰਿਹਾ, ਇਸ ਕਰਕੇ ਅੰਬੇਡਕਰੀ ਬੌਧਿਕ ਸੰਸਥਾਵਾਂ ਭਾਰਤ ਦੇ ਰਾਸ਼ਟਰਪਤੀ ਤੋਂ ਮੰਗ ਕਰਦੀਆਂ ਹਨ ਕਿ ਜਦੋਂ ਦੇਸ਼ ਦਾ ਕਾਨੂੰਨ ਸਬੂਤ ਦੇ ਆਧਾਰ ਤੇ ਚਲਦਾ ਹੈ ਤਾਂ ਇੱਥੇ ਵੀ ਨਿਆਂਇਕ ਸ਼ਰਧਾ ਦੀ ਬਜਾਏ ਸਬੂਤ ਦੇ ਆਧਾਰ ਤੇ ਫੈਸਲਾ ਹੋਵੇ।

ਇਸ ਮੌਕੇ ਤੇ ਵਿਜੇ ਚੌਹਾਨ, ਅਮਨ ਗੁਡੇ, ਰੰਜੀਤ ਸਿੰਘ ਟੈਬੀ, ਅਵਤਾਰ ਸਿੰਘ ਬੋਪਰਾਏ, ਸੁਦਰਸ਼ਨ, ਸੰਜੇ ਕੁਮਾਰ ਰਾਓ, ਵਿਨੋਦ ਇਕਲਵਿਆ, ਨਿਰਮਲ ਸਿੰਘ ਸੋਖੀ, ਰਾਜਿੰਦਰ ਕੁਮਾਰ ਸਮੇਤ ਕਈ ਵਿਅਕਤੀ ਹਾਜ਼ਰ ਸਨ।

# ਸ: ਲਾਲ ਸਿੰਘ ਸੁਲਹਾਣੀ ਨੂੰ ਬਸਪਾ ਦਾ ਸੂਬਾਈ ਜਨਰਲ ਸਕੱਤਰ ਨਿਯੁਕਤ ਕੀਤੇ ਜਾਣ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ- ਖੁਸ਼ੀ ਵਿੱਚ ਲੱਡੂ ਵੰਡੇ



ਅੱਜ ਇਥੇ ਨਿਹਾਲ ਸਿੰਘ ਵਾਲਾ ਵਿਖੇ ਬਸਪਾ ਦੀ ਇੱਕ ਹਲਕਾ ਪੱਧਰੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਸੁਖਮੰਦਰ ਸਿੰਘ ਰਾਮਾ ਹਲਕਾ ਵਿੱਤ ਸਕੱਤਰ ਨੇ ਕੀਤੀ ਅਤੇ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ, ਕੇਵਲ ਸਿੰਘ ਸੈਦੋਕੇ ਪਾਰਲੀਮੈਂਟ ਜੋਨ ਇੰਚਾਰਜ, ਸੇਵਕ ਸਿੰਘ ਮਾਣੂੰਕੇ ਜ਼ਿਲ੍ਹਾ ਇੰਚਾਰਜ ਮੁੱਖ ਤੌਰ ਤੇ ਪਹੁੰਚੇ। ਮੀਟਿੰਗ ਵਿੱਚ ਮਤਾ ਪਾਸ ਕਰਕੇ ਸ੍ਰ: ਲਾਲ ਸਿੰਘ ਸੁਲਹਾਣੀ ਜੀ ਨੂੰ ਸੂਬਾ ਜਨਰਲ ਸਕੱਤਰ ਨਿਯੁਕਤ ਕੀਤੇ ਜਾਣ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਪਾਰਟੀ ਨੇ ਉਘੇ ਦਲਿਤ ਤੇ ਸਿੱਖ ਚਿੰਤਕ, ਬੇਬਾਕ ਬੁਲਾਰੇ ਸ੍ਰ: ਲਾਲ ਸਿੰਘ ਸੁਲਹਾਣੀ ਜੀ ਨੂੰ ਸੂਬਾ ਜਨਰਲ ਸਕੱਤਰ ਨਿਯੁਕਤ ਕਰਕੇ ਸਮੁੱਚੇ ਮੱਜਬੀ ਸਿੱਖ ਭਾਈਚਾਰੇ ਨੂੰ ਮਾਣ ਦੇ ਕੇ ਨਿਵਾਜਿਆ ਹੈ, ਜਿਸ ਦਾ ਪਾਰਟੀ ਨੂੰ ਬਹੁਤ ਫਾਇਦਾ ਹੋਵੇਗਾ।

ਸੁਲਹਾਣੀ ਦੀ ਨਿਯੁਕਤੀ ਨਾਲ ਸਾਰੇ ਮਾਲਵੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਮੌਕੇ ਰਿਟਾਇਰਡ ਪ੍ਰਿੰਸੀਪਲ ਸ੍ਰ: ਕੰਵਲਜੀਤ ਸਿੰਘ ਮੱਲ੍ਹੀ ਜੋ ਪੱਛੜੇ ਵਰਗ ਵਿਚੋਂ ਨੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਅਤੇ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ ਤੇ ਹੋਰ ਸੀਨੀਅਰ ਆਗੂਆਂ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਿਲ ਹੋਣ ਤੇ ਜੀ ਆਇਆਂ ਕਿਹਾ ਤੇ ਪਾਰਟੀ ਵਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਜ਼ੋਰਾ ਸਿੰਘ ਭੰਗਾ ਨੂੰ ਨਿਹਾਲ ਸਿੰਘ ਵਾਲਾ ਦਾ ਸਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ। ਸੁਲਹਾਣੀ ਜੀ ਦੀ ਨਿਯੁਕਤੀ ਤੇ ਖ਼ੁਸ਼ੀ ਵਿੱਚ ਲੱਡੂ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਗੁਰਚਰਨ ਸਿੰਘ ਧੂੜਕੋਟ, ਸਰਕਲ ਪ੍ਰਧਾਨ ਬਲਵੰਤ ਸਿੰਘ ਖੋਟੇ, ਨਛੱਤਰ ਸਿੰਘ ਦੁੱਨੇਕੇ, ਡਾਕਟਰ ਵਿਸਾਖਾ ਸਿੰਘ, ਬਲਜੀਤ ਸਿੰਘ ਦੁੱਨੇਕੇ, ਸੂਬੇਦਾਰ ਕੌਰ ਸਿੰਘ ਮਾਛੀਕੇਸੂਬੇਦਰ ਮਹਿੰਦਰ ਸਿੰਘ ਮਾਛੀਕੇ,ਲਾਭ ਸਿੰਘ ਬੱਧਨੀ ਕਲਾਂ, ਗੁਰਮੇਲ ਸਿੰਘ ਬੱਧਨੀ, ਸ਼ਿੰਗਾਰਾ ਸਿੰਘ ਰਣਸੀਂਹ ਖੁਰਦ, ਰੂਪ ਸਿੰਘ ਰਣਸੀਂਹ ਕਲਾਂ, ਸੰਦੀਪ ਸਿੰਘ ਸੈਦੋਕੇ, ਭਰਭੂਰ ਸਿੰਘ ਰਣਸੀਂਹ ਖੁਰਦ, ਦਰਸ਼ਨ ਸਿੰਘ ਰਣਸੀਂਹ ਖੁਰਦ ਆਦਿ ਬਸਪਾ ਆਗੂ ਹਾਜ਼ਰ ਸਨ।

# ਸਿਆਟਲ ਵਿਚ ਹੋਈ ਗੋਲੀਬਾਰੀ 'ਚ ਇਕ ਲੜਕੇ ਦੀ ਮੌਤ ਇਕ ਜ਼ਖਮੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿਆਟਲ ਦੇ ਪ੍ਰਦਰਸ਼ਨਕਾਰੀਆਂ ਦੇ ਜ਼ੋਨ ਵਿਚ ਹੋਈ ਗੋਲੀਬਾਰੀ ਵਿਚ ਇਕ 16 ਸਾਲਾ ਲੜਕਾ ਦਮ ਤੋੜ ਗਿਆ ਜਦ ਕਿ ਇਕ ਹੋਰ 14 ਸਾਲਾ ਲੜਕਾ ਜ਼ਖਮੀ ਹੋ ਗਿਆ ਜਿਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਪੁਲਿਸ ਮੁਖੀ ਕਾਰਮੈਨ ਬੈਸਟ ਨੇ ਕਿਹਾ ਹੈ ਕਿ ਇਕ ਹਫ਼ਤਾ ਪਹਿਲਾਂ ਵੀ ਇਥੇ ਗੋਲੀਬਾਰੀ ਹੋਈ ਸੀ ਜਿਸ ਵਿਚ ਇਕ ਵਿਅਕਤੀ ਮਾਰਿਆ ਗਿਆ ਸੀ ਤੇ ਇਕ ਹੋਰ ਜ਼ਖਮੀ ਹੋ ਗਿਆ ਸੀ। ਉਨਾਂ ਕਿਹਾ ਕਿ ਇਹ ਰੁਝਾਨ ਬਹੁਤ ਖਤਰਨਾਕ ਹੈ ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨਾਂ ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿ ਬਹੁਤ ਹੋ ਚੁੱਕਾ ਹੈ, ਸਾਨੂੰ ਇਥੇ ਨਿਯੰਤਰਣ ਕਰਨਾ ਪਵੇਗਾ। ਪਿਛਲੇ 2 ਹਫ਼ਤਿਆਂ ਤੋਂ ਪ੍ਰਦਰਸ਼ਨਕਾਰੀ ਇਥੇ ਡਟੇ ਹੋਏ ਹਨ ਤੇ ਉਹ ਨਸਲੀ ਨਿਆਂ ਦੀ ਮੰਗ ਕਰ ਰਹੇ ਹਨ।

# ਇਟਲੀ 'ਚ ਪੰਜਾਬਣ ਵਿਦਿਆਰਥਣ ਨੇ ਮੈਡੀਕਲ ਸ਼੍ਰੇਣੀ ਵਿਚ 100 ਫ਼ੀਸਦੀ ਅੰਕ ਲੈ ਕੇ ਗੱਡੇ ਝੰਡੇ



**ਰੋਮ–** ਇਟਲੀ ਵਿਚ ਭਾਰਤੀਆਂ ਨੇ ਆਪਣੇ-ਆਪ ਨੂੰ ਸਥਾਪਤ ਕਰਨ ਵਾਲੀ ਪੌੜੀ ਚੜ੍ਹਨਾ ਆਰੰਭ ਹੋ ਗਿਆ ਹੈ, ਜਿਹਨਾਂ ਵਿਚੋਂ ਕੁਝ ਕੁ ਭਾਰਤੀ ਅਜਿਹੇ ਹਨ, ਜਿਹਨਾਂ ਨੇ ਪੜ੍ਹਾਈ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। ਪੰਜਾਬ ਦੀ ਇਕ ਹੋਣਹਾਰ ਵਿਦਿਆਰਥਣ ਭਾਵਨਾ ਕਲੇਰ ਨੇ ਮੈਡੀਕਲ ਖੇਤਰ ਵਿਚ 100 ਫੀਸਦੀ ਅੰਕ ਹਾਸਲ ਕਰਕੇ ਇਟਲੀ ਵਿਚ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਹੈ। ਭਾਵਨਾ ਕਲੇਰ ਆਪਣੇ ਪਿਤਾ ਨਰਿੰਦਰ ਕੁਮਾਰ ਅਤੇ ਮਾਤਾ ਸੁਨੀਤਾ ਰਾਣੀ ਨਾਲ ਇਟਲੀ ਵਿਚ ਰਹਿੰਦੀ ਹੈ। ਉਹਨਾਂ ਨੇ ਵਿਚੈਂਸਾ ਦੇ ਸ਼ਹਿਰ ਲੋਨੀਗੋ ਤੋਂ ਮੈਡੀਕਲ ਡਿਪਲੋਮਾ ਵਿਚੋਂ 100 ਵਿਚੋਂ 100 ਅੰਕ ਹਾਸਲ ਕੀਤੇ ਹਨ। ਭਾਵਨਾ ਕਲੇਰ ਦੀਆਂ ਸ਼ਲਾਘਾਯੋਗ ਕਾਰਵਾਈਆਂ ਲਈ ਉਸ ਨੂੰ ਖਾਸ ਤੌਰ ਤੇ ਇਟਲੀ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਵੈਲਫੇਅਰ ਐਸੋਸੀਏਸ਼ਨ (ਰਜਿ.) ਇਟਲੀ ਦੇ ਸਰਪ੍ਰਸਤ ਗਿਆਨ ਚੰਦ ਸੂਦ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਵਧਾਈਆਂ ਦਿੱਤੀਆਂ ਗਈਆਂ।

# ਅਮਰੀਕਾ 'ਚ 50 ਫ਼ੀਸਦੀ ਭਾਰਤਵੰਸ਼ੀ ਟਰੰਪ ਦੇ ਹੱਕ 'ਚ ਭੁਗਤ ਸਕਦੇ ਹਨ

**ਵਾਸ਼ਿੰਗਟਨ–** ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਦੇ ਲੋਕਾਂ ਅਤੇ ਭਾਰਤੀ ਮੂਲ ਦੇ ਅਮਰੀਕੀਆਂ ਤੋਂ ਮਿਲ ਰਹੇ ਵਿਆਪਕ ਸਮਰਥਨ ਲਈ ਉਨ੍ਹਾਂ ਦੇ ਬਹੁਤ ਆਭਾਰੀ ਹਨ। ਵ੍ਹਾਈਟ ਹਾਊਸ ਨੇ ਉਸ ਸਰਵੇਖਣ ਦੇ ਜਵਾਬ ਵਿਚ ਇਹ ਟਿੱਪਣੀ ਕੀਤੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਦੇ ਕੁਝ ਅਹਿਮ ਰਾਜਾਂ ਵਿਚ ਭਾਰਤੀ ਭਾਈਚਾਰੇ ਦੇ 50 ਫ਼ੀਸਦੀ ਤੋਂ ਜ਼ਿਆਦਾ ਲੋਕ ਨਵੰਬਰ ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਟਰੰਪ ਦੇ ਪੱਖ ਵਿਚ ਵੋਟਿੰਗ ਕਰ ਸਕਦੇ ਹਨ। ਵ੍ਹਾਈਟ ਹਾਊਸ ਦੀ ਡਿਪਟੀ ਪ੍ਰੈੱਸ ਸੈਕਟਰੀ ਸਾਰਾ ਮੈਥਿਊਜ਼ ਨੇ ਹਾਲ ਹੀ ਦੇ ਸਰਵੇਖਣ ਦੇ ਨਤੀਜਿਆਂ 'ਤੇ ਸਵਾਲ ਦਾ ਜਵਾਬ ਦਿੰਦੇ ਹੋਏ ਇਹ ਟਿੱਪਣੀ ਕੀਤੀ।

ਆਮ ਤੌਰ 'ਤੇ ਡੈਮੋਕ੍ਰੇਟਿਕ ਪਾਰਟੀ ਲਈ ਵੋਟ ਕਰਨ ਵਾਲੇ ਭਾਰਤੀ ਮੂਲ ਦੇ ਅਮਰੀਕੀ ਤਿੰਨ ਨਵੰਬਰ ਦੀ ਚੋਣ ਵਿਚ ਟਰੰਪ ਦੀ ਰਿਪਬਲਿਕਨ ਪਾਰਟੀ ਨੂੰ ਵੋਟ ਪਾ ਸਕਦੇ ਹਨ। ਮੈਥਿਊਜ਼ ਨੇ ਦੱਸਿਆ ਕਿ ਰਾਸ਼ਟਰਪਤੀ ਟਰੰਪ ਭਾਰਤ ਦੇ ਲੋਕਾਂ ਅਤੇ ਅਮਰੀਕਾ ਵਿਚ ਰਹਿਣ ਵਾਲੇ ਲੱਖਾਂ ਭਾਰਤੀ ਮੂਲ ਦੇ ਲੋਕਾਂ ਤੋਂ ਮਿਲੇ ਵੱਡੇ ਪੱਧਰ 'ਤੇ ਸਮਰਥਨ ਲਈ ਧੰਨਵਾਦੀ ਹਨ। ਟਰੰਪ ਵਿਕਟਰੀ ਇੰਡੀਅਨ-ਅਮਰੀਕਨ ਫਾਇਨਾਂਸ ਕਮੇਟੀ ਦੇ ਸਹਿ-ਪ੍ਰਧਾਨ ਅਲ ਮੈਸਨ ਵੱਲੋਂ ਕੀਤੇ ਸਰਵੇਖਣ ਦੇ ਨਤੀਜਿਆਂ ਅਨੁਸਾਰ ਚੋਣ ਮੁਕਾਬਲੇ ਵਾਲੇ ਅਹਿਮ ਰਾਜਾਂ ਮਿਸ਼ੀਗਨ, ਫਲੋਰੀਡਾ, ਟੈਕਸਾਸ, ਪੈਨਸਿਲਵੇਨੀਆ ਅਤੇ ਵਰਜੀਨੀਆ ਵਿਚ 50 ਫ਼ੀਸਦੀ ਤੋਂ ਜ਼ਿਆਦਾ ਭਾਰਤੀ ਮੂਲ ਦੇ ਅਮਰੀਕੀ ਟਰੰਪ ਦੇ ਪੱਖ ਵਿਚ ਵੋਟ ਕਰ ਸਕਦੇ ਹਨ। ਬਤੌਰ ਰਾਸ਼ਟਰਪਤੀ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਟਰੰਪ ਨੇ ਭਾਰਤੀ ਮੂਲ ਦੇ ਅਮਰੀਕੀ ਭਾਈਚਾਰੇ ਤਕ ਪਹੁੰਚ ਬਣਾਉਣ ਦੀ ਜ਼ਿਆਦਾ ਕੋਸ਼ਿਸ਼ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੇ ਕਰੀਬੀ ਸਬੰਧਾਂ ਨੇ ਉਨ੍ਹਾਂ ਨੂੰ ਭਾਰਤਵੰਸ਼ੀਆਂ ਦੇ ਦਿਲਾਂ ਵਿਚ ਥਾਂ ਬਣਾਉਣ ਵਿਚ ਕਾਫ਼ੀ ਮਦਦ ਕੀਤੀ ਹੈ। ਮੈਥਿਊਜ਼ ਨੇ ਕਿਹਾ ਕਿ ਟਰੰਪ ਨੇ ਸਾਡੇ ਅਰਥਚਾਰੇ ਨੂੰ ਵਧਾਉਣ, ਸਾਡੀ ਸੰਸਕ੍ਰਿਤੀ ਨੂੰ ਖ਼ੁਸ਼ਹਾਲ ਕਰਨ ਅਤੇ ਸਾਡੇ ਭਾਈਚਾਰਿਆਂ ਨੂੰ ਮਜ਼ਬੂਤ ਕਰਨ ਵਿਚ ਭਾਰਤੀ ਮੂਲ ਦੇ ਅਮਰੀਕੀਆਂ ਦੀ ਅਹਿਮ ਭੂਮਿਕਾ ਨੂੰ ਪਛਾਣਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਮੂਲ ਦੇ ਅਮਰੀਕੀਆਂ ਵਿਚਕਾਰ ਬੇਰੁਜ਼ਗਾਰੀ ਦਰ ਕਰੀਬ 33 ਫ਼ੀਸਦੀ ਤਕ ਡਿੱਗੀ ਹੈ।

# ਮਨਰੇਗਾ ਮੁਲਾਜ਼ਮਾਂ, ਰੂਰਲ ਫਾਰਮੇਸੀ ਅਫਸਰਾਂ ਸਮੇਤ ਸਾਰੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇ- ਸਰਦਾਰ ਜਸਵੀਰ ਸਿੰਘ ਗੜ੍ਹੀ

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਕਾਂਗਰਸ ਸਰਕਾਰ ਤੇ ਵਰਦਿਆਂ ਦੱਸਿਆ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਪਿਛਲੇ 14 ਸਾਲਾਂ ਤੋਂ ਮਨਰੇਗਾ ਮੁਲਾਜ਼ਮ ਤੇ ਰੂਰਲ ਫਾਰਮੇਸੀ ਅਫਸਰ ਨਿਗੂਣੀਆਂ ਤਨਖਾਹਾਂ ਤੇ ਠੇਕੇ ਸਿਸਟਮ ਅਧੀਨ ਲਗਾਤਾਰ ਸੇਵਾ ਕਰਦੇ ਆ ਰਹੇ ਹਨ ਪਰ ਕਿੰਨੀ ਸ਼ਰਮ ਦੀ ਗੱਲ ਹੈ ਕਿ ਪਿਛਲੇ 14 ਸਾਲਾਂ ਤੋਂ 1539 ਮਨਰੇਗਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੇ ਨਾਂ ਤੇ ਪਹਿਲਾਂ ਅਕਾਲੀ- ਭਾਜਪਾ ਗਠਜੋੜ ਸਰਕਾਰ ਨੇ 10 ਸਾਲ ਲਾਰੇ ਲੱਪਿਆਂ ਵਿੱਚ ਰੱਖਿਆ ਤੇ ਹੁਣ ਕੈਪਟਨ ਸਰਕਾਰ ਵੀ ਉਸੇ ਲੀਹ ਤੁਰਦੀ ਹੋਈ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਇਨ੍ਹਾਂ ਮੁਲਾਜ਼ਮਾਂ ਨੂੰ ਵੱਖ ਵੱਖ ਸਮੇਂ ਮੰਤਰੀਆਂ ਦੀਆਂ ਹਾਈ ਪਾਵਰ ਕਮੇਟੀਆਂ ਬਣਾ ਕੇ ਰੈਗੂਲਰ ਕਰਨ ਦੇ ਨਾਂ ਤੇ ਇਨ੍ਹਾਂ ਮਿਹਨਤੀ ਮੁਲਾਜ਼ਮਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ ਤੇ ਬਸਪਾ ਕੈਪਟਨ ਸਰਕਾਰ ਦੇ ਕੱਚੇ ਮੁਲਾਜ਼ਮਾਂ ਪ੍ਰਤੀ ਇਸ ਜ਼ੁਲਮੀ ਵਤੀਰੇ ਦਾ ਡਟ ਕੇ ਵਿਰੋਧ ਕਰਦੀ ਹੈ ਤੇ ਕੱਚੇ ਮੁਲਾਜ਼ਮਾਂ ਦੇ ਇਸ ਸੰਘਰਸ਼ ਵਿੱਚ ਉਨ੍ਹਾਂ ਨਾਲ ਹਮੇਸ਼ਾ ਚੱਟਾਨ ਵਾਂਗ ਖੜ੍ਹੀ ਨਜ਼ਰ ਆਵੇਗੀ। ਉਨ੍ਹਾਂ ਦੱਸਿਆ ਕਿ ਮਨਰੇਗਾ ਮੁਲਾਜ਼ਮਾਂ ਨੇ ਪਿੰਡਾਂ ਦੀ ਨੁਹਾਰ ਬਦਲਣ ਵਿੱਚ ਅਹਿਮ ਰੋਲ ਅਦਾ ਕੀਤਾ ਹੈ ਤੇ ਪਿੰਡਾਂ ਦੇ 90 ਫੀਸਦੀ ਵਿਕਾਸ ਕੰਮ ਸਿੱਧੇ ਤੌਰ ਤੇ ਇਨਾ 1539 ਮਨਰੇਗਾ ਮੁਲਾਜ਼ਮਾਂ ਤੇ ਅਠਾਰਾਂ ਲੱਖ ਮਨਰੇਗਾ ਮਜ਼ਦੂਰਾਂ ਦੇ ਕਾਰਨ ਚੱਲ ਰਹੇ ਹਨ ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਜਦੋਂ ਵੀ ਇਹ ਸੰਘਰਸ਼ੀ ਮਨਰੇਗਾ ਮੁਲਾਜ਼ਮ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਹਨ ਤਾਂ ਅਫਸਰਸ਼ਾਹੀ ਵੱਲੋਂ ਇਨ੍ਹਾਂ ਨੂੰ ਨੌਕਰੀ ਤੋਂ ਕੱਢਣ ਦੇ ਡਰਾਵੇ ਦਿੱਤੇ ਜਾਂਦੇ ਹਨ ,ਜੋ ਕਿ ਅਤਿ ਨਿੰਦਣਯੋਗ ਹਨ।



ਹੋਰ ਉਨ੍ਹਾਂ ਦੱਸਿਆ ਕਿ ਇਸੇ ਹੀ' ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ' ਜੋ ਕਿ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦਾ ਮਹਿਕਮਾ ਹੈ ਵਿੱਚ 1186 ਹੈਲਥ ਤੇ ਦਰਜਾ ਚਾਰ ਮੁਲਾਜ਼ਮ ਪਿਛਲੇ 14 ਸਾਲਾਂ ਤੋਂ ਠੇਕੇ ਤੇ ਸੇਵਾਵਾਂ ਦੇ ਰਹੇ ਹਨ ਪਰ ਇਨ੍ਹਾਂ ਨੂੰ ਵੀ ਵਿਭਾਗ ਵਿੱਚ ਪੱਕਾ ਨਾ ਕਰਕੇ ਨਿਗੁਣੀਆਂ ਤਨਖਾਹਾਂ ਤੇ ਤੇ ਕੰਮ ਕਰਵਾਇਆ ਜਾ ਰਿਹਾ ਹੈ ਤੇ ਕਿੰਨੀ ਅਫ਼ਸੋਸ ਦੀ ਗੱਲ ਹੈ ਕਿ 2011 ਵਿੱਚ ਇਨ੍ਹਾਂ ਹੀ ਮੁਲਾਜ਼ਮਾਂ ਨਾਲ ਭਰਤੀ ਹੋਏ ਮੈਡੀਕਲ ਅਫਸਰਾਂ ਨੂੰ ਤਾਂ ਪੱਕਾ ਕਰ ਦਿੱਤਾ ਗਿਆ, ਪਰ ਰੂਰਲ ਹੈਲਥ ਅਫ਼ਸਰਾਂ ਤੇ ਦਰਜਾ ਚਾਰ ਕਰਮੀਆਂ ਨੂੰ ਰੈਗਲੂਰ ਦੇ ਨਾਂ ਤੇ ਪਿਛਲੇ 14 ਸਾਲਾ ਤੋਂ ਲਾਰੇ ਲੱਪੇ ਹੀ ਲਗਾਏ ਜਾ ਰਹੇ ਹਨ ,ਜਦੋਂ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਕੋਵਿਡ -19 ਕਾਰਨ ਇਨ੍ਹਾਂ ਮੁਲਾਜ਼ਮਾਂ ਨੂੰ ਆਰਜ਼ੀ ਤੌਰ ਤੇ ਸਿਹਤ ਵਿਭਾਗ ਵਿੱਚ ਫਰੰਟ ਲਾਈਨ ਤੇ ਹਸਪਤਾਲਾਂ ਵਿੱਚ ਕੰਮ ਲਿਆ ਜਾ ਰਿਹਾ ਹੈ ਤੇ ਇਨ੍ਹਾਂ ਦੇ ਕਰੋਨਾ ਮਹਾਂਮਾਰੀ ਦੌਰਾਨ ਯੋਗਦਾਨ ਨੂੰ ਵੀ ਅੱਖੋਂ ਪਰੋਖੇ ਕਰ ,ਬੱਸ ਝੂਠੇ ਵਾਅਦਿਆਂ ਨਾਲ ਹੀ ਸਾਰਿਆ ਜਾ ਰਿਹਾ ਹੈ। ਇਸੇ ਤਰ੍ਹਾਂ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਫਰੰਟ ਲਾਈਨ ਤੇ ਕੰਮ ਕਰਨ ਵਾਲੀਆਂ ਨਰਸਾਂ ਨੂੰ ਵੀ ਰੈਗੂਲਰ ਨਾ ਕਰਕੇ ਉਨ੍ਹਾਂ ਦੇ ਸੰਘਰਸ਼ ਨੂੰ ਵੀ ਲਗਾਤਾਰ ਦਬਾਇਆ ਜਾ ਰਿਹਾ ਹੈ ਅਤੇ ਅਖੀਰ ਵਿੱਚ ਸੂਬਾ ਪ੍ਰਧਾਨ ਗੜ੍ਹੀ ਜੀ ਨੇ ਮਨਰੇਗਾ ਮੁਲਾਜ਼ਮਾਂ, ਰੂਰਲ ਹੈਲਥ ਅਫ਼ਸਰਾਂ, ਦਰਜਾ ਚਾਰ ਮੁਲਾਜ਼ਮਾਂ ਤੇ ਨਰਸਾਂ ਦੇ ਸੰਘਰਸ਼ ਨੂੰ ਹਮਾਇਤ ਦਿੰਦਿਆਂ ਕੈਪਟਨ ਸਰਕਾਰ ਨੂੰ ਸਾਰੇ ਵਿਭਾਗਾਂ ਵਿੱਚ ਕੱਚੇ ਮੁਲਾਜ਼ਮਾਂ ਨੂੰ 'ਮੁਲਾਜ਼ਮ ਵੈਲਫੇਅਰ ਐਕਟ -2016 'ਨੂੰ ਲਾਗੂ ਕਰਕੇ ਪੂਰੀਆਂ ਤਨਖਾਹਾਂ ਵਿੱਚ ਇਨ੍ਹਾਂ ਮੁਲਾਜ਼ਮਾਂ ਨੂੰ ਰੈਗੂਲਰ ਕਰਕੇ ਇਨਸਾਫ ਦੇਣ ਦੀ ਅਪੀਲ ਕੀਤੀ ਤੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਇਨ੍ਹਾਂ ਸਾਰੇ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਦਾ ਭਵਿੱਖ ਵਿੱਚ ਸੰਘਰਸ਼ ਦੇ ਮੈਦਾਨ ਵਿੱਚ ਬਸਪਾ ਹਮੇਸ਼ਾ ਸਾਥ ਦੇਵੇਗੀਲ ਸਰਦਾਰ ਗੜ੍ਹੀ ਨੇ ਪੀ ਟੀ ਸੀ ਚੈਨਲ ਦੇ ਐਂਕਰ ਸ਼੍ਰੀ ਦਵਿੰਦਰਪਾਲ ਸਿੰਘ ਕੋਰੋਨਾ ਬਿਮਾਰੀ ਨਾਲ ਦੇਹਾਂਤ ਹੋਣ ਉਪਰ ਅਫਸੋਸ ਪ੍ਰਗਟ ਕਰਦਿਆ ਕਿਹਾ ਕਿ ਸਰਕਾਰ ਨੂੰ ਓਹਨਾ ਮੀਡੀਆ ਕਰਮੀਆਂ ਲਈ 50 ਲੱਖ ਦਾ ਬੀਮਾ ਜਾਰੀ ਕਰਨਾ ਚਾਹੀਦਾ ਹੈ ਜੋ ਕੋਵਿਡ 19 ਦਾ ਸਿਕਾਰ ਹੁੰਦੇ ਹਨ। ਸ਼੍ਰੀ ਦਵਿੰਦਰਪਾਲ ਸਿੰਘ ਦੇ ਪਰਿਵਾਰ ਲਈ ਵੀ ਬਸਪਾ ਨੇ ਪੰਜਾਹ ਲੱਖ ਮੁਆਵਜੇ ਦੀ ਸਹਾਇਤਾ ਰਾਸ਼ੀ ਦੀ ਮੰਗ ਕੀਤੀ।

# ਅਮੈਰਿਕਨ ਸੀਨੀਅਰ ਸਿਟੀਜਨਸ ਗਰੁੱਪ ਸੈਕਰਾਮੈਂਟੋ ਦੀ ਹਫਤਾਵਾਰੀ ਮੀਟਿੰਗ

**ਸੈਕਰਾਮੈਂਟੋ-** ਪਿਛਲੇ ਹਫਤੇ ਦੀ ਤਰ੍ਹਾਂ ਇਸ ਵਾਰੀ ਵੀ ਸੀਨੀਅਰ ਸਿਟੀਜਨਸ ਗਰੁੱਪ ਸੈਕਰਾਮੈਂਟੋ ਦੀ ਹਫਤਾਵਾਰੀ ਮੀਟਿੰਗ 25 ਜੂਨ 2020 ਦਿਨ ਵੀਰਵਾਰ ਨੂੰ ਆਨਲਾਈਨ ਹੋਈ, ਜਿਸ ਵਿਚ 16-17 ਦਿਨ ਵੀਰਵਾਰ ਨੂੰ ਆਨਲਾਈਨ ਹੋਈ, ਜਿਸ ਵਿਚ 16-17 ਮੈਂਬਰਾਂ ਨੇ ਭਾਗ ਲਿਆ।

ਇਹ ਮੀਟਿੰਗ 2 ਘੰਟੇ (ਇਕ-ਦੋ ਘੰਟੇ ਦੇ ਦੋ ਗਰੁੱਪ ਚੱਲੀ। ਆਮ ਵਿਚਾਰ ਚਰਚਾ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਕਿ ਅਗਲੀਆਂ ਮੀਟਿੰਗਾਂ ਵਿਚ ਸ੍ਰੀ ਪ੍ਰੇਮ ਚੁੰਬਰ (ਦੇਸ਼ ਦੁਆਬਾ) ਅਤੇ ਡਾ. ਪਰਮਜੀਤ ਸਿੰਘ ਤੱਖਰ (ਤੱਖਰ ਕਲੀਨਿਕ, ਸਾਊਥ ਸੈਕਰਾਮੈਂਟੋ) ਨੂੰ ਵਾਰੀ-ਵਾਰੀ ਬੁਲਾਇਆ ਜਾਵੇ ਅਤੇ ਵਿਚਾਰ ਸੁਣੇ ਜਾਣ। ਇਹ ਮੀਟਿੰਗਾਂ ਵੀ ਦੋ ਘੰਟੇ ਦੀਆਂ ਹੋਣਗੀਆਂ। ਸੀਨੀਅਰ ਸਿਟੀਜ਼ਨਸ ਨੇ ਇਸ ਬਾਰੇ ਸਹਿਮਤੀ ਪ੍ਰਗਟ ਕੀਤੀ।

ਮੀਟਿੰਗ ਵਿਚ ਮੈਂਬਰਾਂ ਦੇ ਕਰੋਨਾ ਸਬੰਧੀ ਵਿਚਾਰ, ਖਾਣ-ਪੀਣ ਦਾ ਧਿਆਨ ਰੱਖਣ ਅਤੇ ਆਮ ਗੱਲਾਂ ਉਪਰ ਵਿਚਾਰ ਹੋਈ। ਇਸ ਤੋਂ ਇਲਾਵਾ ਗਰੁੱਪ ਦੇ ਪ੍ਰਧਾਨ ਸ੍ਰੀ ਜਗਰੂਪ ਸਿੰਘ ਮਾਂਗਟ ਵੱਲੋਂ ਚਾਈਨਾ ਬਾਰਡਰ 'ਤੇ ਸ਼ਹੀਦਾਂ ਨੂੰ ਸਲੂਟ ਕਰਨ ਅਤੇ ਪਰਿਵਾਰ ਨਾਲ ਹਮਦਰਦੀ ਦਾ ਮਤਾ ਪੇਸ਼ ਕੀਤਾ। ਕੁੱਲ ਮਿਲਾ ਕੇ ਮੀਟਿੰਗ ਬੜੇ ਵਧੀਆ ਮਾਹੌਲ ਵਿਚ ਹੋਈ।

**ਰਿਪੋਰਟ- ਬਿੱਕਰ ਸਿੰਘ ਮਾਨ**











## ਮਸਾਣੀਆਂ ਗੁਰੂ ਘਰ 'ਚ ਗੁਰ ਸਿੱਖ ਮਹਾਂ ਸਭਾ ਵੈਲਫੇਅਰ ਸੁਸਾਇਟੀ ਦਾ ਗਠਨ



**ਸ਼ਾਮਚੁਰਾਸੀ, (ਚੁੰਬਰ) -** ਪਿੰਡ ਮਸਾਣੀਆਂ ਵਿਖੇ ਗੁਰ ਸਿੱਖ ਮਹਾਂ ਸਭਾ ਵੈਲਫੇਅਰ ਸੁਸਾਇਟੀ ਦੀ ਅਹਿਮ ਮੀ-ਟਿੰਗ ਭਾਈ ਧਰਮਿੰਦਰ ਸਿੰਘ, ਪ੍ਰਧਾਨ ਗੁਰਸਿੱਖ ਮਹਾਂ ਸਭਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਕਰੋਨਾ ਵਾਇਰਸ ਲਾਕਡਾਊਨ ਵਿਚ ਕਿਸੇ ਵੀ ਸਰਕਾਰ, ਸ਼੍ਰੋਮਣੀ ਕਮੇਟੀ ਜਾਂ ਕਿਸੇ ਹੋਰ ਸਿੱਖ ਸੰਸਥਾ ਦੀ ਗੁਰੂ ਘਰ ਦੇ ਵਜੀਰਾਂ ਦੀ ਬਾਂਹ ਨਹੀਂ ਫੜੀ ਜਿਸ ਕਾਰਨ ਉਹ ਭਾਰੀ ਨਿਰਾਸ਼ਾ ਦੇ ਆਲਮ ਵਿਚ ਹਨ। ਇਸ ਆਰਥਿਕ ਤੰਗੀ ਵਿਚ ਬੜੀ ਮੁਸ਼ਕਿਲ ਦੇ ਨਾਲ ਪਾਠੀ ਸਿੰਘਾਂ ਨੇ ਆਪਣਾ ਸਮਾਂ ਪਾਸ ਕਰਨ ਦਾ ਵੀ ਜ਼ਿਕਰ ਕੀਤਾ। ਗੁਰੂ ਸਿੰਘ ਮਹਾਂ ਸਭਾ ਵੈਲਫੇਅਰ ਸੁਸਾਇਟੀ ਦਾ ਇਸ ਮੌਕੇ ਨਿਯਮਤ ਢੰਗ ਨਾਲ ਨਵ ਗਠਿਨ ਕੀਤਾ ਗਿਆ ਜਿਸ ਵਿਚ ਭਾਈ ਧਰਮਿੰਦਰ ਸਿੰਘ ਨੂੰ ਪ੍ਰਧਾਨ, ਭਾਈ ਗੁਰਚਰਨ ਸਿੰਘ ਨੂੰ ਉਪ ਪ੍ਰਧਾਨ, ਭਾਈ ਪ੍ਰਸ਼ੋਤਮ ਸਿੰਘ ਨੂੰ ਜਨਰਲ ਸਕੱਤਰ, ਭਾਈ ਸਰਬਜੀਤ ਸਿੰਘ ਪ੍ਰੈਸ ਸਕੱਤਰ, ਭਾਈ ਸੋਮ ਪਾਲ ਸਿੰਘ ਕੈਸ਼ੀਅਰ, ਭਾਈ ਜਗਦੀਸ਼ ਸਿੰਘ ਸਲਾਹਕਾਰ, ਭਾਈ ਸੁਖਵਿੰਦਰ ਸਿੰਘ ਸਮਾਜ ਸੇਵਕ, ਮੈਂਬਰ ਭਾਈ ਅਰਮਜੀਤ ਸਿੰਘ, ਭਾਈ ਪਰਦੀਪ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਜਸਵੀਰ ਸਿੰਘ ਸੋਢੀ, ਭਾਈ ਬਿਕਰਮ ਸਿੰਘ ਪੰਡੋਰੀ, ਭਾਈ ਹਰਜਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਸਮੇਤ ਕਈ ਹੋਰ ਪਾਠੀ ਸਿੰਘਾਂ, ਰਾਗੀ ਸਿੰਘਾਂ ਨੂੰ ਬਤੌਰ ਏ ਮੈਂਬਰ ਨਿਯੁਕਤ ਕੀਤਾ ਗਿਆ। ਅੰਤ ਵਿਚ ਮਹਾਂ ਸਭਾ ਤੇ ਪ੍ਰਧਾਨ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ।

## ਸ਼ਾਮਚੁਰਾਸੀ 'ਚ ਜੁਆਇੰਟ ਫੋਰਮ ਦੇ ਸੱਦੇ ਤੇ ਅਰਥੀ ਫੂਕ ਮੁਜ਼ਾਹਰਾ



**ਸ਼ਾਮਚੁਰਾਸੀ (ਚੁੰਬਰ)** - ਜੁਆਇੰਟ ਫੋਰਸ ਦੇ ਸੱਦੇ ਤੇ ਉਪ ਮੰਡਲ ਸ਼ਾਮਚੁਰਾਸੀ ਵਿਖੇ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦਾ ਪੁਤਲਾ ਫੂਕਿਆ ਗਿਆ। ਇਸ ਰੋਸ ਅਤੇ ਅਰਥੀ ਫੂਕ ਮੁਜਾਹਰਾ ਸਮੂਹ ਸਰਗਰਮ ਕਾਰਕੁੰਨਾ ਵਲੋਂ ਸਰਕਾਰ ਖਿਲਾਫ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ ਲਗਭਗ 1768 ਏਕੜ ਜ਼ਮੀਨ ਵੇਚਣ ਤੇ ਵਿਰੋਧ ਵਿਚ ਕੀਤਾ ਗਿਆ। ਇਸ ਮੌਕੇ ਡਵੀਜਨ ਪ੍ਰਧਾਨ ਇੰਜ. ਨਿਰਮਲ ਸਿੰਘ ਮੰਡਲ ਹੁਸ਼ਿਆਰਪੁਰ, ਸਕੱਤਰ ਨਛੱਤਰ ਸਿੰਘ, ਸਬ ਡਵੀਜਨ ਪ੍ਰਧਾਨ ਦਲਵੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਇਹ ਫੈਸਲਾ ਵਾਪਿਸ ਨਾ ਲਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

# ਅਮਰੀਕਾ ਵਿਚ ਸਿੱਖਾਂ ਦੀ ਵੱਡੀ ਪ੍ਰਾਪਤੀ, ਨਿਊਜਰਸੀ ਸੂਬੇ ਦੇ ਸੈਨੇਟ ਅਤੇ ਐਸੰਬਲੀ ਨੇ ਸਾਂਝੇ ਤੌਰ ਤੇ ਇੱਕ ਅਹਿਮ ਬਿੱਲ ਪਾਸ ਕੀਤਾ

**ਨਿਊਜਰਸੀ (ਰਾਜ ਗੋਗਨਾ)-** ਬੀਤੇਂ ਦਿਨ 29 ਜੂਨ ਸੋਮਵਾਰ ਦੇ ਦਿਨ ਵਿਸ਼ਵ ਭਰ ਦੇ ਸਿੱਖਾਂ ਲਈ ਇਕ ਨਿਵੇਕਲੀ ਖੁਸ਼ਖਬਰੀ ਲੈ ਕੇ ਆਇਆ ਹੈ ।ਅਮਰੀਕਾ ਦੇ ਨਿਊਜਰਸੀ ਸੂਬੇ ਦੀ ਸੈਨੇਟ ਅਤੇ ਐਸੰਬਲੀ ਨੇ ਇੱਕ ਯੁਆਇੰਟ ਬਿਲ ਪਾਸ ਕੀਤਾ ਹੈ ।ਇਸ ਬਿਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੈਨੇਟ ਅਤੇ ਐਸੰਬਲੀ ਵੱਲੋਂ ਧਾਰਮਿਕ ,ਸੱਭਿਆਚਾਰਕ ਅਤੇ ਬਾਕੀ ਧਰਮਾਂ ਨਾਲ ਸਾਂਝ ਬਣਾਈ ਰੱਖਣ ਦਾ ਦਰਜਾ ਦਿਤਾ ਹੈ।

ਇਸ ਦੇ ਨਾਲ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਜਾਗਤ ਜੋਤ ਗੁਰੂ ਦੇ ਤੌਰ ਤੇ ਪਰਵਾਨ ਕੀਤਾ ਹੈ।ਇਸ ਬਿਲ ਵਿੱਚ ਸਿੱਖ ਕੌਮ ਨੂੰ ਵੱਖਰਾ ਧਰਮ ਅਤੇ ਘੱਟ ਗਿਣਤੀ ਧਰਮ ਦੇ ਤੌਰ ਤੇ ਐਲਾਨਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਸਰਦਾਰ ਬੂਟਾ ਸਿੰਘ ਖੜੌਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਬਿਲ ਨੂੰ ਸੈਨੇਟ ਅਤੇ ਐਸੰਬਲੀ ਵਿੱਚ ਕਰਮਵਾਰ ਪਿਛਲੇ ਦਸੰਬਰ ਅਤੇ ਇਸ ਸਾਲ ਫਰਵਰੀ ਵਿੱਚ ਪੇਸ਼ ਕੀਤਾ ਗਿਆ ਸੀ



। ਪਰ ਇਸ ਸਾਲ 15 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਨੁਮਾਇਦਿਆਂ ਵਲੋਂ ਮਿਜਉਰਟੀ ਸੈਨੇਟ ਆਫਿਸ ਨਾਲ ਮੀਟਿੰਗ ਕਰਕੇ ਬਿਲ ਵਿੱਚ ਕੁਝ ਸੋਧਾਂ ਕਰਕੇ ਦਰੁਸਤ ਕੀਤਾ ਗਿਆ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਹਿਮਤੀ ਤੋਂ ਬਾਅਦ ਦੁਬਾਰਾ ਸੈਨੇਟ ਵਿੱਚ 22 ਜੂਨ ਨੂੰ ਪੇਸ਼ ਕੀਤਾ ਗਿਆ।

ਇਸ ਬਿੱਲ ਦੇ ਸਪੌਂਸਰ ਮਿਸਟਰ ਸਟੀਫਨ ਸਬੀਨੀ ਜੋ ਕਿ ਨਿਊਜਰਸੀ ਸਟੇਟ ਦੀ ਸੈਨਿਟ ਦੇ ਪ੍ਰਧਾਨ ਹਨ ਅਤੇ ਕੁ ਸਪਾਂਸਰ ਪੈਟਰਿਕ ਡੀਗਨੈਨ ਹਨ। ਮਿਸਟਰ ਪੈਟਰਿਕ ਡੀਗਨੈਨ ਦੀਆਂ ਕੋਸ਼ਿਸ਼ਾਂ ਸਦਕਾ ਇਹ ਪ੍ਰਸਤਾਵ ਸੈਨਿਟ ਵਿੱਚ ਸੋਮਵਾਰ 29 ਜੂਨ ਨੂੰ 37-0 ਦੀ ਬਹੁਗਿਣਤੀ ਨਾਲ ਪਾਸ ਕਰ ਦਿਤਾ ਗਿਆ।

ਸ: ਖੜੌਦ ਨੇ ਨਿਊਜਰਸੀ ਸੈਨੇਟ ਤੇ ਐਸੰਬਲੀ ਦਾ ਤਹਿ ਦਿੱਲੋਂ ਧੰਨਵਾਦ ਕੀਤਾ ਹੈ। ਅਤੇ ਹੁਣ ਅਮਰੀਕਾ ਦੀ ਨਿ-ਊਜਰਸੀ ਸਟੇਟ ਇਕ ਇਹੋ ਜਿਹੀ ਸਟੇਟ ਹੈ ਜਿਥੇ ਸਿੱਖਾਂ ਦਾ ਭਾਰੀ ਬੋਲਬਾਲਾ ਹੈ। ਇਸ ਸਟੇਟ ਦੇ ਅਟਾਰਨੀ ਜਨਰਲ ਵੀ ਸ: ਗੁਰਬੀਰ ਸਿੰਘ ਗਰੇਵਾਲ ਸਿੱਖ ਹਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਨਿਊਜਰਸੀ ਦੇ ਸਾਰੇ ਨਾਨਕ ਨਾਮ ਲੇਵਾ ਸਿੱਖਾਂ ਅਤੇ ਸਮੂੰਹ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਕੀਤਾ। ਜਿੰਨਾਂ ਦੀ ਸਖਤ ਮਿਹਨਤ ਦਾ ਪ੍ਰਭਾਵ ਨਿਊਜਰਸੀ ਦੇ ਰਾਜਨੀਤਕ ਲੀਡਰਸ਼ਿੱਪ ਵਿੱਚ ਹੈ। ਇਸ ਖੁਸ਼ੀ ਦੇ ਵਿਸ਼ੇਸ਼ ਦਿਹਾੜੇ ਤੇ ਸਿੱਖ ਜਗਤ ਚ' ਕਾਫ਼ੀ ਖੁਸ਼ੀ ਪਾਈ ਜਾ ਰਹੀ ਹੈ।

# ਵਿਪਸਾ ਕੈਲੀਫੋਰਨੀਆ ਦੀ ਮਾਸਿਕ ਜ਼ੂਮ ਮੀਟਿੰਗ

ਬੀਤੇ ਐਤਵਾਰ ਨੂੰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਵਲੋਂ ਕਰਵਾਈ ਗਈ ਜੂਨ ਮਹੀਨੇ ਦੀ ਜ਼ੂਮ ਮਾਸਿਕ ਸਾਹਿਤਕ ਮਿਲਣੀ ਰੌਚਿਕਤਾ ਪੂਰਵਕ ਨੇਪਰੇ ਚੜ੍ਹੀ। ਇਸ ਵਿਚ ਜਿੱਥੇ ਕੈਨੇਡਾ ਤੋਂ ਅਵਤਾਰ ਗੋਂਦਾਰਾ, ਸੁਰਿੰਦਰ ਗੀਤ, ਪਿਆਰਾ ਸਿੰਘ ਕੁੱਦੋਵਾਲ ਅਤੇ ਸੁਰਜੀਤ ਕੌਰ ਸ਼ਾਮਿਲ ਹੋਏ ਉੱਥੇ ਹੀ ਭਾਰਤ, ਅੰਮ੍ਰਿਤਸਰ ਤੋਂ ਚਰਨਜੀਤ ਸਿੰਘ ਪੰਨੂੰ ਨੇ ਵੀ ਹਾਜ਼ਰੀ ਲਗਵਾਈ। ਸਟਾਕਟਨ ਤੋਂ ਹਰਪਾਲ ਕੌਰ ਧੂਤ ਤੇ ਜੋਤੀ ਸਿੰਘ ਅਤੇ ਬੇ ਏਰੀਏ ਤੋਂ ਅਸ਼ੋਕ ਕੁਮਾਰ ਐਸ਼, ਮੁਹਿੰਦਰ ਸਿੰਘ ਸੰਘੇੜਾ, ਜਗਜੀਤ ਨੌਸ਼ਹਿਰਵੀ, ਕੁਲਵਿੰਦਰ, ਰੇਸ਼ਮ ਸਿੱਧੂ, ਅਮਰਜੀਤ ਪੰਨੂ, ਗੁਲਸ਼ਨ ਦਿਆਲ, ਲਾਜ ਨੀਲਮ ਸੈਣੀ, ਤਾਰਾ ਸਾਗਰ, ਸੁਖਵਿੰਦਰ ਕੰਬੋਜ, ਸੁਖਪਾਲ ਸੰਘੇੜਾ, ਇਜਾਦ ਸਈਅਦ, ਸੁਰਜੀਤ ਸਖੀ ਅਤੇ ਸੁਰਿੰਦਰ ਸੀਰਤ ਨੇ ਇਸ ਜ਼ੂਮ ਮੀਟਿੰਗ ਨੂੰ ਗਲੋਬਲ ਰੰਗਤ ਵਿਚ ਰੰਗ ਦਿੱਤਾ। ਬੈਠਕ ਦੇ ਆਰੰਭ ਵਿਚ ਸੁਰਿੰਦਰ ਸੀਰਤ ਨੇ ਸ਼ਾਮਿਲ ਹੋਏ ਸਾਰਿਆਂ ਲੇਖਕਾਂ ਦਾ ਧੰਨਵਾਦ ਕੀਤਾ ਕਿ ਅੱਜ ਦੇ ਫਾਦਰ'ਜ਼ ਡੇ ਵਾਲੇ ਦਿਨ ਆਪਣੇ ਪਰਿਵਾਰਾਂ 'ਚ ਹੁੰਦੇ ਹੋਏ ਵੀ ਸਾਹਿਤਕ ਬੈਠਕ ਵਿਚ ਹਾਜ਼ਰੀ ਭਰ ਰਹੇ ਹਨ। ਮਗਰੋਂ ਦੁਨੀਆ ਭਰ ਵਿਚ ਕੋਰੋਨਾ ਦੇ ਕਹਿਰ ਰਾਹੀਂ ਚਾਰ ਲੱਖ, ਪੈਂਠ ਹਜ਼ਾਰ ਅਤੇ ਅਮਰੀਕਾ ਵਿਚ ਇਕ ਲੱਖ, ਵੀਹ ਹਜ਼ਾਰ ਜਾਨਾਂ ਗਵਾ ਬੈਠੇ ਮਨੁੱਖਾਂ ਦੇ ਨਾਲ ਨਾਲ ਪੰਜਾਬੀ ਸਾਹਿਤ ਦੇ ਸ਼ਿਰੋਮਣੀ ਸਾਹਿਤਕਾਰ ਪ੍ਰੋ.ਹਮਦਰਦਵੀਰ ਨੌਸ਼ਹਿਰਵੀ ਦੇ ਅਕਾਲ ਚਲਾਣਾ ਕਰ ਜਾਣ ਦੇ ਸੋਗ ਹਿੱਤ ਇਕ ਮਿੰਟ ਦੀ ਖ਼ਾਮੋਸ਼ੀ ਵਿਚ ਇਹਨਾਂ ਆਤਮਾਵਾਂ ਦੀ ਸ਼ਾਂਤੀ ਲਈ ਅਰਦਾਸ ਕਰਦਿਆਂ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸਾਹਿਤਕ ਬੈਠਕ ਦੇ ਆਰੰਭ ਵਿਚ ਐਸ਼ (ਅਸ਼ੋਕ ਕੁਮਾਰ) ਨੇ ਫਾਦਰ'ਜ਼ ਡੇ ਰਾਹੀਂ ਬੱਚਿਆਂ ਦੀ ਜ਼ਿੰਦਗੀ ਵਿਚ ਇਕ ਪਿਤਾ ਦੀ ਕੀ ਭੂਮਿਕਾ ਹੁੰਦੀ ਹੈ, ਪ੍ਰਤੀ ਆਪਣੀ ਸੱਜਰੀ ਕਵਿਤਾ ਦਾ ਪਾਠ ਕੀਤਾ ਅਤੇ ਭਰਪੂਰ ਦਾਦ ਕਮਾਈ।ਬੈਠਕ ਨੂੰ ਸੰਬੋਧਨ ਕਰਦਿਆਂ ਗੁਲਸ਼ਨ ਦਿਆਲ ਨੇ ਮਈ ਮਹੀਨੇ ਦੀ ਜ਼ੂਮ ਮੀਟਿੰਗ ਰਿਪੋਰਟ ਪੇਸ਼ ਕੀਤੀ ਜਿਸ ਦੀ ਪਿਆਰਾ ਸਿੰਘ ਕੁੱਦੋਵਾਲ ਨੇ ਉਸਤਤ ਕੀਤੀ ਗਈ।ਇਸ ਮਗਰੋਂ ਬੈਠਕ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਨੂੰ ਸੌਂਪਿਆ ਗਿਆ। ਇਸ ਮਿਲਣੀ ਨੂੰ ਸੰਚਾਲਿਤ ਕਰਦਿਆਂ ਜਗਜੀਤ ਨੇ ਪਾਕਿਸਤਾਨੀ ਗ਼ਜ਼ਲਕਾਰਾਂ ਜਿਵੇ ਸ਼ਰੀਫ਼ਓਮਪ; ਕੁੰਜਾਹੀ, ਮੁਨੀਰ ਨਿਆਜ਼ੀ, ਜ਼ਫ਼ਓਮਪ;ਰ ਇਕਬਾਲ, ਤਨਵੀਰ ਬੁਖਾਰੀ ਅਤੇ ਹੋਰਾਂ ਦਿਆਂ ਸ਼ਿਅਰਾਂ ਨਾਲ ਰੰਗ-ਏ-ਮਹਿਫ਼ਿਲ ਨੂੰ ਰੁਸ਼ਨਾਜ਼ ਕੀਤਾ। ਹਾਸਿਲ- ਏ-ਗ਼ਜ਼ਲ ਸ਼ਿਅਰ ਸ਼ਰੀਫ਼ ਕੁੰਜਾਹੀ ਵਲੋਂ ਕਿਹਾ ਗਿਆ ਸ਼ਿਅਰ ਰਿਹਾ, 'ਮੂੰਹੋਂ




ਭਾਵੇਂ ਗੱਲ ਨਾ ਨਿਕਲੇ, ਹੋਂਠ ਫੜਕ ਕੇ ਰਹਿ ਜਾਂਦੇ ਨੇ। ਇੰਝ ਵੀ ਅਪਣੇ ਦਿਲ ਦੀ ਅੱਗ ਨੂੰ ਕਹਿਣੇ ਵਾਲੇ ਕਹਿ ਜਾਂਦੇ ਨੇ"।

ਇਸ ਵਾਰੀ ਸੁਰਿੰਦਰ ਗੀਤ ਕੈਨੇਡਾ ਤੋਂ ਸ਼ਾਮਿਲ ਹੋਏ। ਉਹਨਾਂ ਨੇ ਕਵਿਤਾ, 'ਚਾਨਣ ਦੇ ਬੀਜ 'ਨਾਲ ਇਕ ਸਾਹਿਤਕ ਮਹੌਲ ਉਜਾਗਰ ਕੀਤਾ ਅਤੇ ਗ਼ਜ਼ਲ, ਉਜੇ ਤੂੰ ਲੋਕ ਦਿਲਾਂ ਵਿਚ ਵਸਣਾ 'ਗੀਤ ਗ਼ਜ਼ਲ ਕਵਿਤਾਵਾਂ ਬਣ ਜਾ" ਨੇ ਉਹਨਾਂ ਦੀ ਕਾਵਿ ਪ੍ਰਤਿਭਾ ਦੀ ਨਿਪੁੰਨਤਾ ਨੂੰ ਪਰਮਾਣਿਤ ਕੀਤਾ।ਇਸ ਮਿਲਣੀ ਵਿਚ ਕੁਝ ਨਵੇਂ ਅਦੀਬਾਂ ਨੇ ਸ਼ਿਰਕਤ ਕੀਤੀ ਅਤੇ ਵੱਖੋ- ਵੱਖਰੇ ਕਾਵਿਕ-ਸੂਝ ਭਰਪੂਰ ਰੰਗਾਂ ਦੀ ਵੱਖਰਤਾ ਦਰਸਾਈ, ਜਿੰਨਾਂ ਵਿਚ ਅਵਤਾਰ ਗੋਂਦਾਰਾ, ਮਹਿੰਦਰ ਸਿੰਘ ਸੰਘੇੜਾ ਅਤੇ ਹਰਪਾਲ ਧੂਤ ਸ਼ਾਮਿਲ ਸਨ। ਹਰਪਾਲ ਧੂਤ ਨੇ ਕਵਿਤਾ 'ਸਰਵ ਸ਼ਕਤੀਮਾਨ' ਅਤੇ 'ਆਦਮੀਂ ਦੀ ਸੋਚ' ਰਾਹੀਂ ਇਸ ਜਗਿਆਸਾ ਨੂੰ ਪ੍ਰਸਤੁਤ ਕੀਤਾ ਕਿ ਆਦਮੀਂ ਦੀ ਹੋਂਦ ਨੂੰ ਸਰਵ ਸ਼ਕਤੀਮਾਨ ਪਰਮਾਤਮਾ ਆਪਣੇ ਕੰਟਰੋਲ ਅਧੀਨ ਰੱਖਦਾ ਹੈ। ਆਦਮੀਂ ਨੇ ਭਾਵੇਂ ਕਿੰਨੀਆਂ ਖੋਜਾਂ ਕਰ ਲਈਆਂ ਹਨ ਪਰ ਉਸਦੀ ਸੋਚ ਆਪਣੇ ਆਪ ਨੂੰ ਹੀ ਨਹੀਂ ਲੱਭ ਸਕੀ।ਬੈਠਕ ਦੀ ਖ਼ੂਬਸੂਰਤੀ ਇਸ ਵਿਚ ਵੀ ਨਿਹੱਤ ਰਹੀ ਕਿ ਪ੍ਰਸਿੱਧ ਸ਼ਾਇਰਾ ਸੁਰਜੀਤ ਸੱਖੀ ਨੇ ਤਰੰਨਮ ਵਿਚ ਗ਼ਜ਼ਲ ਕਹੀ, ਉਅੰਦਰੋਂ ਅੱਖਰ ਅੱਖਰ ਸਿਸਕੇ, ਬਾਹਰੋਂ ਸੱਜੀਆਂ ਧੱਜੀਆਂ ਹੋਈਆਂਝਬੰਦੇ ਨੇ ਜਾਂ ਫਿਰਨ ਕਿਤਾਬਾਂ,ਤਨ ਦੇ ਜਾਮੇਂ ਬੱਝੀਆਂ ਹੋਈਆਂ"। ਤਾਰਾ ਸਾਗਰ ਨੇ ਆਪਣੀ ਇਕ ਮਕਬੂਲ ਰਚਨਾ ਸੁਣਾਈ, "ਮੈਂ ਆਪਣੇ ਹਾਣ ਦੇ ਕੁਝ ਦੁੱਖਾਂ ਤੋਂ ਪੁੱਛਿਆ "ਮਾਨਵਤਾ ਦੇ ਕੁਝ ਸੁੱਖਾਂ ਤੋਂ ਪੁੱਛਿਆ" ਅਤੇ ਮੁੜ ਕਵਿਤਾ, 'ਦੋਸ਼ੀ' ਦਾ ਪਾਠ ਕੀਤਾ। ਇਸ ਮਗਰੋਂ ਹਾਰਮੋਨੀਅਮ ਤੇ ਬੀਬੀ ਜੋਤੀ ਸਿੰਘ ਨੂੰ ਸੁਣਿਆ ਗਿਆ, ਮੁਖੜਾ ਸੀ, 'ਇਹ ਜੋ ਜੋਤੀ ਹੈ ਇਕ ਲੋਅ ਹੈ' ਜਿਸ'ਚ ਤੂੰ ਹੈਂ ਬਸ ਤੂੰ ਹੀ ਹੈਂ"। ਗੁਲਸ਼ਨ ਦਿਆਲ ਦਾ ਮਨੋਬਲ ਭਾਰਤ ਵਿਚ ਹੋ ਰਹੇ ਬਲਾਤਕਾਰਾਂ ਲਈ ਪ੍ਰੋਟੈਸਟ ਕਰਨ ਦੀ ਬੇਬਸੀ ਪ੍ਰਗਟਾਉਂਦਾ ਹੈ ਅਤੇ ਉਹਨਾਂ ਮਾਵਾਂ ਤੇ ਸ਼ਰਮਸਾਰ ਹੈ ਜਿੰਨਾਂ ਦੇ ਬਦ ਇਖ਼ਲਾਕ ਕਪੂੱਤ ਅਜਿਹੇ ਕਾਰੇ ਕਰ ਜਾਂਦੇ ਹਨ। ਲਾਜ ਨੀਲਮ ਸੈਣੀ ਨੇ ਕੋਰੋਨਾ-19 ਦੀ ਮਾਰ ਤੋਂ ਰਾਜਨੀਤਕ ਨਸਲਵਾਦ ਦੀ ਨਫ਼ਰਤ ਦੀ ਖੁੱਲੀ ਨੁਮਾਇਸ਼ ਤੀਕ ਜਾਰਜ ਫਲੋਇਡ ਦੀ ਹੱਤਿਆ ਨੂੰ ਇਕ ਵਿਲੱਖਣ ਸ਼ੈਲੀ ਰਾਹੀਂ ਪ੍ਰਗਟਾਉਂਦੀ ਸੰਵੇਦਨਸ਼ੀਲ ਕਾਵਿ ਰਚਨਾ ਪ੍ਰਸਤੁਤ ਕੀਤੀ। ਰੇਸ਼ਮ ਸਿੱਧੂ ਨੇ ਇਸ ਵਾਰੀ ਫਿਰ ਤਿੰਨ ਰਚਨਾਵਾਂ ਪੜ੍ਹੀਆਂ, 'ਮੈਂ ਕਵਿਤਾ ਨਹੀਂ ਲਿਖੀ', ਸੀਰਤ ਨੂੰ ਸੰਬੋਧਿਤ ਕਵਿਤਾ, 'ਉਹ ਮਹਿਫਿਲ ਚੋਂ ਉੱਠ ਕੇ ਜਦੋਂ ਤੁਰ ਗਿਆ' ਮੇਰੀ ਸਰਘੀ ਦਾ ਸੂਰਜ ਉਦੋਂ ਮਰ ਗਿਆ" ਅਤੇ 'ਹੁਕਮ' ਜਿਸ ਰਾਹੀਂ ਉਸ ਦਾ ਤੰਨਜ਼ ਹੈ ਕਿ, 'ਉਹਨਾਂ ਨੂੰ ਦੱਸ ਦਿਓ ਕਿ ਅਸੀਂ ਤਕਸੀਮ ਸਿੱਖ ਲਈ ਹੈ'। ਕੁਲਵਿੰਦਰ ਦੀ ਨਵੀਂ ਗ਼ਜ਼ਲ ਦਾ ਇਹ ਦਾਦ ਵਸੂਲ ਸ਼ਿਅਰ ਹੈ, 'ਮਿਰੀ ਸੁਲਘਣ ਦਾ ਸ਼ਾਇਦ ਅੰਤ ਹੋਵੇ ਜਾਂ ਨਾ ਹੋਵੇ ਮਿਰੇ ਅੰਦਰਲੇ ਦਰਿਆਵਾਂ ਦਾ ਵਹਿਣਾ ਲਾਜ਼ਮੀਂ ਹੈ"।

ਹੋਰ ਜਿੰਨਾਂ ਸ਼ਾਇਰਾਂ ਦੀ ਇਸ ਰੌਚਿਕਤਾ ਭਰਪੂਰ ਸਾਹਿਤਕ ਬੈਠਕ ਵਿਚ ਸਾਹਿਤਕ ਰਚਨਾਵਾਂ ਨਾਲ ਸ਼ਮੂਲੀਅਤ ਰਹੀ ਉਹਨਾਂ ਵਿਚ ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ,ਸੁਖਵਿੰਦਰ ਕੰਬੋਜ, ਜਗਜੀਤ ਨੌਸ਼ਹਿਰਵੀ ਅਤੇ ਸੁਰਿੰਦਰ ਸੀਰਤ ਪੇਸ਼ ਪੇਸ਼ ਰਹੇ।

ਚਰਨਜੀਤ ਪੰਨੂ ਅਤੇ ਅਮਰਜੀਤ ਪੰਨੂੰ ਤਕਨੀਕੀ ਖਰਾਬੀ ਕਾਰਨ ਕਵਿਤਾ ਪਾਠ ਵਿਚ ਹਾਜ਼ਰੀ ਨਾ ਲਗਵਾ ਸਕੇ।ਬੀਬੀ ਸੁਰਜੀਤ ਕੌਰ ਵੀ ਤਕਨੀਕੀ ਖਰਾਬੀ ਕਾਰਨ ਜੁੜ ਨਾ ਸਕੇ। ਇਜਾਜ਼ ਸਈਅਦ ਅਤੇ ਸੁਖਪਾਲ ਸੰਘੇੜਾ ਅੰਤ ਤੀਕ ਜੁੜੇ ਰਹੇ। ਅੰਤ ਵਿਚ ਪਿਆਰਾ ਸਿੰਘ ਕੁੱਦੋਵਾਲ ਨੇ ਇਸ ਮਿਲਣੀ ਨੂੰ ਇਕ ਉੱਚ ਮਿਆਰੀ ਅਤੇ ਸਿਲਸਿਲੇ ਵਾਰ ਚੱਲ ਰਹੀ ਜ਼ੂਮ ਮੀਟਿੰਗ ਦੀ ਸੰਗਿਆ ਦਿੱਤੀ। ਉਹਨਾਂ ਨੇ ਹਰ ਸ਼ਾਇਰ ਦੀ ਰਚਨਾ ਨੂੰ ਸਲਾਹਿਆ ਅਤੇ ਹਰ ਵਾਰੀ ਇਸ ਵਿਚ ਸ਼ਾਮਿਲ ਹੋਣ ਦੀ ਰੁਚੀ ਪ੍ਰਗਟਾਈ।

**ਰਿਪੋਰਟ:- ਸੁਰਿੰਦਰ ਸੀਰਤ (ਪ੍ਰਧਾਨ ਵਿਪਸਾ)**

# ਲਾਕਡਾਊਨ ਦੌਰਾਨ ਚੰਡੀਗੜ੍ਹ ਯੂਨੀਵਰਸਿਟੀ ਦੇ 666 ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਇੱਕੋ ਸਮੇਂ ਆਨਲਾਈਨ ਸੈਸ਼ਨ ਦੌਰਾਨ ਕੂਕਿੰਗ ਦੇ ਵਿਖਾਏ ਜਲਵੇ

## ਆਪਣੇ-ਆਪਣੇ ਘਰਾਂ ਤੋਂ ਲਾਈਵ ਕੂਕਿੰਗ ਕਰਕੇ 'ਲਿਮਕਾ ਬੁੱਕ ਆਫ਼ ਰਿਕਾਰਡ' 'ਚ ਨਾਮ ਦਰਜ ਕਰਵਾਉਣ ਦੀ ਕੀਤੀ ਸ਼ਾਨਦਾਰ ਕੋਸ਼ਿਸ਼

ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੇ ਇੰਸਟੀਚਿਊਟ ਆਫ਼ ਟੂਰਿਜ਼ਮ ਐਂਡ ਹੋਟਲ ਮੈਨੇਜਮੈਂਟ ਵੱਲੋਂ ਕੋਵਿਡ-19 ਦਰਮਿਆਨ ਇੱਕ ਵਿਸ਼ਾਲ ਆਨਲਾਈਨ ਕੂਕਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਇਕੋ ਸਮੇਂ 'ਤੇ ਲਾਈਵ ਸੈਸ਼ਨ ਦੌਰਾਨ 'ਵਰਸਿਟੀ ਦੇ 666 ਵਿਦਿਆਰਥੀਆਂ ਅਤੇ ਫੈਕਲਟੀ ਵੱਲੋਂ ਆਪਣੇ-ਆਪਣੇ ਘਰਾਂ ਦੀ ਰਸੋਈ ਤੋਂ ਕੂਕਿੰਗ ਕਰਕੇ 'ਲਿਮਕਾ ਬੁੱਕ ਆਫ਼ ਰਿਕਾਰਡ' 'ਚ ਨਾਮ ਦਰਜ ਕਰਵਾਉਣ ਲਈ ਬੇਮਿਸਾਲ ਕੋਸ਼ਿਸ਼ ਕੀਤੀ ਗਈ। ਇਸ ਆਨਲਾਈਨ ਸੈਸ਼ਨ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਨੇ ਜ਼ੂਮ ਐਪ ਦੀ ਸਹਾਇਤਾ ਨਾਲ ਲਾਈਵ ਹੋ ਕੇ ਇਕੱਠਿਆਂ ਕੂਕਿੰਗ ਦੇ ਹੁਨਰ ਵਿਖਾਉਂਦਿਆਂ 'ਪੰਜਾਬੀ ਸਟਾਇਲ ਬਟਰ ਸੈਂਡਵਿਚ' ਤਿਆਰ ਕੀਤੀ। ਇਹ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ. ਚਾਂਸਲਰ ਡਾ. ਆਰ.ਐਸ ਬਾਵਾ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਰੂਪ 'ਚ ਸਾਂਝੀ ਕੀਤੀ।



ਆਨਲਾਈਨ ਪੱਧਰ 'ਤੇ ਹੋਏ ਇਸ ਵਿਲੱਖਣ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਡਾ. ਬਾਵਾ ਨੇ ਦੱਸਿਆ ਕਿ ਲਿਮਕਾ ਬੁੱਕ ਆਫ਼ ਰਿਕਾਰਡ 'ਚ ਨਾਮ ਦਰਜ ਕਰਵਾਉਣ ਲਈ ਵਿਦਿਆਰਥੀਆਂ ਅਤੇ ਫੈਕਲਟੀ ਦੇ ਬਹੁਗਿਣਤੀ ਸਮੂਹ ਵੱਲੋਂ ਇੱਕਠਿਆਂ ਇਕੋ ਸਮੇਂ ਆਨਲਾਈਨ ਕੂਕਿੰਗ ਕਰਨੀ ਆਪਣੇ ਆਪ 'ਚ ਨਿਵੇਕਲਾ ਉਦਮ ਹੈ। ਡਾ. ਬਾਵਾ ਨੇ ਦੱਸਿਆ ਕਿ ਲਾਈਵ ਸੈਸ਼ਨ ਨੂੰ ਸਫ਼ਲ ਬਣਾਉਣ ਲਈ 'ਵਰਸਿਟੀ ਦੇ ਵਿਦਿਆਰਥੀਆਂ ਤੇ ਫੈਕਲਟੀ ਨੇ ਤਿੰਨ ਜੱਜਾਂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਨਿਗਰਾਨੀ ਹੇਠ ਪੰਜਾਬੀਅਤ ਨੂੰ ਦਰਸਾਉਂਦੀ 'ਪੰਜਾਬੀ ਸਟਾਇਲ ਬਟਰ ਸੈਂਡਵਿਚ ਤਿਆਰ ਕੀਤੀ ਗਈ। ਉਨ੍ਹਾਂ ਦੱਸਿਆ ਇਸ ਲਾਈਵ ਸੈਸ਼ਨ ਵਿੱਚ ਜੱਜਾਂ ਦੀ ਭੂਮਿਕਾ ਡਾ. ਗੁਰਦਰਸ਼ਨ ਸਿੰਘ ਬਰਾੜ ਅਸਿਸਟੈਂਟ ਡਾਇਰੈਕਟਰ (ਉੱਚ ਸਿੱਖਿਆ) ਡੀ.ਪੀ.ਆਈ (ਸੀ) ਪੰਜਾਬ, ਪਰਮਿੰਦਰ ਕੌਰ ਸਹਾਇਕ ਡਾਇਰੈਕਟਰ (ਸਕਾਲਰਸ਼ਿੱਪ) ਡੀ.ਪੀ.ਆਈ (ਸਕੂਲ) ਪੰਜਾਬ ਅਤੇ ਗੁਰਜੀਤ ਸਿੰਘ ਸਹਾਇਕ ਡਾਇਰੈਕਟਰ (ਸੈਕੰਡਰੀ ਐਜੂਕੇਸ਼ਨ) ਡੀ.ਪੀ.ਆਈ ਪੰਜਾਬ ਵੱਲੋਂ ਨਿਭਾਈ ਗਈ।



ਡਾ. ਬਾਵਾ ਨੇ ਦੱਸਿਆ ਕਿ ਇਸ ਲਾਈਵ ਸੈਸ਼ਨ ਦੀ ਵਿਸ਼ੇਸ਼ਤਾ ਇਹ ਰਹੀ ਕਿ, ਸਾਰੇ ਪ੍ਰਤੀਯੋਗੀਆਂ ਨੇ ਆਪਣੇ ਆਪਣੇ ਘਰਾਂ 'ਚ ਰਹਿ ਕੇ ਕੋਵਿਡ-19 ਸਬੰਧੀ ਬਚਾਅ ਅਤੇ ਸੁਰੱਖਿਆ ਲਈ ਸਰਕਾਰ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਨੂੰ ਬਾਖੂਬੀ ਅਪਣਾਇਆ। ਉਨ੍ਹਾਂ ਦੱਸਿਆ ਕਿ ਪਕਵਾਨ ਤਿਆਰ ਕਰਨ ਲਈ ਵਰਤੀ ਗਈ ਸਮੱਗਰੀ ਵੀ ਆਮ ਸੀ ਜੋ ਆਸਾਨੀ ਨਾਲ ਸਭਨਾਂ ਦੇ ਘਰਾਂ 'ਚ ਮੌਜੂਦ ਹੁੰਦੀ ਹੈ। ਡਾ. ਬਾਵਾ ਨੇ ਦੱਸਿਆ ਕਿ ਲਾਈਵ ਸੈਸ਼ਨ ਦੀ ਸ਼ੁਰੂਆਤ ਤੋਂ 10 ਮਿੰਟ ਪਹਿਲਾਂ ਸਾਰੇ ਵਿਦਿਆਰਥੀਆਂ ਨਾਲ ਜ਼ੂਮ ਐਪ ਆਈਡੀ ਅਤੇ ਪਾਸਵਰਡ ਸਾਂਝਾ ਕੀਤਾ ਗਿਆ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਾ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ। ਡਾ. ਬਾਵਾ ਨੇ ਕਿਹਾ ਕਿ 'ਵਰਸਿਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਦਾ ਇਹ ਮਾਅਰਕਾ ਆਪਣੇ ਆਪ 'ਚ ਨਵਾਂ ਰਿਕਾਰਡ ਹੈ, ਜਿਸ ਨੂੰ ਲਿਮਕਾ ਬੁੱਕ ਆਫ਼ ਰਿਕਾਰਡ ਦੇ ਅਗਲੇ ਆਡੀਸ਼ਨ ਵਿੱਚ ਸ਼ਾਮਿਲ ਕਰਵਾਉਣ ਲਈ ਸਬੰਧਿਤ ਵਿਭਾਗ ਕੋਲ ਭੇਜਿਆ ਗਿਆ ਹੈ।

ਡਾ. ਬਾਵਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ 'ਵਰਸਿਟੀ ਦੇ ਹੋਟਲ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਮਿਲ ਕੇ ਸ਼ੈਫ਼ ਦੀ ਅਗਵਾਈ 'ਚ 720 ਤਰ੍ਹਾਂ ਦੇ ਰੱਸਗੁੱਲੇ ਤਿਆਰ ਕਰਕੇ ਲਿਮਕਾ ਬੁੱਕ ਆਫ਼ ਰਿਕਾਰਡਜ਼ ਵਿੱਚ ਨਾਮ ਦਰਜ ਕਰਵਾਉਣ ਦਾ ਮਾਣ ਹਾਸਲ ਕੀਤਾ ਗਿਆ ਹੈ।ਜਿਨ੍ਹਾਂ ਨੇ ਦੇਸ਼ ਦੀ ਵਿਭਿੰਨਤਾ ਅਤੇ ਅਖੰਡਤਾ ਨੂੰ ਸਮਰਪਿਤ ਕਰ ਦੇ ਹੋਏ 720 ਤਰ੍ਹਾਂ ਦੇ ਰਸਗੁੱਲੇ ਤਿਆਰ ਕੀਤੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 3 ਘੰਟੇ 'ਚ 362 ਤਰ੍ਹਾਂ ਦੀਆਂ ਚਟਣੀਆਂ ਬਣਾਉਣ ਦਾ ਰਿਕਾਰਡ ਵੀ ਚੰਡੀਗੜ੍ਹ ਯੂਨੀਵਰਸਿਟੀ ਦੇ ਹਿੱਸੇ ਆਇਆ ਹੈ, ਜੋ ਲਿਮਕਾ ਬੁੱਕ ਆਫ਼ ਰਿਕਾਰਡ' ਵਿੱਚ ਦਰਜ ਹੈ।ਡਾ. ਬਾਵਾ ਨੇ ਕਿਹਾ ਕਿ 'ਵਰਸਿਟੀ ਦੇ ਟਿੱਚਾ ਵਿਦਿਆਰਥੀਆਂ ਨੂੰ ਨਾ ਕੇਵਲ ਕਿਤਾਬੀ ਗਿਆਨ ਤੱਕ ਸੀਮਤ ਰੱਖਣਾ ਹੈ ਬਲਕਿ ਉਨ੍ਹਾਂ ਨੂੰ ਅਜਿਹੇ ਵੱਡੇ ਮੰਚਾਂ ਜ਼ਰੀਏ ਵਿਸ਼ਵ ਪੱਧਰੀ ਮੁਕਾਬਲਿਆਂ ਦੇ ਹਾਣੀ ਬਣਾਉਣਾ ਹੈ।

11-12 ਜੂਨ 1926 ਨੂੰ ਯਾਦ ਕਰਦਿਆਂ

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੁੱਗੋਵਾਲੀਆ



ਡਾ. ਜੀ. ਸੀ. ਕੌਲ
91-94632-23223

ਕਿਸ਼ਤ ਚੌਥੀ

### ਕਮਿਊਨਲ ਐਵਾਰਡ, ਗਾਂਧੀ ਜੀ ਅਤੇ ਬਾਬੂ ਮੰਗੂ ਰਾਮ ਦਾ ਮਰਨ ਵਰਤ

ਗਾਂਧੀ ਜੀ ਵੱਲੋਂ ਅਛੂਤ ਅਧਿਕਾਰਾਂ ਵਿਰੁੱਧ ਪੁਰਜ਼ੋਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਇੰਗਲੈਂਡ ਦੇ ਪ੍ਰਧਾਨ ਮੰਤਰੀ ਰੈਮਜ਼ੇ ਮੈਕਡੌਨਲ ਨੇ 17 ਅਗਸਤ 1932 ਨੂੰ ਭਾਰਤ ਦੀਆਂ ਘੱਟ ਗਿਣਤੀਆਂ ਅਤੇ ਅਛੂਤਾਂ ਦੇ ਅਧਿਕਾਰਾਂ ਸਬੰਧੀ ਆਪਣੇ ਸਾਲਸੀ ਫੈਸਲੇ ਦੀ ਘੋਸ਼ਣਾ ਕਰ ਦਿੱਤੀ। ਭਾਰਤ ਦੇ ਇਤਿਹਾਸ ਵਿਚ ਇਸ ਨੂੰ 'ਕਮਿਊਨਲ ਐਵਾਰਡ' ਜਾਂ ਸੰਪ੍ਰਦਾਇਕ ਨਿਰਣੈ ਵਜੋਂ ਯਾਦ ਕੀਤਾ ਜਾਂਦਾ ਹੈ। ਪਹਿਲੀ ਅਤੇ ਦੂਜੀ ਗੋਲਮੇਜ਼ ਕਾਨਫਰੰਸ ਵਿਚ ਡਾ. ਅੰਬੇਡਕਰ ਦੇ ਮਹਾਨ ਯਤਨਾਂ ਸਦਕਾ ਹਜ਼ਾਰਾਂ ਸਾਲਾਂ ਬਾਅਦ ਭਾਰਤ ਦੇ ਅਛੂਤਾਂ ਨੂੰ ਰਾਜਨੀਤਿਕ ਅਧਿਕਾਰ ਪ੍ਰਾਪਤ ਹੋਏ।

ਪਰ ਗਾਂਧੀ ਜੀ ਸਮੇਤ ਕਾਂਗਰਸ ਪਾਰਟੀ, ਹਿੰਦੂ ਮਹਾਂ ਸਭਾ, ਆਰੀਆ ਸਮਾਜੀ ਅਤੇ ਸਮੁੱਚਾ ਸਨਾਤਨੀ ਹਿੰਦੂ ਸਮਾਜ ਅੱਗ ਬਬੂਲਾ ਹੋ ਗਿਆ। ਇਸ ਐਵਾਰਡ ਤਹਿਤ ਅਛੂਤਾਂ ਨੂੰ ਮਿਲੇ ਵੱਖਰੇ ਅਧਿਕਾਰਾਂ ਵਿਰੁੱਧ ਗਾਂਧੀ ਜੀ ਵੱਲੋਂ ਪੂਨਾ ਦੀ ਯਰਵਦਾ ਜੇਲ੍ਹ, ਜਿੱਥੇ ਉਹ ਪਹਿਲਾਂ ਹੀ ਨਜ਼ਰਬੰਦ ਸਨ, ਵਿਖੇ 20 ਅਗਸਤ 1932 ਨੂੰ ਮਰਨ ਵਰਤ ਰੱਖ ਦਿੱਤਾ ਗਿਆ। ਇਸ ਐਵਾਰਡ ਦੁਆਰਾ ਮੁਸਲਮਾਨਾਂ, ਸਿੱਖਾਂ, ਇਸਾਈਆਂ, ਐਂਗਲੋ ਇੰਡੀਅਨ, ਯੂਰਪੀਅਨਾਂ ਨੂੰ ਵੀ ਵੱਖਰੇ ਅਧਿਕਾਰ ਪ੍ਰਦਾਨ ਕੀਤੇ ਗਏ ਸਨ, ਪ੍ਰੰਤੂ ਦੁੱਖ ਭਰੀ ਗੱਲ ਇਹ ਸੀ ਕਿ ਗਾਂਧੀ ਜੀ ਵੱਲੋਂ ਇਹ ਮਰਨ ਵਰਤ ਸਿਰਫ ਅਛੂਤਾਂ ਨੂੰ ਮਿਲੇ ਚੋਣ ਅਧਿਕਾਰਾਂ ਵਿਰੁੱਧ ਹੀ ਰੱਖਿਆ ਗਿਆ।

### ਕਮਿਊਨਲ ਐਵਾਰਡ ਕੀ ਸੀ?

ਇਸ ਸੰਪਰਦਾਇਕ ਫੈਸਲੇ ਦੁਆਰਾ ਗੋਲਮੇਜ਼ ਕਾਨਫਰੰਸਾਂ ਵਿਚ ਡਾ. ਅੰਬੇਡਕਰ ਜੀ ਦੁਆਰਾ ਅਸੈਂਬਲੀਆਂ ਵਿਚ ਅਛੂਤਾਂ ਦੀ ਸਿਆਸੀ ਨੁਮਾਇੰਦਗੀ ਦੀ ਮੰਗ ਨੂੰ ਸਵੀਕਾਰਦਿਆਂ ਵੱਖਰੇ ਚੋਣ ਖੇਤਰ ਨਿਸ਼ਚਿਤ ਕਰਨ ਸਮੇਤ ਅਛੂਤਾਂ ਨੂੰ ਦੋਹਰੀ ਵੋਟ ਦਾ ਅਧਿਕਾਰ ਦਿੱਤਾ ਗਿਆ ਸੀ। ਇਕ ਵੋਟ ਦੁਆਰਾ ਉਹਨਾਂ ਨੇ ਕੇਵਲ ਆਪਣੇ ਅਛੂਤ ਪ੍ਰਤੀਨਿਧ ਅਤੇ ਦੂਸਰੀ ਵੋਟ ਰਾਹੀਂ ਜਨਰਲ ਵਰਗ ਦੇ ਨੁਮਾਇੰਦੇ ਦੀ ਚੋਣ ਕਰਨੀ ਸੀ। ਇਸ ਤਰ੍ਹਾਂ ਰੀਜ਼ਰਵ ਚੋਣ ਖੇਤਰ ਤੋਂ ਅਛੂਤ ਨੁਮਾਇੰਦਾ ਸਿਰਫ ਅਛੂਤਾਂ ਦੀਆਂ ਵੋਟਾਂ ਦੁਆਰਾ ਹੀ ਚੁਣਿਆ ਜਾਣਾ ਸੀ। ਇਸ ਵੱਖਰੀ ਚੋਣ ਪ੍ਰਣਾਲੀ ਵਿਚ ਇਹ ਸੁਭਾਵਿਕ ਹੀ ਸੀ ਕਿ ਅਛੂਤਾਂ ਦੁਆਰਾ ਚੁਣੇ ਅਛੂਤ ਪ੍ਰਤੀਨਿਧਾਂ ਨੇ ਵਿਧਾਨ ਸਭਾਵਾਂ ਵਿਚ ਨਿਰੋਲ ਅਛੂਤਾਂ ਦੇ ਅਧਿਕਾਰਾਂ ਲਈ ਨਿਧੜਕ ਹੋ ਕੇ ਪੁਰਜ਼ੋਰ ਢੰਗ ਨਾਲ ਆਵਾਜ਼ ਬੁਲੰਦ ਕਰਨੀ ਸੀ। ਇਸ ਐਵਾਰਡ ਦੁਆਰਾ ਚੁਣੇ ਜਾਣ ਵਾਲੇ ਅਛੂਤ ਨੁਮਾਇੰਦਿਆਂ ਨੂੰ ਹਿੰਦੂਆਂ ਜਾਂ ਦੂਸਰੇ ਵਰਗਾਂ ਦੀ ਸਦੀਵੀ ਗੁਲਾਮੀ ਤੋਂ ਛੁਟਕਾਰਾ ਪ੍ਰਾਪਤ ਕਰਨ ਦਾ ਸੁਨਹਿਰੀ ਅਵਸਰ ਪ੍ਰਦਾਨ ਕੀਤਾ ਗਿਆ ਸੀ ਅਤੇ ਇਹੀ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਮਹਾਨ ਜਿੱਤ ਸੀ। ਸਾਰੇ ਪ੍ਰਾਂਤਾਂ ਵਿਚ 78 ਸੀਟਾਂ ਅਛੂਤਾਂ ਲਈ ਸੁਰੱਖਿਅਤ ਕੀਤੀਆਂ ਗਈਆਂ।

### ਕਮਿਊਨਲ ਐਵਾਰਡ ਅਤੇ ਪੰਜਾਬ

ਅਛੂਤ ਅਧਿਕਾਰਾਂ ਦੇ ਵਿਰੋਧ ਦੇ ਸੰਦਰਭ ਵਿਚ ਗਾਂਧੀ ਜੀ ਦੇ ਕਿਰਦਾਰ, ਉਹਨਾਂ ਦੇ ਭਾਸ਼ਣਾਂ, ਲਿਖਤਾਂ ਤੇ ਕਾਰਗੁਜ਼ਾਰੀ ਬਾਰੇ ਸੈਂਕੜੇ ਸਫ਼ੇ ਲਿਖੇ ਜਾ ਸਕਦੇ ਹਨ। ਪਰ ਵਿਚਾਰ ਚਰਚਾ ਵਧੇਰੇ ਲੰਮੀ ਨਾ ਹੋ ਜਾਵੇ, ਇਸ ਲਈ ਦੁਬਾਰਾ ਆਦਿ ਧਰਮ ਦੀਆਂ ਗਤੀਵਿਧੀਆਂ ਬਾਰੇ ਗੱਲ ਕਰਦੇ ਹਾਂ। ਕਮਿਊਨਲ ਐਵਾਰਡ ਵਿਚ ਭਾਰਤ ਦੀਆਂ ਰਾਜ ਵਿਧਾਨ ਸਭਾਵਾਂ ਲਈ ਕੁੱਲ 78 ਸੀਟਾਂ ਵੱਖਰੇ ਚੋਣ ਖੇਤਰਾਂ ਵਜੋਂ ਅਛੂਤਾਂ ਲਈ ਸੁਰੱਖਿਅਤ ਕੀਤੀਆਂ ਗਈਆਂ। ਪਰ ਪੰਜਾਬ ਅਤੇ ਬੰਗਾਲ ਨੂੰ ਇਸ ਤੋਂ ਬਾਹਰ ਰੱਖਿਆ ਗਿਆ, ਇਹ ਦਲੀਲ ਦਿੱਤੀ ਗਈ ਕਿ ਪੰਜਾਬ ਵਿਚ ਅਛੂਤਾਂ ਦੀ ਗਿਣਤੀ ਨਾਮਾਤਰ ਹੀ ਹੈ, ਜਦਕਿ ਬੰਗਾਲ ਵਿਚ ਹੋਈ ਮਰਦਮਸ਼ੁਮਾਰੀ ਦੇ ਹਾਲੇ ਪੂਰੇ ਅੰਕੜੇ ਪ੍ਰਾਪਤ ਨਹੀਂ ਹਨ। ਸੰਯੁਕਤ ਪ੍ਰਾਂਤ (ਯੂ. ਪੀ.) ਵਿਚ ਦਲਿਤਾਂ ਅਤੇ ਅਛੂਤਾਂ ਵਿਚਕਾਰ ਇਕ ਵੱਖਰੇ ਪ੍ਰਕਾਰ ਦੀ ਵਿਭਿੰਨਤਾ ਪੈਦਾ ਕਰਕੇ ਉਥੋਂ ਦੀਆਂ ਸੁਰੱਖਿਅਤ ਸੀਟਾਂ ਦਾ ਨਿਰਣਾ ਵੀ ਨਹੀਂ ਕੀਤਾ ਗਿਆ।

ਪੰਜਾਬ, ਸੰਯੁਕਤ ਪ੍ਰਾਂਤ (ਯੂ. ਪੀ.) ਅਤੇ ਬੰਗਾਲ ਦੇ ਗਾਂਧੀ ਭਗਤਾਂ, ਹਿੰਦੂਆਂ, ਹਿੰਦੂ ਮਹਾਂ ਸਭਾ ਅਤੇ ਆਰੀਆ ਸਮਾਜ ਦੇ ਆਗੂਆਂ ਵੱਲੋਂ ਵਿਰੋਧ ਦੇ ਸਿੱਟੇ ਵਜੋਂ ਇਹਨਾਂ ਤਿੰਨਾਂ ਪ੍ਰਾਂਤਾਂ ਦੇ ਅਛੂਤਾ ਦੇ ਕੁਝ ਵੀ ਪੱਲੇ ਨਾ ਪਿਆ। ਲੰਡਨ ਵਿਖੇ ਹੋਈ ਦੂਜੀ ਗੋਲਮੇਜ਼ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਪਹਿਲੀ ਅਕਤੂਬਰ 1932 ਨੂੰ ਘੱਟ ਗਿਣਤੀਆਂ ਸਬੰਧੀ ਸਬ-ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਅੰਬੇਡਕਰ ਨੇ ਕਿਹਾ ਸੀ ਕਿ ਗਾਂਧੀ ਜੀ ਭਾਰਤੀ ਰਾਸ਼ਟਰੀ ਕਾਂਗਰਸ ਦੇ ਪ੍ਰਤੀਨਿਧੀ ਹੋਣ ਦੇ ਨਾਤੇ ਮੁਸਲਮਾਨਾਂ ਅਤੇ ਸਿੱਖਾਂ ਤੋਂ ਇਲਾਵਾ ਕਿਸੇ ਹੋਰ ਦਲ ਨੂੰ ਸਵੀਕਾਰਨ ਲਈ ਤਿਆਰ ਨਹੀਂ ਹਨ। ਉਹ ਐਂਗਲੋ ਇੰਡੀਅਨ, ਦਲਿਤ ਵਰਗਾਂ ਅਤੇ ਭਾਰਤੀ ਇਸਾਈਆਂ ਨੂੰ ਰਾਜਨੀਤਿਕ ਮਾਨਤਾ ਦੇਣ ਲਈ ਵੀ ਤਿਆਰ ਨਹੀਂ ਹਨ। ਡਾ. ਅੰਬੇਡਕਰ ਨੇ ਇਸ ਮੀਟਿੰਗ ਵਿਚ ਇਹ ਚਿਤਾਵਨੀ ਵੀ ਦੇ ਦਿੱਤੀ ਕਿ ਜੇਕਰ ਦਲਿਤ ਵਰਗਾਂ ਨੂੰ ਘੱਟ ਗਿਣਤੀਆਂ ਵਜੋਂ ਮਾਨਤਾ ਨਹੀਂ ਮਿਲੇਗੀ ਤਾਂ ਉਹਨਾਂ ਦਾ ਇਸ ਸਬ ਕਮੇਟੀ ਵਿਚ ਬਣੇ ਰਹਿਣ ਦਾ ਕੋਈ ਮਤਲਬ ਨਹੀਂ ਹੈ। ਉਹਨਾਂ ਨੇ ਸਪਸ਼ਟ ਕਿਹਾ:



"ਮੈਨੂੰ ਇਸ ਸਬ ਕਮੇਟੀ ਦਾ ਮੈਂਬਰ ਬਣਨ ਦਾ ਸਨਮਾਨ ਪ੍ਰਗਟ ਕਰਦੇ ਹੋ ਤਾਂ ਇਸ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਕਮੇਟੀ ਕਿਹੜੀ ਸਮੱਸਿਆ 'ਤੇ ਵਿਚਾਰ ਕਰੇਗੀ। ਕੀ ਇਸ ਸੰਮਤੀ ਵਿਚ ਪੰਜਾਬ ਦੇ ਸਿੱਖਾਂ ਅਤੇ ਮੁਸਲਮਾਨਾਂ ਦੇ ਸਵਾਲ 'ਤੇ ਵਿਚਾਰ ਕੀਤਾ ਜਾਵੇਗਾ, ਜਾਂ ਇਸਾਈਆਂ, ਐਂਗਲੋ ਇੰਡੀਅਨਜ਼ ਅਤੇ ਦਲਿਤ ਵਰਗਾਂ ਦੇ ਸਵਾਲ 'ਤੇ ਵੀ ਗੱਲਬਾਤ ਹੋਵੇਗੀ?"

(ਡਾ. ਅੰਬੇਡਕਰ ਲਿਖਤਾਂ ਅਤੇ ਭਾਸ਼ਣ, ਖੰਡ 16, ਪੰਨਾ 67)

ਗਾਂਧੀ ਜੀ ਦੀਆਂ ਕੁਚਾਲਾਂ ਤੇ ਆਡੰਬਰਾਂ ਕਾਰਨ ਘੱਟ ਗਿਣਤੀਆਂ ਸਬ ਕਮੇਟੀ ਦੀ ਮੀਟਿੰਗ ਅਣਮਿੱਥੇ ਸਮੇਂ ਲਈ ਮੁਲਤਵੀ ਹੋ ਗਈ ਅਤੇ ਉਸਨੇ ਪੰਜਾਬ ਵਿਚ ਸਿੱਖ-ਮੁਸਲਿਮ ਝਗੜੇ ਦਾ ਰੌਲਾ-ਖਚੌਲਾ ਪਾ ਕੇ ਦਲਿਤਾਂ ਬਾਰੇ ਕੀਤੇ ਜਾਣ ਵਾਲੇ ਕਿਸੇ ਫੈਸਲੇ ਨੂੰ ਤਣ-ਪੱਤਣ ਨਾ ਲੱਗਣ ਦਿੱਤਾ। ਉਸਨੇ ਮੁਸਲਮਾਨਾਂ ਨਾਲ ਸੌਦੇਬਾਜ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ ਕਿ ਜੇਕਰ ਮੁਸਲਮਾਨ ਅਛੂਤਾਂ ਦੀਆਂ ਮੰਗਾਂ ਨੂੰ ਸਮਰਥਨ ਨਾ ਦੇਣ ਤਾਂ ਉਹ ਉਹਨਾਂ ਦੀਆਂ 14 ਸੂਤਰੀ ਮੰਗਾਂ ਨੂੰ ਮਨਾਉਣ ਲਈ ਮੁਸਲਮਾਨਾਂ ਨੂੰ ਸਹਿਯੋਗ ਦੇਣ ਲਈ ਤਿਆਰ ਹਨ, ਜਦਕਿ ਇਸ ਤੋਂ ਪਹਿਲਾਂ ਗਾਂਧੀ ਜੀ ਕਮੇਟੀ ਵਿਚ ਇਹਨਾਂ ਮੰਗਾਂ ਦਾ ਪੁਰਜ਼ੋਰ ਵਿਰੋਧ ਕਰ ਚੁੱਕੇ ਸਨ। ਕਮੇਟੀ ਦੀ ਮੀਟਿੰਗ ਬੇਸ਼ੱਕ ਅਨਿਸਚਿਤ ਕਾਲ ਲਈ ਮੁਲਤਵੀ ਹੋ ਗਈ, ਪਰ ਦੂਸਰੀਆਂ ਘੱਟ ਗਿਣਤੀਆਂ ਦੇ ਸਹਿਯੋਗ ਨਾਲ ਡਾ. ਅੰਬੇਡਕਰ ਨੇ ਇਹ ਮਤਾ ਪਾਸ ਕਰਵਾ ਲਿਆ ਕਿ ਪ੍ਰਧਾਨ ਮੰਤਰੀ ਇਕ ਕਮੇਟੀ ਦਾ ਗਠਨ ਕਰਨਗੇ ਜੋ ਭਾਰਤ ਦੇ ਸਾਰੇ ਪ੍ਰਾਂਤਾਂ ਦਾ ਦੌਰਾ ਕਰਕੇ ਆਮ ਕਾਰਜਾਂ ਤੋਂ ਇਲਾਵਾ ਮੁੱਖ ਤੌਰ ਤੇ ਅਛੂਤਾਂ ਦੀਆਂ ਰਾਜਨੀਤਿਕ ਮੰਗਾਂ ਅਤੇ ਉਹਨਾਂ ਦੇ ਢੰਗ-ਤਰੀਕਿਆਂ ਬਾਰੇ ਸਿਫਾਰਸ਼ ਕਰੇਗੀ। ਦਸੰਬਰ 1931 ਵਿਚ ਲਾਰਡ ਲੋਥੀਅਨ ਦੀ ਅਗਵਾਈ ਵਿਚ ਇਹ ਕਮੇਟੀ ਨਿਯੁਕਤ ਕੀਤੀ ਗਈ ਅਤੇ ਇਸਨੇ ਜਨਵਰੀ 1932 ਤੋਂ ਭਾਰਤ ਦਾ ਦੌਰਾ ਸ਼ੁਰੂ ਕੀਤਾ। ਇਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਹੀ ਪ੍ਰਧਾਨ ਮੰਤਰੀ ਰੈਮਜ਼ੇ ਮੈਕਡੋਨਲ ਨੇ 17 ਅਗਸਤ 1932 ਨੂੰ ਕਮਿਊਨਲ ਐਵਾਰਡ ਜਾਰੀ ਕੀਤਾ। ਇਸ ਕਮੇਟੀ ਦੇ ਪੰਜਾਬ ਟੂਰ ਸਬੰਧੀ ਇਹਨਾਂ ਕਾਲਮਾਂ ਵਿਚ ਵੱਖਰਿਆਂ ਵਿਚਾਰ ਚਰਚਾ ਕਰਾਂਗੇ।

### ਮਰਨ ਵਰਤ ਦੀ ਕੂਟਨੀਤੀ

ਗਾਂਧੀ ਜੀ ਨੇ ਅਛੂਤ ਅਧਿਕਾਰਾਂ ਦੇ ਵਿਰੋਧ ਵਿਚ 20 ਅਗਸਤ 1932 ਨੂੰ ਮਰਨ ਵਰਤ ਦਾ ਆਡੰਬਰ ਸ਼ੁਰੂ ਕਰ ਦਿੱਤਾ। ਉਸ ਦੀਆਂ ਗੱਲਾਂ ਵਿਚ ਦਿਖਾਵਾ ਅਤੇ ਡਰਾਮੇਬਾਜ਼ੀ ਵੱਧ ਸੀ, ਵਾਸਤਵ ਵਿਚ ਉਹ ਕਿਸੇ ਸੂਰਤ ਵਿਚ ਅਛੂਤਾਂ ਨੂੰ ਹਿੰਦੂਆਂ ਦੀ ਗੁਲਾਮੀ ਵਿਚੋਂ ਕੱਢਣ ਲਈ ਤਿਆਰ ਨਹੀਂ ਸੀ। ਉਹ ਇਕ ਚਲਾਕ ਤੇ ਘਾਗ ਸਿਆਸਤਦਾਨ ਸੀ। ਕਾਂਗਰਸ ਪਾਰਟੀ, ਹਿੰਦੂ ਮਹਾਂ ਸਭਾ, ਆਰੀਆ ਅਤੇ ਸਨਾਤਨੀ ਹਿੰਦੂ ਪੂਰੀ ਤਰ੍ਹਾਂ ਉਸਦੀ ਹਮਾਇਤ ਵਿਚ ਸਨ ਅਤੇ ਉਸਦੇ ਹਰ ਕਦਮ ਦੀ ਹਾਮੀ ਭਰਦੇ ਸਨ, ਪਰ ਦੂਸਰੇ ਪਾਸੇ ਅਛੂਤ ਕਾਂਗਰਸੀ ਡਾ. ਅੰਬੇਡਕਰ ਦਾ ਪੂਰੀ ਤਾਕਤ ਨਾਲ ਵਿਰੋਧ ਕਰ ਰਹੇ ਸਨ।

ਪ੍ਰਧਾਨ ਮੰਤਰੀ ਨੇ ਗਾਂਧੀ ਜੀ ਨੂੰ ਆਪਣੇ 8 ਸਤੰਬਰ 1932 ਨੂੰ ਲਿਖੇ ਗਏ ਪੱਤਰ ਰਾਹੀਂ ਉਸਦੇ ਕਿਰਦਾਰ ਨੂੰ ਨੰਗਿਆਂ ਕਰਨ ਦਾ ਯਤਨ ਵੀ ਕੀਤਾ। ਉਹਨਾਂ ਨੇ ਗਾਂਧੀ ਜੀ ਵੱਲੋਂ ਇੰਗਲੈਂਡ ਵਿਚ ਭਾਰਤੀ ਮੰਤਰੀ ਸਰ ਸੈਮੂਅਲ ਨੂੰ, 13 ਮਾਰਚ 1932 ਨੂੰ ਲਿਖੇ ਪੱਤਰ ਦੀ ਯਾਦ ਦੁਆਉਂਦਿਆਂ ਉਸਨੂੰ ਉਸਦੇ ਹੀ ਵਿਚਾਰਾਂ ਦਾ ਸ਼ੀਸ਼ਾ ਦਿਖਾਉਂਦਿਆਂ ਲਿਖਿਆ:

(ੳ) ਅਸੀਂ ਇਹ ਅਨੁਭਵ ਕੀਤਾ ਹੈ ਕਿ ਪ੍ਰਤੀਨਿਧੀ ਸਰਕਾਰ ਦੇ ਸ਼ੁਰੂਆਤੀ ਸਮੇਂ ਵਿਚ, ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਵਿਚ, ਜੋ ਵੀ ਬਹੁਮਤ ਵਿਚ ਆਏ, ਉਥੇ ਦਲਿਤਾਂ ਦੀ ਪਸੰਦ ਦੇ ਵੀ ਕੁਝ ਪ੍ਰਤੀਨਿਧੀ ਚੁਣੇ ਜਾਣ। ਤੁਸੀਂ ਖੁਦ 'ਸੈਮੂਅਲ ਹੋਰ' ਨੂੰ ਲਿਖੇ ਆਪਣੇ ਪੱਤਰ ਵਿਚ ਲਿਖਿਆ ਸੀ ਕਿ ਸਵਰਣ ਹਿੰਦੂਆਂ ਨੇ ਦਲਿਤਾਂ ਨੂੰ ਸਦੀਆਂ ਤੋਂ ਦਲਿਤ ਬਣਾ ਰੱਖਿਆ ਹੈ।

(ਡਾ. ਅੰਬੇਡਕਰ, ਲਿਖਤਾਂ ਅਤੇ ਭਾਸ਼ਣ, ਖੰਡ 16, ਪੰਨਾ 91)

(ਅ) ਸਾਰੇ ਪ੍ਰਾਂਤਾਂ ਵਿਚ ਦਲਿਤ ਵਰਗਾਂ ਦੇ ਲਈ ਜੋ ਵਿਸ਼ੇਸ਼ ਸੀਟਾਂ ਦੀ ਸੰਖਿਆ ਨਿਸ਼ਚਿਤ ਕੀਤੀ ਗਈ ਹੈ, ਉਹਨਾਂ ਦੀ ਜਨਸੰਖਿਆ ਦੇ ਅਨੁਪਾਤ ਤੋਂ ਬਹੁਤ ਘੱਟ ਹੈ।

(ਉਹੀ ਪੰਨਾ 92)

(ੲ) ਮੈਂ ਦੁਬਾਰਾ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਆਪ ਸਰਕਾਰ ਦੇ ਫੈਸਲੇ 'ਤੇ ਫਿਰ ਤੋਂ ਵਿਚਾਰ ਕਰੋ ਅਤੇ ਗੰਭੀਰਤਾ ਨਾਲ ਸੋਚੋ ਕਿ ਆਪਨੇ ਮਰਨ ਵਰਤ ਦਾ ਜੋ ਫੈਸਲਾ ਲਿਆ ਹੈ, ਇਹ ਕਿੱਥੋਂ ਤੱਕ ਉਚਿਤ ਹੈ।)

(ਉਹੀ, ਪੰਨਾ 93)

### ਗਾਂਧੀ ਜੀ ਦੀ ਦੋਗਲੀ ਨੀਤੀ

ਪ੍ਰਧਾਨ ਮੰਤਰੀ ਨੇ ਗਾਂਧੀ ਜੀ ਨੂੰ ਆਪਣੇ ਲਿਖੇ ਵਿਚਾਰਾਂ ਦਾ ਪੂਰਾ ਅਹਿਸਾਸ ਕਰਾਉਣ ਦਾ ਯਤਨ ਕੀਤਾ, ਪਰ ਉਸ ਉਪਰ ਇਸਦਾ ਕੋਈ ਪ੍ਰਭਾਵ ਨਹੀਂ ਪਿਆ। ਉਂਜ ਵੀ ਉਸਨੂੰ ਆਪਣੀ ਕਥਨੀ ਤੇ ਕਰਨੀ ਵਿਚ ਇਕਸਾਰਤਾ ਅਪਣਾਏ ਜਾਣ ਦੀ ਕੋਈ ਪਰਵਾਹ ਨਹੀਂ ਸੀ, ਕਿਉਂਕਿ ਸਮੁੱਚਾ ਹਿੰਦੂ ਸਮਾਜ ਅਤੇ ਕੁਝ ਟੁਕੜਬੋਚ ਅਛੂਤ ਵੀ ਉਸਦੇ ਪਿੱਛੇ ਪੂਰੀ ਤਾਕਤ ਨਾਲ ਖੜ੍ਹੇ ਸਨ। ਪ੍ਰਧਾਨ ਮੰਤਰੀ ਰੈਮਜ਼ੇ ਮੈਕਡੌਨਲ ਨੇ ਉਪਰੋਕਤ ਸੱਤਰਾਂ ਵਿਚ ਗਾਂਧੀ ਜੀ ਵੱਲੋਂ ਸਰ ਸੈਮੂਅਲ ਹੋਰ ਨੂੰ ਲਿਖੇ ਗਏ ਖ਼ਤ ਦੀਆਂ ਨਿਮਨਲਿਖਤ ਸੱਤਰਾਂ ਦਾ ਜ਼ਿਕਰ ਵੀ ਕੀਤਾ ਹੈ ਕਿ ਅਛੂਤਾਂ ਨੂੰ ਕਾਂਗਰਸ ਨਾਲ ਨੂੜੀ ਰੱਖਣ ਲਈ ਉਹ ਕਿਵੇਂ ਦੋਗਲੀ ਨੀਤੀ ਦਾ ਸਹਾਰਾ ਲੈ ਰਿਹਾ। ਗਾਂਧੀ ਜੀ ਲਿਖਦੇ ਹਨ:

"ਮੈਂ ਸ਼ੇਖੀ ਨਹੀਂ ਮਾਰਦਾ, ਕਿਉਂਕਿ ਮੈਂ ਅਨੁਭਵ ਕਰਦਾ ਹਾਂ ਕਿ ਸਦੀਆਂ ਤੋਂ ਦਲਿਤ ਵਰਗ ਨੂੰ ਜਿੰਨਾ ਦਬਾਇਆ ਗਿਆ ਹੈ ਅਤੇ ਉਹਨਾਂ ਉੱਤੇ ਜੋ ਅੱਤਿਆਚਾਰ ਹੋਏ ਹਨ, ਉਸ ਘਾਟੇ ਦੀ ਪੂਰਤੀ ਹਿੰਦੂਆਂ ਦੇ ਕਿਸੇ ਵੀ ਪਸ਼ਚਾਤਾਪ ਤੋਂ ਨਹੀਂ ਹੋ ਸਕਦੀ। ਪਰ ਮੈਂ ਜਾਣਦਾ ਹਾਂ ਕਿ ਵੱਖਰੀ ਚੋਣ ਪ੍ਰਣਾਲੀ ਨਾ ਤਾਂ ਪਸ਼ਚਾਤਾਪ ਹੈ ਅਤੇ ਨਾ ਹੀ ਇਸ ਨਾਲ ਦਲਿਤ ਵਰਗਾਂ ਦਾ ਸਦੀਆਂ ਪੁਰਾਣਾ ਦਮਨ ਰੁਕੇਗਾ ਜਾਂ ਇਸ ਤੋਂ ਉਹਨਾਂ ਦੇ ਬਚਾਓ ਦਾ ਕੋਈ ਰਸਤਾ ਨਿਕਲੇਗਾ।"

(ਉਹੀ, ਪੰਨਾ 84)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗਾਂਧੀ ਜੀ ਵਰਗਾ ਸ਼ਾਤਰ ਦਿਮਾਗ, ਜ਼ਿੱਦੀ, ਅੜੀਅਲ, ਅਸੰਗਤ ਅਤੇ ਤਰਕਹੀਣ ਵਿਅਕਤੀ, ਬਹੁਤੇ ਬ੍ਰਾਹਮਣਾਂ ਤੋਂ ਬਿਨਾਂ ਭਾਰਤ ਵਿਚ ਸ਼ਾਇਦ ਹੀ ਕੋਈ ਪੈਦਾ ਹੋਇਆ ਹੋਵੇ। ਇਹ ਮਰਨ ਵਰਤ ਗਾਂਧੀ ਜੀ ਦੁਆਰਾ ਅਛੂਤਾਂ ਦੇ ਵਿਰੁੱਧ ਕਾਂਗਰਸ ਦੀ 'ਯੁੱਧ ਘੋਸ਼ਣਾ' ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ, ਸਿੱਟੇ ਵਜੋਂ ਹਿੰਦੂਆਂ ਅਤੇ ਅਛੂਤਾਂ ਵਿਚ ਸੰਘਰਸ਼ ਸ਼ੁਰੂ ਹੋ ਗਿਆ।

### ਆਦਿ ਧਰਮ ਵੱਲੋਂ ਜਲੰਧਰ ਵਿਖੇ ਮਰਨ ਵਰਤ

ਅਛੂਤਾਂ ਨੂੰ ਮਿਲੇ ਵੱਖਰੇ ਚੋਣ ਅਧਿਕਾਰਾਂ ਵਿਰੁੱਧ ਗਾਂਧੀ ਜੀ ਅਤੇ ਹਿੰਦੂਆਂ ਵੱਲੋਂ ਦਬਾਅ ਦੀਆਂ ਕੂਟਨੀਤਿਕ ਚਾਲਾਂ ਅਧੀਨ ਰਚੇ ਗਏ ਮਰਨ ਵਰਤ ਦੇ ਆਡੰਬਰ ਦਾ ਵਿਰੋਧ ਕਰਨ ਅਤੇ ਡਾ. ਅੰਬੇਡਕਰ ਨੂੰ ਨੈਤਿਕ ਹਮਾਇਤ ਦੇਣ ਲਈ ਜਲੰਧਰ ਵਿਖੇ ਆਦਿ ਧਰਮ ਮੰਡਲ ਦੇ ਦਫ਼ਤਰ ਵਿਚ ਬਾਬੂ ਮੰਗੂ ਰਾਮ ਵੱਲੋਂ ਵੀ 20 ਅਗਸਤ 1932 ਨੂੰ ਮਰਨ ਵਰਤ ਰੱਖਿਆ ਗਿਆ।

ਇਸ ਦਾ ਮਨੋਰਥ ਜਿੱਥੇ ਗਾਂਧੀ ਜੀ ਦੀ ਕੂਟਨੀਤੀ ਦਾ ਵਿਰੋਧ ਕਰਨਾ ਸੀ, ਉਥੇ ਕਮਿਊਨਲ ਐਵਾਰਡ ਵਿਚ ਪੰਜਾਬ ਦੇ ਅਛੂਤਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਕੇ ਸਟੇਟ ਵਿਚ ਅਛੂਤਾਂ ਲਈ ਕੋਈ ਵੀ ਸੀਟ ਸੁਰੱਖਿਅਤ ਨਾਂ ਕੀਤੇ ਜਾਣਾ ਵੀ ਇਕ ਵੱਡਾ ਕਾਰਨ ਸਨ। ਯਾਦ ਰਹੇ ਕਿ ਪੰਜਾਬ ਦੇ ਹਿੰਦੂਆਂ ਨੇ 1928 ਵਿਚ ਸਾਈਮਨ ਕਮਿਸ਼ਨ ਅਤੇ 1932 ਵਿਚ ਲਾਰਡ ਲੋਥੀਅਨ ਕਮੇਟੀ ਦੇ ਸਾਹਮਣੇ ਪੰਜਾਬ ਵਿਚ ਛੂਆ-ਛਾਤ ਦੀ ਕਿਸੇ ਸਮੱਸਿਆ ਤੋਂ ਹੀ ਇਨਕਾਰ ਕੀਤਾ, ਉਹਨਾਂ ਦਾ ਇਹ ਪੁਰਜ਼ੋਰ ਮੱਤ ਸੀ ਕਿ ਪੰਜਾਬ ਵਿਚ ਅਛੂਤ ਵਰਗਾਂ ਦਾ ਕੋਈ ਸਵਾਲ ਹੀ ਨਹੀਂ ਹੈ।

ਸਿੱਟੇ ਵਜੋਂ ਕਮਿਊਨਲ ਐਵਾਰਡ ਵਿਚ ਪੰਜਾਬ ਦੇ ਅਛੂਤਾਂ ਨੂੰ ਵਿਸ਼ੇਸ਼ ਚੋਣ ਅਧਿਕਾਰਾਂ ਤੋਂ ਹੀ ਵਾਂਝਿਆਂ ਕਰ ਦਿੱਤਾ ਗਿਆ ਅਤੇ ਆਦਿ ਧਰਮ ਵੱਲੋਂ 1926 ਤੋਂ ਕੀਤੇ ਜਾ ਰਹੇ ਸੰਘਰਸ਼ ਨੂੰ ਸਿਆਸੀ ਤੌਰ ਤੇ ਕੋਈ ਮਾਨਤਾ ਨਾ ਮਿਲੀ।

(ਚਲਦਾ)







# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਜੀ ਦਾ ਚਮਤਕਾਰ



ਲਾਲ ਸਿੰਘ ਸੁਲਹਾਣੀ
91-98721-55120

ਭਾਰਤ ਦੇ ਚੋਣ ਕਮਿਸ਼ਨ ਵੱਲੋਂ 19 ਫਰਵਰੀ 1992 ਦਾ ਦਿਨ ਪੰਜਾਬ ਅੰਦਰ ਵਿਧਾਨ ਸਭਾ ਤੇ ਸੰਸਦੀ ਚੋਣਾਂ ਲਈ ਨਿਸਚਿਤ ਕੀਤਾ ਗਿਆ। ਪਰ 1991 ਦੀ ਚੋਣ ਦੇ ਉਲਟ ਇਸ ਵਾਰ ਵੱਖ ਵੱਖ ਅਕਾਲੀ ਧੜਿਆਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁੱਟਾਂ ਵੱਲੋਂ ਚੋਣਾਂ ਦਾ ਮੁਕੰਮਲ ਬਾਈਕਾਟ ਕਰਨ ਦਾ ਫੈਸਲਾ ਲਿਆ ਗਿਆ। ਚਰਚਾ ਸੀ ਕਿ ਸਰਕਾਰੀ ਏਜੰਸੀਆਂ ਦੇ ਦਬਾਅ ਕਾਰਨ ਅਜਿਹਾ ਕੀਤਾ ਗਿਆ ਹੈ। ਸ਼ਰੇਆਮ ਪਰਚਾਰ ਕੀਤਾ ਜਾ ਰਿਹਾ ਸੀ ਕਿ ਜੇ ਕੋਈ ਵੋਟ





31 ਜੁਲਾਈ 1999 ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਤੇ ਬਹੁਜਨ ਸਮਾਜ ਪਾਰਟੀ ਦੇ ਮੋਢੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਗੁਰੂ ਹਰ ਸਹਾਏ ਵਿਖੇ ਪੰਥਕ ਅਕਾਲੀ ਆਗੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਹਿਤ ਪਧਾਰੇ ਸਨ। ਉਹਨਾਂ ਨਾਲ ਇਹ ਦੁਰਲੱਭ ਯਾਦਗਾਰੀ ਤਸਵੀਰ ਬੋਹੜ ਸਿੰਘ ਸ਼ਰਾਜਵਾਲਾ ਬਸਪਾ ਆਗੂ ਦੇ ਘਰੋਂ ਪ੍ਰਾਪਤ ਹੋਈ।
**ਲਾਲ ਸਿੰਘ ਸੁਲਹਾਣੀ (ਜਰਨਲ ਸਕੱਤਰ)**
**ਬਹੁਜਨ ਸਮਾਜ ਪਾਰਟੀ। ਪੰਜਾਬ**

ਪਾਉਣ ਜਾਵੇਗਾ ਤਾਂ ਉਹ ਆਪਣਾ ਕੱਫਣ ਤਿਆਰ ਕਰਕੇ ਜਾਵੇ। ਪੰਜਾਬ ਦਾ ਮਾਹੌਲ ਪੂਰਾ ਦਹਿਸ਼ਤਜ਼ਦਾ ਅਤੇ ਤਣਾਅ ਪੂਰਨ ਸੀ। ਪਰ ਪਰਧਾਨ ਮੰਤਰੀ ਪੀ. ਵੀ. ਨਰ ਸਿਮਹਾ ਰਾਓ ਦੀ ਕਾਂਗਰਸੀ ਸਰਕਾਰ ਹਰ ਹਾਲਤ ਵਿਚ ਚੋਣਾਂ ਕਰਵਾਉਣ ਲਈ ਬਜਿਦ ਸੀ। ਇਸ ਵਾਰ ਕਾਂਗਰਸ ਪਾਰਟੀ ਦੇ ਮੁਕਾਬਲੇ ਬਹੁਜਨ ਸਮਾਜ ਪਾਰਟੀ ਆਪਣੇ ਦਮ ਖਮ ਤੇ ਚੋਣ ਮੈਦਾਨ ਵਿੱਚ ਡਟ ਕੇ ਖੜ੍ਹੀ ਹੋ ਗਈ। ਉਮੀਦਵਾਰ ਭਾਰੀ ਸੁਰੱਖਿਆ ਹੇਠ ਚੋਣ ਪਰਚਾਰ ਵਿੱਚ ਰੁੱਝ ਗਏ। ਪਰ ਪਿੰਡਾਂ ਤੇ ਕਸਬਿਆਂ ਵਿੱਚ ਡਰ ਅਤੇ ਸਹਿਮ ਦਾ ਮਹੌਲ ਸੀ। ਲੋਕਾਂ ਵਿਚ ਚੋਣਾਂ ਦੌਰਾਨ ਪਾਈ ਜਾਂਦੀ ਗਰਮਜੋਸ਼ੀ ਲਗਭਗ ਗਾਇਬ ਸੀ। ਫਿਰ ਵੀ ਮੈਂ ਬੁਲੰਦ ਹੌਸਲੇ ਨਾਲ ਫਿਰੋਜ਼ਪੁਰ ਛਾਉਣੀ ਜਨਰਲ ਹਲਕੇ ਤੋਂ ਸਾਹਿਬ ਕਾਂਸ਼ੀ ਰਾਮ ਜੀ ਦੇ ਦਿਸ਼ਾ ਰਦੇਸ਼ ਹੇਠ ਚੋਣ ਮੈਦਾਨ ਵਿੱਚ ਡਟ ਗਿਆ। ਨਾ ਸਾਜ਼ਗਾਰ ਹਾਲਾਤਾਂ ਦੇ ਬਾਵਜੂਦ ਵੀ ਬਸਪਾ ਕਾਰਜਕਰਤਾਵਾਂ ਵਿਚ ਭਾਰੀ ਉਤਸ਼ਾਹ ਸੀ। ਮੁਕਾਬਲੇ ਤੇ ਕਾਂਗਰਸ ਪਾਰਟੀ ਦਾ ਧਨਾਢ ਉਮੀਦਵਾਰ ਐਡਵੋਕੇਟ ਗੁਰਨੈਬ ਸਿੰਘ ਬਰਾੜ ਤੇ ਕਾਂਗਰਸ ਦਾ ਬਾਗੀ ਯੂਥ ਆਗੂ ਰਵਿੰਦਰ ਸਿੰਘ ਸੰਧੂ (ਬੱਬਲ) ਰਜਵਾੜਾਨੁਮਾ ਜਗੀਰਦਾਰ ਚੋਣ ਲੜ ਰਹੇ ਸਨ। ਅਸੀਂ ਛੋਟੇ ਛੋਟੇ ਸਾਧਨਾਂ ਨਾਲ ਨੰਗੇਧੜ ਲੜਦਿਆਂ ਉਹਨਾਂ ਲਈ ਵੰਗਾਰ ਬਣ ਖੜ੍ਹੇ ਸਾਂ। ਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਰਵਿੰਦਰ ਸੰਧੂ ਦੀ ਧਿਰ ਬਣ ਖੜੋਤੀਆਂ। ਇਕ ਸਹਾਇਕ ਥਾਣੇਦਾਰ ਦੀ ਅਗਵਾਈ 'ਚ ਛੇ ਪੰਜਾਬ ਪੁਲਿਸ ਦੇ ਮੁਲਾਜ਼ਮ ਤੇ ਇਕ ਸਬ ਇੰਸਪੈਕਟਰ ਦੀ ਕਮਾਂਡ ਹੇਠ ਵੱਡੀ ਗਿਣਤੀ ਵਿੱਚ ਸੀਮਾ ਸੁਰੱਖਿਆ ਬਲ ਦੇ ਜੁਆਨ ਮੇਰੀ ਸੁਰੱਖਿਆ ਲਈ ਤੈਨਾਤ ਕੀਤੇ ਗਏ। ਮੈਂ ਜੇਲ੍ਹ ਦੇ ਸਾਹਮਣੇ ਰਾਜਾ ਟਾਕੀਜ ਵਿਚ ਇਕ ਵੱਡਾ ਹਾਲ ਤੇ ਕਮਰੇ ਬੁੱਕ ਕਰਵਾ ਲਏ। ਫਿਰ ਕੁਝ ਦਿਨਾਂ ਬਾਅਦ 151- ਸੰਤ ਲਾਲ ਰੋਡ ਫਿਰੋਜ਼ਪੁਰ ਛਾਉਣੀ ਵਿਖੇ ਜਾ ਡੇਰਾ ਲਾਇਆ। ਜਿੱਥੇ ਪਹਿਲਾਂ ਖੁਰਾਕ ਤੇ ਸਪਲਾਈਜ਼ ਵਿਭਾਗ ਦਾ ਦਫਤਰ ਹੋਇਆ ਕਰਦਾ ਸੀ। ਕਿਉਂਕਿ ਐਨੇ ਵਡੇ ਦਲ ਬਲ ਨੂੰ ਮੁਹੱਲੇ ਵਿਚ ਸੰਭਾਲਣਾ ਮੁਸ਼ਕਿਲ ਸੀ।

ਮੈ ਇਕ ਜੁਗਾੜੂ ਜੀਪ ਦਾ ਪਰਬੰਧ ਕਰ ਲਿਆ ਸੀ। ਜਿਸਨੇ ਬੇਸ਼ੱਕ ਇਲਾਕੇ 'ਚ ਧੁੰਮ ਮਚਾ ਰੱਖੀ ਸੀ ਪਰ ਜਗੀਰਦਾਰਾਂ ਤੇ ਧਨਾਢਾਂ ਦੇ ਸਾਧਨਾਂ ਦੇ ਮੁਕਾਬਲੇ ਦੋ ਕਸਬਿਆਂ ਇਕ ਸ਼ਹਿਰ ਅਤੇ ਸੌ ਤੋਂ ਵੱਧ ਪਿੰਡਾਂ ਵਿਚ ਪਹੁੰਚ ਕਰਨਾ ਜ਼ੋਖਮ ਭਰਿਆ ਤੇ ਕਠਿਨ ਕਾਰਜ ਸੀ। ਭੋਲੇ ਭਾਲੇ, ਅਣਥੱਕ ਤੇ ਨਿਡਰ ਕਾਰਜਕਰਤਾ ਜੋ ਰਾਜਨੀਤਕ ਚਾਲਾਂ ਤੋਂ ਅਣਜਾਣ ਸਨ, ਮੇਰੀ ਧਰੋਹਰ ਸਨ। ਆਮ ਦਲਿਤ ਲੋਕ ਕਾਂਗਰਸ ਨੂੰ ਆਪਣੀ ਮਾਂ ਸਮਝਦੇ ਸਨ ਤੇ ਕਾਂਗਰਸ ਨਾਲੋਂ ਟੁੱਟਣਾ ਉਹਨਾਂ ਨੂੰ ਧਰਮ ਬਦਲੀ ਵਾਂਗ ਲੱਗਦਾ ਸੀ। 1985 ਦੀ ਚੋਣ ਦੌਰਾਨ ਹਲਕੇ ਦੇ ਆਖਰੀ ਪਿੰਡ ਗਿੱਲ ਦੇ ਦਲਿਤ ਸਾਡੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਸਨ ਸਗੋਂ ਸਾਨੂੰ ਉਹਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤਰ੍ਹਾਂ ਦੇ ਹਾਲਤ ਕਈ ਪਿੰਡਾਂ ਵਿਚ ਸਨ। ਸ਼ਹਿਰੀ ਵੋਟਰ ਤਾਂ ਸਾਡੇ ਤੋਂ ਦੂਰੀ ਬਣਾ ਕੇ ਰੱਖਦਾ ਸੀ ਪਰ ਫਿਰ ਵੀ ਟਾਂਵੇਂ ਟਾਂਵੇਂ ਵਰਕਰ ਨਿੱਤਰ ਪਏ ਸਨ। ਏਸੇ ਤਰ੍ਹਾਂ ਮਾਸਟਰ ਓਮ ਪਰਕਾਸ਼ ਦੀ ਪ੍ਰੇਰਨਾ ਸਦਕਾ ਗਿੱਲ ਪਿੰਡ ਦੇ ਇਕ ਅਧਿਆਪਕ ਠਾਣਾ ਸਿੰਘ ਤੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਮੁਲਾਜ਼ਮ ਮੁਖਤਿਆਰ ਸਿੰਘ ਫੌਜੀ 1987 'ਚ ਮੇਰੇ ਸੰਪਰਕ 'ਚ ਆਉਣ ਕਰਕੇ ਉਹ ਸਾਹਿਬ ਕਾਂਸ਼ੀ ਰਾਮ ਜੀ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੇ ਸਮਰੱਥਕ ਬਣ ਗਏ ਸਨ। ਇਉਂ ਇਹ ਪਿੰਡ ਹੁਣ ਸਪਾ ਸਰਗਰਮੀਆਂ ਦਾ ਕੇਂਦਰ ਬਣ ਚੁੱਕਿਆ ਸੀ। ਇਸ ਪਿੰਡ ਦਾ ਨੌਜੁਆਨ ਗੁਰਨਾਮ ਸਿੰਘ ਭੱਟੀ ਬਹੁਜਨ ਲਹਿਰ ਲਈ ਗੀਤ ਲਿਖਣ ਲੱਗ ਪਿਆ ਤੇ ਉਸੇ ਪਿੰਡ ਦਾ ਇਕ ਹੋਰ ਉਤਸ਼ਾਹੀ ਸਾਥੀ ਹਾਕਮ ਸਿੰਘ ਪੰਛੀ ਤੂੰਬੀ ਤੇ ਗੀਤ ਗਾ ਕੇ ਪਿੰਡ ਪਿੰਡ ਪਰਚਾਰ ਕਰਨ ਲੱਗ ਪਿਆ। ਇਸ ਚੋਣ ਦੌਰਾਨ ਭੱਟੀ ਨੇ ਇਕ ਗੀਤ ਲਿਖਿਆ _ ਕਾਂਗਰਸੇ ਤੈਨੂੰ ਰਹਿਣ ਦੇਣਾ ਤੂੰ ਐਵੇਂ ਨਾ ਜਾਣੀ।

ਪੂਛ ਚੁਕਾ ਦੇਊਗਾ ਲਾਲ ਸਿੰਘ ਸੁਲਹਾਣੀ।

ਜੋ ਬਹੁਤ ਚਰਚਿਤ ਹੋਇਆ ਤੇ ਪੰਛੀ ਤੋਂ ਸਾਰੇ ਪਿੰਡਾਂ 'ਚ ਹਰ ਸਟੇਜ ਤੇ ਸੁਣਿਆਂ ਜਾਂਦਾ। ਕਾਂਗਰਸੀ ਉਮੀਦਵਾਰ 1985 ਦੀ ਚੋਣ ਬਸਪਾ ਕਾਰਨ ਹਾਰ ਚੁੱਕਾ ਸੀ ਇਸ ਲਈ ਉਹ ਅੰਦਰੋ ਅੰਦਰੀ ਬਹੁਤ ਭੈ ਭੀਤ ਸੀ। ਫਿਰ ਵੀ ਉਹ ਸਰਕਾਰੀ ਤੰਤਰ ਸਹਾਰੇ ਜਿੱਤ ਲਈ ਆਸਵੰਦ ਸੀ। ਬਾਗੀ ਕਾਂਗਰਸੀ ਉਮੀਦਵਾਰ ਬੱਬਲ ਸੰਧੂ ਵੱਲੋਂ ਧਨ ਬਲ ਨਾਲ ਸਰਗਰਮ ਮੁਹਿੰਮ ਵਿੱਢੀ ਹੋਈ ਸੀ ਤੇ ਬਾਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਉਹਦੀ ਮੁਹਿੰਮ ਦੀਆਂ ਮੋਹਰੀ ਬਣ ਖੜੋਤੀਆਂ ਸਨ। ਉਹਦਾ ਚੋਣ ਨਿਸ਼ਾਨ ਚੜ੍ਹਦਾ ਸੂਰਜ ਸੀ। ਮੈਂ ਦਲਿਤ ਵਿਹੜਿਆਂ ਵਿੱਚ ਪਿੰਡ ਪਿੰਡ ਜਾਕੇ ਲੋਕਾਂ ਦੀ ਅਣਖ ਨੂੰ ਟੁੰਬਦਿਆਂ ਆਖਦਾ ਕਿ "ਜਿੰਨਾਂ ਚਿਰ ਧਨਾਢ ਜਗੀਰਦਾਰਾਂ ਦੇ ਸੂਰਜ ਚੜ੍ਹਦੇ ਰਹਿਣਗੇ ਤੁਹਾਡੇ ਢਾਰਿਆਂ, ਤੁਹਾਡੇ ਕੱਚੇ ਘਰਾਂ ਵਿਚ ਹਨੇਰਾ ਪਸਰਿਆ ਰਹੇਗਾ। ਤੁਸੀਂ ਆਪਣੇ ਦੀਪ ਆਪ ਬਣੋ। ਧਨਾਢਾਂ ਦੇ ਨੋਟ ਠੁਕਰਾ ਕੇ ਵੋਟ ਤੰਤਰ ਵਿਚ ਆਪਣੇ ਵੋਟਾਂ ਨਾਲ ਆਪ ਹੁਕਮਰਾਨ ਬਣੋ।"

ਮੇਰੇ ਜੋਸ਼ੀਲੇ ਭਾਸ਼ਣਾਂ ਨਾਲ ਉਤਸ਼ਾਹੀ ਨੌਜੁਆਨ ਸਾਡੀ ਲਹਿਰ ਦਾ ਅੰਗ ਬਣਨ ਲੱਗੇ। ਇਸ ਚੋਣ ਵਿਚ ਬਸਪਾ ਬੇਸ਼ੱਕ 7012 ਵੋਟਾਂ ਲੈਕੇ ਤੀਜੇ ਨੰਬਰ ਤੇ ਤਿਲਕ ਗਈ ਅਕਾਲੀ ਧਿਰਾਂ ਦਾ ਆਜ਼ਾਦ ਉਮੀਦਵਾਰ ਬੱਬਲ ਸੰਧੂ 17891 ਵੋਟਾਂ ਹਾਸਲ ਕਰਕੇ ਮੈਦਾਨ ਮਾਰ ਗਿਆ ਪਰ ਬਸਪਾ ਕਾਰਨ ਕਾਂਗਰਸੀ ਉਮੀਦਵਾਰ 16345 ਵੋਟਾਂ ਲੈਕੇ ਸਿਰਫ 1546 ਵੋਟਾਂ ਦੇ ਫ਼ਰਕ ਨਾਲ ਐਸਾ ਲੁੜਕਿਆ ਕਿ ਉਹ ਹਮੇਸ਼ਾ ਲਈ ਰਾਜਸੀ ਰੰਗਮੰਚ ਤੋਂ ਅਲੋਪ ਹੋ ਗਿਆ।

ਫਿਰੋਜ਼ਪੁਰ ਸ਼ਹਿਰ ਸੀਟ ਤੋਂ ਬਸਪਾ ਦੇ ਉਮੀਦਵਾਰ ਮੁਖਤਿਆਰ ਸਿੰਘ ਮੁੱਤੀ ਕੰਬੋਜ ਨੂੰ ਸੈਂਕੜੇ ਵੋਟਾਂ ਨਾਲ ਜਿੱਤਦੇ ਜਿੱਤਦੇ ਨੂੰ ਅੰਕੜਿਆਂ ਦੇ ਹੇਰ ਫੇਰ ਨਾਲ ਉਹਦੇ ਖਾਤੇ ਵਿਚ 12158 ਵੋਟਾਂ ਦਰਸਾ ਕੇ ਸਿਫਰ 355 ਵੋਟਾਂ ਦੇ ਫ਼ਰਕ ਨਾਲ ਹਾਰਿਆ ਹੋਇਆ ਐਲਾਨ ਦਿੱਤਾ ਗਿਆ ਤੇ ਪੰਡਤ ਬਾਲ ਮੁਕੰਦ ਸ਼ਰਮਾ ਕਾਂਗਰਸੀ ਉਮੀਦਵਾਰ 12513 ਵੋਟਾਂ ਲੈਕੇ ਜੇਤੂ ਕਰਾਰ ਦੇ ਦਿੱਤਾ ਗਿਆ। ਜਦੋਂ ਕਿ ਨਤੀਜਾ ਇਸ ਦੇ ਉਲਟ ਸੀ ਪਰ ਆਰ ਓ ਕਮ ਐਸ ਡੀ ਐਮ ਫਿਰੋਜ਼ਪੁਰ ਰਾਜਸੀ ਦਬਾਅ ਅਧੀਨ ਪੱਖਪਾਤੀ ਰੁੱਖ ਅਖਤਿਆਰ ਕਰ ਰਿਹਾ ਸੀ। ਜਿਸ ਕਰਕੇ ਬਸਪਾ ਵਰਕਰ ਗੁੱਸੇ ਤੇ ਵਿਦਰੋਹ ਦੇ ਰੌਅ 'ਚ ਸਨ। ਜੋ ਭਾਰੀ ਗਿਣਤੀ ਵਿਚ ਡਿਪਟੀ ਕਮਿਸ਼ਨਰ ਦਫਤਰ ਵੱਲ ਪ੍ਰਦਰਸ਼ਨ ਕਰਨ ਲਈ ਵਧ ਰਹੇ ਸਨ। ਏਸੇ ਦੌਰਾਨ ਸਾਨੂੰ ਦੱਸਿਆ ਗਿਆ ਕਿ ਬਹੁਜਨ ਸਮਾਜ ਪਾਰਟੀ ਦਾ ਲੋਕ ਸਭਾ ਦਾ ਉਮੀਦਵਾਰ ਮੋਹਣ ਸਿੰਘ ਫ਼ਲੀਆਂ ਵਾਲਾ ਵੋਟਾਂ ਨਾਲ ਤਾਂ ਜਿੱਤ ਰਿਹਾ ਐ ਪਰ ਕਾਂਗਰਸ ਦੀ ਕੇਂਦਰੀ ਸਰਕਾਰ ਹਰ ਹੀਲੇ ਗੁਰਦਾ- ਸਪੁਰ ਤੋਂ ਲਿਆਂਦੇ ਆਪਣੇ ਉਮੀਦਵਾਰ ਕਾਂਗਰਸ ਦੇ ਪਰਧਾਨ ਸੰਤੋਖ ਸਿੰਘ ਰੰਧਾਵਾ ਨੂੰ ਜਿਤਾਉਣ ਲਈ ਅੜੀ ਹੋਈ ਹੈ। ਇਹ ਸੁਣ ਕੇ ਬਸਪਾ ਕਾਰਜਕਰਤਾ ਹੋਰ ਭੜਕ ਪਏ ਬਸਪਾ ਵਰਕਰਾਂ ਦਾ ਜੋਸ਼ ਉਬਾਲੇ ਮਾਰ ਰਿਹਾ ਸੀ। ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਬਰ ਤਿਆਰ ਸਨ। ਮੈਂ ਤੇ ਮੁਖਤਿਆਰ ਸਿੰਘ ਕੰਬੋਜ ਵਰਕਰਾਂ ਦੀ ਅਗਵਾਈ ਕਰ ਰਹੇ ਸਾਂ। ਸ਼ੇਰ ਸ਼ਾਹ ਵਲੀ ਵਾਲਾ ਮੇਨ ਚੌਕ ਜਾਮ ਕਰ ਦਿਤਾ ਗਿਆ। ਭਾਰੀ ਹਜੂਮ ਵਲੋਂ ਆਵਾਜਾਈ ਠੱਪ ਕਰ ਦਿੱਤੀ ਗਈ। ਪਲੋ ਪਲੀ ਲੋਕਾਂ ਦਾ ਵਿਦਰੋਹੀ ਇਕੱਠ ਵਧਦਾ ਜਾ ਰਿਹਾ ਸੀ। ਉੱਧਰ ਇਕ ਇਮਾਨਦਾਰ ਆਰ ਓ ਕਮ ਡਿਪਟੀ ਕਮਿਸ਼ਨਰ ਰਕੇਸ਼ ਕੁਮਾਰ ਆਈ ਏ ਐਸ ਕਿਸੇ ਰਾਜਨੀਤਿਕ ਦਬਾਅ ਹੇਠ ਆਕੇ ਗ਼ਲਤ ਨਤੀਜਾ ਐਲਾਨ ਕਰਨ ਤੋਂ ਇਨਕਾਰੀ ਹੋ ਖੜੋਤਾ। ਮੋਹਣ ਸਿੰਘ ਫ਼ਲੀਆਂ ਵਾਲਾ 150903 ਵੋਟਾਂ ਅਤੇ ਸੰਤੋਖ ਸਿੰਘ ਰੰਧਾਵਾ ਨੂੰ 149607 ਵੋਟਾਂ ਪਈਆਂ ਸਨ ਇਸ ਤਰ੍ਹਾਂ ਬਸਪਾ ਉਮੀਦਵਾਰ ਨੂੰ 1296 ਵੋਟਾਂ ਨਾਲ ਜੇਤੂ ਕਰਾਰ ਦੇ ਦਿੱਤਾ ਗਿਆ। ਬੇਸ਼ੱਕ ਉਹ ਨੂੰ ਕੁੱਝ ਦਿਨਾਂ ਬਾਅਦ ਕਿਧਰੇ ਖੁੱਡੇ ਲਾਈਨ ਲਾ ਦਿੱਤਾ ਗਿਆ। ਬਦ ਦਿਆਨਤਦਾਰੀ, ਭਰਿਸ਼ਟ ਤੇ ਲੁੱਟ ਖਸੁੱਟ ਵਾਲੇ ਦੌਰ ਵਿਚ ਵੀ ਉਹ "ਕੋਈ ਹਰਿਆ ਬੂਟਿ ਰਹਿਓ ਰੀ" ਦੀ ਖੂਬਸੂਰਤ ਮਿਸਾਲ ਕਾਇਮ ਕਰ ਗਿਆ। ਸਾਹਿਬ ਕਾਂਸ਼ੀ ਰਾਮ ਜੀ ਦੇ ਚਮਤਕਾਰ ਸਦਕਾ ਸੰਸਦੀ ਇਤਿਹਾਸ ਵਿਚ ਰਾਜਨੀਤੀ ਤੋਂ ਬਿਲਕੁੱਲ ਕੋਰਾ ਇਕ ਸਧਾਰਨ ਪਰਵਾਰ ਦਾ ਦਲਿਤ ਰਾਏ ਸਿੱਖ ਨੌਜਵਾਨ ਖੱਬੀਖਾਨਾਂ ਨੂੰ ਚਿੱਤ ਕਰਕੇ ਪਹਿਲੀ ਵਾਰ ਸੰਸਦ ਦੀਆਂ ਪੌੜੀਆਂ ਚੜ੍ਹਨ ਵਿਚ ਕਾਮਯਾਬ ਹੋ ਗਿਆ। ਧਰਮਕੋਟ ਰਿਜ਼ਰਵ ਸੀਟ ਤੋਂ ਗਰੀਬ ਪਰਵਾਰ ਦਾ ਇਕ ਅਲੂੰਆਂ ਚੋਬਰ ਕਾਲਜ ਚੋਂ ਨਿਕਲਦਿਆਂ ਵਿਧਾਇਕ ਬਣ ਗਿਆ। ਗਰੀਬ ਪਰਵਾਰਾਂ ਦੇ ਨੌਸਿੱਖੀਏ ਦੁਆਬੇ ਚੋਂ ਬਸਪਾ ਦੇ ਛੇ ਤੇ ਮਾਲਵੇ ਚੋਂ ਤਿੰਨ ਵਿਧਾਇਕ ਜਿੱਤ ਗਏ। ਪਹਿਲੀ ਵਾਰ ਬਸਪਾ ਮੁੱਖ ਵਿਰੋਧੀ ਧਿਰ ਵਜੋਂ ਵਿਧਾਨ ਸਭਾ 'ਚ ਦਾਖਲ ਹੋਣ ਵਿਚ ਕਾਮਯਾਬ ਹੋਈ ਤਾਂ ਰਾਜਨੀਤਕ ਪੰਡਤਾਂ ਦੇ ਦੰਦ ਜੁੜ ਗਏ।



ਬੇਸ਼ੱਕ ਬਸਪਾ ਦੀ ਚੜ੍ਹਤ ਰੋਕਣ ਲਈ ਕਾਂਗਰਸ ਪਾਰਟੀ ਨੇ ਆਤੰਕਵਾਦ ਦੀ ਆੜ ਵਿਚ ਦੋ ਦਰਜਨ ਤੋਂ ਵਧ ਬਸਪਾ ਕਾਰਕੁਨਾਂ ਨੂੰ ਬਲੀ ਦਾ ਬੱਕਰਾ ਬਣਾਉਣ ਲਈ ਸਾਜਸ਼ੀ ਵਿਉਂਤਬੰਦੀ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਜੇ ਨਿਰਪਖ ਤੇ ਆਜ਼ਾਦ ਚੋਣ ਹੁੰਦੀ ਤਾਂ ਪੰਜਾਬ ਦਾ ਚੋਣ ਨਤੀਜਾ ਹੋਰ ਹੋਣਾ ਸੀ।







# ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਆਰ ਸੀ ਸੰਗਰ ਦਾ ਦਿਹਾਂਤ ਦੁਖਦਾਈ

ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਜਨਰਲ ਸਕੱਤਰ ਡਾ. ਜੀ ਸੀ ਕੌਲ ਨੇ ਇੱਕ ਪ੍ਰੈਸ ਬਿਆਨ ਵਿਚ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਖ਼ਬਰ ਹੈ ਕਿ ਅਸੀਂ ਇੱਕ ਪ੍ਰਤੀਬੱਧ ਅੰਬੇਡਕਰਵਾਦੀ ਅਤੇ ਸਮਰਪਿਤ ਬੌਧ ਸ੍ਰੀ ਆਰ ਸੀ ਸੰਗਰ ਗਵਾ ਚੁੱਕੇ ਹਾਂ। ਕੁਝ ਦਿਨਾਂ ਦੀ ਬਿਮਾਰੀ ਕਾਰਨ ਸ੍ਰੀ ਸੰਗਰ ਦਾ ਦਿਹਾਂਤ 27 ਜੂਨ ਨੂੰ ਉਨ੍ਹਾਂ ਦੇ ਗ੍ਰਹਿ ਸੂਰਿਆ ਇਨਕਲੇਵ ਵਿਖੇ ਹੋਇਆ ਸੀ. ਡਾ. ਕੌਲ ਨੇ ਕਿਹਾ ਕਿ ਸ਼੍ਰੀ ਸੰਗਰ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿਸਟਰਡ) ਦੇ ਸਾਬਕਾ ਜਨਰਲ ਸਕੱਤਰ, ਬਾਮਸੇਫ ਪੰਜਾਬ ਦੇ ਬਾਨੀ ਸਨ ਅਤੇ ਭਾਰਤ ਮੁਕਤੀ ਮੋਰਚਾ ਅਤੇ ਕਈ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਸਨ।

ਸਾਰਾ ਜੀਵਨ ਉਨ੍ਹਾਂ ਨੇ ਬਾਬਾ ਸਾਹਿਬ ਡਾ ਅੰਬੇਡਕਰ ਦੇ ਮਿਸ਼ਨ ਪ੍ਰਤੀ ਸਮਰਪਿਤ ਕੀਤਾ ਸੀ। ਸ਼੍ਰੀ ਆਰ ਸੀ ਸੰਗਰ ਦਾ ਦਿਹਾਂਤ ਅੰਬੇਡਕਰਵਾਦੀ ਅਤੇ ਬੌਧ ਸਮਾਜ ਦਾ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਕਿਹਾ ਕਿ ਅਸੀਂ, ਅੰਬੇਡਕਰ ਭਵਨ ਦੇ ਟਰੱਸਟੀ- ਐਲ ਆਰ ਬਾਲੀ, ਡਾ. ਜੀ ਸੀ ਕੌਲ, ਸੋਹਨ ਲਾਲ (ਸਾਬਕਾ ਡੀ ਪੀ ਆਈ ਕਾਲਿਜਾਂ), ਬਲਦੇਵ ਰਾਜ ਭਾਰਦਵਾਜ, ਡਾ. ਸੁਰੇਂਦਰ ਅਜਨਾਤ, ਡਾ. ਆਰ ਐਲ ਜੱਸੀ, ਕੇ ਸੀ ਸੁਲੇਖ, ਡਾ. ਰਾਹੁਲ, ਆਰ ਪੀ ਐਸ ਪਾਵਰ ਆਈ ਏ ਐਸ (ਰਿਟਾ.) ਅਤੇ ਚੌਧਰੀ ਨਸੀਬ ਚੰਦ ਸ਼੍ਰੀ ਆਰ ਸੀ ਸੰਗਰ ਦੇ ਦਿਹਾਂਤ ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹਾਂ ਅਤੇ ਇਸ ਦੁੱਖ ਦੀ ਘੜੀ ਵਿਚ ਉਨ੍ਹਾਂ ਦੇ ਪਰਿਵਾਰ ਨਾਲ ਖੜੇ ਹਾਂ

**ਡਾ. ਜੀ ਸੀ ਕੌਲ**
**ਜਨਰਲ ਸਕੱਤਰ**
**ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ**
(91-94632-23223)

## ਨਿਰਵਾਣ ਪ੍ਰਾਪਤ ਸ਼੍ਰੀ ਆਰ ਸੀ ਸੰਗਰ, ਚੇਅਰਮੈਨ, ਅੰਬੇਡਕਰ ਭਵਨ ਟਰੱਸਟ (ਰਜਿ) ਜਲੰਧਰ ਦੀਆਂ ਯਾਦਗਾਰੀ ਤਸਵੀਰਾਂ



ਅੰਬੇਡਕਰ ਭਵਨ ਦੇ ਟਰੱਸਟੀ ਬਲਦੇਵ ਰਾਜ ਭਰਦਵਾਜ, ਆਰ ਸੀ ਸੰਗਰ, ਡਾ. ਜੀ ਸੀ ਕੌਲ ਅਤੇ ਐਲ ਆਰ ਬਾਲੀ ਸ਼੍ਰੀ ਸਮਸ਼ੇਰ ਸਿੰਘ ਦੂਲੋ ਐਮ ਪੀ (ਰਾਜ ਸਭਾ) ਦੇ ਗ੍ਰਹਿ, ਖੰਨਾ ਵਿਖੇ ਨਵੰਬਰ, 2019 ਵਿਚ





ਅੰਬੇਡਕਰ ਭਵਨ ਵਿਖੇ ਟਰੱਸਟ ਦੀ ਮੀਟਿੰਗ ਵਿਚ




ਸ਼੍ਰੀ ਆਰ ਸੀ ਸੰਗਰ ਭਾਸ਼ਣ ਕਰਦੇ ਹੋਏ



ਅੰਬੇਡਕਰ ਭਵਨ ਦੇ ਟਰੱਸਟੀ ਸ਼੍ਰੀ ਸਮਸ਼ੇਰ ਸਿੰਘ ਦੂਲੋ ਐਮ ਪੀ ਦਾ ਸਵਾਗਤ ਕਰਦੇ ਹੋਏ



ਅੰਬੇਡਕਰ ਭਵਨ ਵਿਖੇ ਪੌਦੇ ਲਗਾਉਂਦੇ ਹੋਏ



(ਖੱਬੇ ਤੋਂ ਸੱਜੇ) ਬਲਦੇਵ ਰਾਜ ਭਾਰਦਵਾਜ, ਡਾ. ਰਾਹੁਲ, ਆਰ ਸੀ ਸੰਗਰ, ਭੀਸ਼ਮਪਾਲ ਸਿੰਘ, ਕੇ ਸੀ ਸੁਲੇਖ, ਐਲ ਆਰ ਬਾਲੀ, ਡਾ. ਜੀ ਸੀ ਕੌਲ, ਡਾ ਆਰ ਐਲ ਜੱਸੀ, ਡਾ. ਤਰਸੇਮ ਸਾਗਰ, ਬਰਖਾ ਰਾਮ ਅਤੇ ਸੋਹਨ ਲਾਲ ਅਤੇ ਹੋਰ।
ਨਿਰਵਾਣ ਪ੍ਰਾਪਤ ਸ਼੍ਰੀ ਆਰ ਸੀ ਸੰਗਰ, ਚੇਅਰਮੈਨ, ਅੰਬੇਡਕਰ ਭਵਨ ਟਰੱਸਟ (ਰਜਿ) ਜਲੰਧਰ ਦੀਆਂ ਯਾਦਗਾਰੀ ਤਸਵੀਰਾਂ।

# ਲੋਕ ਨਾਇਕ ਦਾ ਚਲਾਣਾ

ਕੁਸ਼ਲ ਕੁਮਾਰ
91-97807-78062

17 ਜੂਨ 2020 ਦਿਨ ਸਨਿਚਰਵਾਰ ਸਿਖਰ ਦੁਪਹਿਰ ਦੇ ਤਕਰੀਬਨ 3:15 ਵਜੇ ਲੰਮੀ ਬਿਮਾਰੀ ਤੋਂ ਬਾਹਰ ਜਲੰਧਰ ਦੇ ਨਿੱਜੀ ਹਸਪਤਾਲ ਤੋਂ ਡਿਸਚਾਰਜ ਹੋ ਕੇ ਆਰ਼ ਸੀ਼ ਸੰਗਰ ਸਾਹਿਬ ਆਪਣੇ ਘਰ ਸੂਰਯਾ ਇਨਕਲੇਵ ਜਲੰਧਰ ਪਹੁੰਚੇ, ਜਿੱਥੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਉਹਨਾਂ ਦੇ ਮਿਸ਼ਨਰੀ ਸਾਥੀ ਅਸ਼ੋਕ ਸਹੋਤਾ ਵੀ ਨਾਲ ਸਨ। ਗੱਲਬਾਤ ਦੌਰਾਨ ਉਹਨਾਂ ਆਪਣੇ ਸਾਥੀ ਨੂੰ ਕਿਹਾ ਕਿ ਮੇਰੇ ਜਾਣ ਤੋਂ ਬਾਅਦ ਵੀ ਸੰਗਠਨ ਅਤੇ ਮਿਸ਼ਨ ਦਾ ਕੰਮ ਇਸੇ ਤਰ੍ਹਾਂ ਹੀ ਚਲਦਾ ਰਹਿਣਾ ਚਾਹੀਦਾ ਹੈ। ਪਾਣੀ ਪੀਣ ਤੋਂ ਬਾਅਦ ਉਹਨਾਂ ਆਖਰੀ ਸਾਹ ਲਿਆ ਅਤੇ ਦੁਬਾਰਾ ਸਾਹ ਨਹੀਂ ਮੁੜਿਆ। ਆਰ. ਸੀ. ਸੰਗਰ ਜਿਹਨਾਂ ਦਾ ਜਨਮ ਜਲੰਧਰ ਸ਼ਹਿਰ ਦੀਆਂ ਤੰਗ ਗਲੀਆਂ ਸੰਗਰਾ ਮੁਹੱਲੇ ਵਿਚ 9 ਅਪਰੈਲ 1937 ਵਿਚ ਹੋਇਆ। ਇਹ ਦੌਰ ਉਹ ਦੌਰ ਸੀ ਜਦੋਂ ਭਾਰਤ ਵਿਚ ਅਛੂਤ ਲੋਕਾਂ ਦੀ ਆਜ਼ਾਦੀ ਦੀ ਲੜਾਈ ਅੰਤਿਮ ਪੜਾਅ 'ਤੇ ਸੀ। ਬਾਬਾ ਸਾਹਿਬ ਅੰਬੇਡਕਰ ਇਸ ਦੀ ਰਹਿਨੁਮਾਈ ਕਰ ਰਹੇ ਸਨ। ਸੰਗਰ ਸਾਹਿਬ ਅਕਸਰ ਜਦੋਂ ਕਿ ਮੰਚ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਸਨ ਤਾਂ ਇਕ ਵਾਕਿਆ ਅਕਸਰ ਉਹ ਸਾਂਝਾ ਕਰਦੇ ਹੁੰਦੇ ਸਨ ਕਿ ਜਦੋਂ 1932 'ਚ ਦੂਜੀ ਗੋਲਮੇਜ਼ ਕਾਨਫਰੰਸ ਵਿਚ ਗਾਂਧੀ ਨੇ ਇੰਗਲੈਂਡ ਵਿਚ ਆਪਣੇ ਆਪ ਨੂੰ ਅਛੂਤਾਂ ਦਾ ਨੇਤਾ ਦੱਸਿਆ ਅਤੇ ਐਸ਼ ਸੀ਼Kਐਸ਼ ਟੀ਼ ਨੂੰ ਮਿਲਣ ਵਾਲੇ ਵਿਸ਼ੇਸ਼ ਅਧਿਕਾਰਾਂ ਦੀ ਵਿਰੋਧਤਾ ਕੀਤੀ ਤਾਂ ਸੰਗਰਾ ਮੁਹੱਲੇ 'ਚੋਂ ਉਹਨਾਂ ਦੇ ਤਾਇਆ ਡੋਗਰ ਮੱਲ ਸੰਗਰ, ਜੋ ਬਾਲਮੀਕ ਸਭਾ ਦੇ ਪ੍ਰਧਾਨ ਸਨ, ਵੱਲੋਂ ਖੂਨ ਨਾਲ ਪੋਸਟ ਕਾਰਡ ਲਿਖ ਕੇ ਭੇਜੇ ਅਤੇ ਇੰਗਲੈਂਡ ਸਰਕਾਰ ਨੂੰ ਕਿਹਾ ਕਿ ਡਾ਼ ਅੰਬੇਡਕਰ ਹੀ ਸਾਡਾ ਰਹਿਨੁਮਾ ਹੈ। ਸਾਡਾ ਖੂਨ ਅਤੇ ਡਾ਼ ਅੰਬੇਡਕਰ ਦਾ ਖੂਨ ਮਿਲਾ ਕੇ ਦੇਖੋ, ਇਕ ਹੈ। ਜੋ ਕਿ ਸੁਣਨ ਵਾਲੇ ਸਰੋਤਿਆਂ ਨੂੰ ਪ੍ਰੇਰਨਾ ਦਿੰਦਾ ਸੀ। ਆਰ਼ ਸੀ਼ ਸੰਗਰ ਜੀ ਐਮ਼ ਏ਼ ਇੰਗਲਿਸ਼ ਅਤੇ ਜਰਨਲਿਜ਼ਮ ਵਿਚ ਡਿਪਲੋਮਾ ਲਾਅ ਕਾਲਜ ਬੰਬਈ ਤੋਂ ਸਨ। ਆਰ. ਸੀ. ਸੰਗਰ ਜੀ ਨੂੰ ਪਹਿਲਾਂ 1963 ਵਿਚ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਬਤੌਰ ਵਾਰਡਨਰ ਦੀ ਨੌਕਰੀ ਮਿਲੀ। ਪਰ ਆਪਣੀ ਯੋਗਤਾ ਕਰਕੇ ਉਹਨਾਂ ਇਹ ਨੌਕਰੀ ਛੱਡ ਦਿੱਤੀ। ਇਸੇ ਦਰਮਿਆਨ ਉਹਨਾਂ ਦਾ ਵਿਆਹ 1965 ਵਿਚ ਸ੍ਰੀਮਤੀ ਪੂਨਮ ਜੋ ਕਿ ਅੰਮ੍ਰਿਤਸਰ ਲਾਹੌਰੀ ਗੇਟ ਤੋਂ ਸਨ, ਨਾਲ ਹੋਇਆ।





ਆਰ਼ ਸੀ਼ ਸੰਗਰ ਜੀ ਨੇ ਪੋਸਟਲ ਐਂਡ ਟੈਲੀਗ੍ਰਾਫ ਜੋ ਕਿ ਭਾਰਤ ਸਰਕਾਰ ਦਾ ਅਦਾਰਾ ਹੈ, ਵਿਚ ਆਪਣਾ ਕੈਰੀਅਰ ਦੁਬਾਰਾ ਸ਼ੁਰੂ ਕੀਤਾ ਅਤੇ ਇਸੇ ਦੌਰਾਨ ਸ਼ਿਮਲਾ, ਹਰਿਦੁਆਰ, ਬੰਬਈ ਸ਼ਹਿਰਾਂ ਵਿਚ ਨੌਕਰੀ ਕਰਨ ਉਪਰੰਤ 1991 ' ਆਪਣੀ ਰਿਟਾਇਰਮੈਂਟ ਤੋਂ ਪੰਜ ਸਾਲ ਪਹਿਲਾਂ ਹੀ ਤਿਆਗ ਪੱਤਰ ਦੇ ਦਿੱਤਾ ਅਤੇ ਪੂਰੇ ਜੋਸ਼ ਅਤੇ ਸਮਰਪਣ ਨਾਲ ਸਮਾਜ ਹਿੱਤ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਆਰ਼ ਸੀ਼ ਸੰਗਰ ਜੀ ਦੀਆਂ ਤਿੰਨ ਪੁੱਤਰੀਆਂ ਅਤੇ ਇਕ ਪੁੱਤਰ ਹੈ। ਤਿੰਨਾਂ ਲੜਕੀਆਂ ਦੇ ਨਾਂ ਬੁੱਧ ਵਿਹਾਰKਪ੍ਰੰਪਰਾ ਦੇ ਨਾਂ 'ਤੇ ਰੱਖਿਆ। ਚਾਰੂਮਿੱਤਰਾ, ਸੰਘਮਿੱਤਰਾ ਅਤੇ ਕ੍ਰਾਂਤੀ ਨਾਇਕ ਰੱਖਿਆ ਅਤੇ ਪੁੱਤਰ ਦਾ ਨਾਂ ਇਨਕਲਾਬ ਸਿੰਘ ਰੱਖਿਆ। ਆਪਣੇ ਪੋਤਰੇ ਦਾ ਨਾਂ ਕਨਿਸ਼ਕ ਅਤੇ ਪੋਤਰੀ ਦਾ ਨਾਂ ਪ੍ਰਗਿਆ ਰੱਖਿਆ। ਇਸ ਤਰ੍ਹਾਂ ਆਰ਼ ਸੀ਼ ਸੰਗਰ ਜੀ ਨੇ ਬਾਬਾ ਸਾਹਿਬ ਡਾ਼ ਅੰਬੇਡਕਰ ਅਤੇ ਬੁੱਧ ਦੇ ਫ਼ਲਸਫ਼ੇ ਨੂੰ ਆਪਣੇ ਜੀਵਨ ਵਿਚ ਧਾਰਨ ਕਰਕੇ ਉਸਨੂੰ ਅਮਲੀ ਜਾਮਾ ਪਹਿਨਾਇਆ ਜੋ ਕਿ ਉਹਨਾਂ ਦੇ ਆਚਰਣ ਵਿਚੋਂ ਝਲਕਦਾ ਸੀ। ਸੰਗਰ ਸਾਹਿਬ 1968 ਵਿਚ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਫਾਊਂਡਰ ਮੈਂਬਰ ਬਣੇ। ਜਿਸ ਦੌਰਾਨ ਉਹਨਾਂ ਦੀ ਮੁਲਾਕਾਤ ਐਡਵੋਕੇਟ ਭਗਵਾਨ ਦਾਸ ਨਾਲ ਹੋਈ। ਐਡਵੋਕੇਟ ਭਗਵਾਨ ਦਾਸ ਨੇ ਬਾਬਾ ਸਾਹਿਬ ਡਾ਼ ਅੰਬੇਡਕਰ ਦੇ ਨਾਲ ਬਹੁਜਨ ਮੂਵਮੈਂਟ ਨੂੰ ਵਧਾਉਣ ਲਈ ਉਹਨਾਂ ਨਾਲ ਕੰਮ ਕੀਤਾ ਸੀ। 1978 ਵਿਚ ਸੰਗਰ ਸਾਹਿਬ 'ਜਾਗੋ, ਜਾਗਤੇ ਰਹੋ' ਅਖ਼ਬਾਰ ਵੀ ਕੱਢੀ ਅਤੇ ਮੁੱਖ ਸੰਪਾਦਕ ਵਜੋਂ ਉਹਨਾਂ ਦੇ ਬਹੁਤ ਸਾਰੇ ਆਰਟੀਕਲ ਅਤੇ ਲੇਖ ਛਪਦੇ ਰਹੇ। ਇਸੇ ਦੌਰਾਨ 6 ਦਸੰਬਰ 1978 ਨੂੰ ਬਾਮਸੇਫ ਸੰਗਠਨ ਹੋਂਦ ਵਿਚ ਆਇਆ, 6 ਦਸੰਬਰ 1981 ਨੂੰ ਡੀ਼ ਐਸ਼2 ਅਤੇ ਬਾਅਦ ਵਿਚ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਹੋਂਦ ਵਿਚ ਆਈ। ਬਾਮਸੇਫ ਬਣਨ ਤੇ ਆਰ਼ ਸੀ਼ ਸੰਗਰ ਸਾਹਿਬ ਨੇ ਬਾਬਾ ਸਾਹਿਬ ਦੇ ਉਦੇਸ਼ਾਂ ਦੀ ਪੂਰਤੀ ਕਰਦੀ ਇਹ ਸੰਸਥਾ ਅਪਣਾਈ ਅਤੇ ਇਸ ਵਿਚ ਕੰਮ ਕੀਤਾ। ਸੰਗਰ ਸਾਹਿਬ ਬਾਮਸੇਫ ਅਤੇ ਭਾਰਤ ਮੁਕਤੀ ਮੋਰਚਾ ਜੋ ਬਾਮਸੇਫ ਦਾ ਆਫਸ਼ੂਟ ਵਿੰਗ ਹੈ, ਦੇ ਸੰਸਥਾਪਕ ਮੈਂਬਰ ਰਹੇ। ਅਤੇ ਪੰਜਾਬ ਵਿਚ ਫੂਲੇ, ਸ਼ਾਹੂ, ਅੰਬੇਡਕਰ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ। ਇਸ ਤੋਂ ਇਲਾਵਾ ਆਰ਼ ਸੀ਼ ਸੰਗਰ ਜੀ ਪੰਜਾਬ ਸੂਬੇ ਦੇ ਬਾਮਸੇਫ ਦੇ ਪ੍ਰਧਾਨ ਰਹੇ। ਜਲੰਧਰ ਅੰਬੇਡਕਰ ਭਵਨ ਦੇ ਟਰ- ੱਸਟੀ ਅਤੇ 2018 ਤੋਂ ਬਤੌਰ ਚੇਅਰਮੈਨ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਰਿਟਾਇਰਮੈਂਟ ਤੋਂ ਬਾਅਦ ਆਰ਼ ਸੀ਼ ਸੰਗਰ ਜੀ ਸਫਾਈ ਮਜ਼ਦੂਰ ਫੈਡਰੇਸ਼ਨ ਦੇ ਜਨਰਲ ਸਕੱਤਰ ਪੰਜਾਬ ਰਹੇ ਅਤੇ ਆਪਣੇ ਕਾਰਜਕਾਲ ਦੌਰਾਨ ਸਫਾਈ ਕਾਮਿਆਂ ਦੀਆਂ ਪੈਨਸ਼ਨਾਂ ਲਗਵਾਈਆਂ। 2007 ਵਿਚ ਸੰਗਰ ਸਾਹਿਬ ਦੇ ਜੀਵਨ ਸਾਥੀ ਸ੍ਰੀਮਤੀ ਪੂਨਮ ਬਿਮਾਰੀ ਕਾਰਨ ਉਹਨਾਂ ਦਾ ਸਾਥ ਛੱਡ ਗਏ। ਪਰ ਇਸ ਨਾਲ ਵੀ ਉਹਨਾਂ ਨੇ ਆਪਣੇ ਉਦੇਸ਼ ਨੂੰ ਸਾਰਥਕ ਤਰੀਕੇ ਨਾਲ ਨੇਪਰੇ ਚਾੜ੍ਹਿਆ ਅਤੇ ਇਕ ਨੌਜਵਾਨ ਨਾਲੋਂ ਵੱਧ ਤਾਕਤ ਅਤੇ ਉਤਸੁਕਤਾ ਨਾਲ ਅੰਬੇਡਕਰੀ ਮਿਸ਼ਨ ਨੂੰ ਪੰਜਾਬ ਵਿਚ ਜਾਰੀ ਰੱਖਿਆ। ਕਈ ਵਾਰ ਜਦ ਕਿਸੇ ਸਮਾਗਮ ਵਿਚ ਉਹਨਾਂ ਨਾਲ ਮੇਰੀ ਮੁਲਾਕਾਤ ਹੁੰਦੀ ਸੀ ਤਾਂ ਉਹ ਅਕਸਰ ਕਹਿੰਦੇ ਸਨ ਕਿ ਕੁਸ਼ਲ ਕੁਮਾਰ ਤੁਹਾਨੂੰ ਦੇਖ ਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਅਤੇ ਉਹ ਅਕਸਰ ਮਿਲਣ ਵੇਲੇ ਆਪਣਾ ਹੱਥ ਅੱਗੇ ਕਰ ਲੈਂਦੇ ਸਨ ਅਤੇ ਆਖਦੇ ਸਨ ਕਿ ਸੰਵਿਧਾਨ ਵਿਚ ਬਾਬਾ ਸਾਹਿਬ ਨੇ ਸਮਾਨਤਾ ਦਾ ਜੋ ਅਧਿਕਾਰ ਦਿੱਤਾ ਹੈ, ਉਸ ਰਾਹੀਂ ਅਸੀਂ ਸਾਰੇ ਬਰਾਬਰ ਹਾਂ, ਕੋਈ ਛੋਟਾ-ਵੱਡਾ ਨਹੀਂ। ਸੰਗਰ ਸਾਹਿਬ ਅਕਸਰ ਆਖਦੇ ਸਨ ਕਿ ਸਾਨੂੰ ਆਪਣੀ ਸਿੰਧੂ ਅਤੇ ਹੜੱਪਾ ਸਭਿਅਤਾ ਦੇ ਗੌਰਵਸ਼ਾਲੀ ਇਤਿਹਾਸ ਨੂੰ ਆਪਣੇ ਬਹੁਜਨ ਮੂਲ ਨਿਵਾਸੀ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ ਤਾਂ ਜੋ ਉਹਨਾਂ ਅੰਦਰ ਜਾਤੀ ਦੀ ਨੀਚਤਾ ਦਾ ਕੋਈ ਹੀਣ ਭਾਵ ਨਾ ਪੈਦਾ ਹੋਵੇ। ਪੰਜਾਬ ਵਿਚ ਜਦੋਂ ਕਦੇ ਵੀ ਅੰਬੇਡਕਰਵਾਦ ਦੀ ਗੱਲ ਹੋਵੇਗੀ। ਆਰ਼ ਸੀ਼ ਸੰਗਰ ਸਾਹਿਬ ਹਮੇਸ਼ਾ ਹੀ ਯਾਦ ਕੀਤੇ ਜਾਣਗੇ।



ਇਹ ਖਬਰ ਬਹੁਤ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਬਹੁਜਨ ਸਮਾਜ ਦੇ ਉਘੇ ਅੰਬੇਡਕਰੀ ਵਿਦਵਾਨ ਤੇ ਮਿਸ਼ਨਰੀ ਆਗੂ ਸ੍ਰੀ ਆਰ. ਸੀ. ਸੰਗਰ ਜਲੰਧਰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਪਰਿਵਾਰ ਤੇ ਬਹੁਜਨ ਸਮਾਜ ਨੂੰ ਵੱਡਾ ਘਾਟਾ ਪਿਆ ਹੈ। ਵਾਹਿਗੁਰੂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਪਰਦਾਨ ਕਰੇ ਤ ਪਰਵਾਰ ਤੇ ਸੱਜਣਾਂ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।



**ਲਾਲ ਸਿੰਘ ਸੁਲਹਾਣੀ**
**ਸੂਬਾ ਜਰਨਲ ਸਕੱਤਰ**
**ਬਹੁਜਨ ਸਮਾਜ ਪਾਰਟੀ**
**(ਪੰਜਾਬ)**

# ਸ੍ਰੀ ਆਰ. ਸੀ. ਸੰਗਰ ਦਾ ਦੁੱਖਦਾਈ ਵਿਛੋੜਾ

ਸਾਡੇ ਬਹੁਤ ਹੀ ਸਤਿਕਾਰਯੋਗ ਸਾਥੀ ਸ੍ਰੀ ਆਰ .ਸੀ. ਸੰਗਰ ਜੀ 27 ਜੂਨ 2020 ਨੂੰ ਕੁੱਝ ਦਿਨਾਂ ਦੀ ਬਿਮਾਰੀ ਤੋਂ ਬਾਅਦ ਪ੍ਰੀਨਿਵਾਣ ਪ੍ਰਾਪਤ ਕਰ ਗਏ ਹਨ । ਉਨਾਂ ਦਾ ਸਦੀਵੀ ਵਿਛੋੜਾ ਦੇ ਜਾਣਾ, ਅੰਬੇਡਕਰ ਅਤੇ ਬੋਧੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨਾਂ ਦੇ ਚਲੇ ਜਾਣ ਨਾਲ ਦੇਸ਼ ਭਰ ਵਿਚ ਸ਼ੋਕ ਦੀ ਲਹਿਰ ਪਸਰ ਗਈ ਹੈ । ਉਹ ਬਹੁਤ ਉੱਚ ਕੋਟੀ ਦੀ ਸਖਸ਼ੀਅਤ ਸਨ। ਉਹ ਜੀਵਨਭਰ ਹਰ ਢੰਗ ਨਾਲ ਅੰਬੇਡਕਰ ਅਤੇ ਬੁੱਧਿਸਟ ਮੂਵਮੈਂਟ ਨੂੰ ਅੱਗੇ ਲੇ ਕੇ ਜਾਣ ਲਈ ਹਮੇਸ਼ਾ ਸੰਘਰਸਸ਼ੀਲ ਰਹੇ। 1974 ਤੋਂ ਮੈਨੂੰ ਉਨਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਹ ਸਾਡੇ ਤੋਂ ਬਹੁਤ ਪਹਿਲਾਂ ਤੰਨਦੇਹੀ ਨਾਲ ਇਸ ਲਹਿਰ ਨਾਲ ਜੁੜੇ ਹੋਏ ਸਨ। ਉਹ 1968 ਵਿਚ ਅੰਬੇਡਕਰ ਮਿਸ਼ਨ ਸੁਸਾਇਟੀ ਦਾ

ਹਰਮੇਸ਼ ਲਾਲ ਜੱਸਲ 91-94644-83080

ਗਠਨ ਕਰਨ ਵਾਲਿਆਂ ਵਿਚੋ ਪਰਮੁੱਖ ਸਨ। ਉਹ ਇਕ ਗੰਭੀਰ ਬੁੱਧੀਜੀਵੀ, ਲੇਖਕ, ਪੱਤ੍ਕਾਰ, ਪ੍ਭਾਵਸ਼ਾਲੀ ਬੁਲਾਰੇ, ਲਗਨਵਾਨ, ਮਿਲਣਸਾਰ, ਇਮਾਨਦਾਰ, ਸ਼ਰਧਾਵਾਨ ਅੰਬੇਡਕਰੀ ਅਤੇ ਬੋਧੀ ਸਨ।

ਹਰ ਸਮੇਂ ਸਮਾਜ ਦੀ ਬੇਹਤਰੀ ਲਈ ਕਾਰਜਸ਼ੀਲ ਰਹਿੰਦੇ ਸਨ ਖਾਸ ਕਰਕੇ ਬਾਲਮੀਕੀ ਸਮਾਜ ਦੀ ਉੱਨਤੀ ਲਈ ਉਹ ਚਿੰਤਾਤੁਰ ਰਹਿੰਦੇ ਸਨ। ਉਨਾਂ ਨੇ ਇਸ ਵਰਗ ਦੇ ਲੋਕਾਂ ਨੂੰ ਸਿੱਖਿਅਤ ਕਰਨ, ਸੰਗਠਿਤ ਕਰਨ ਅਤੇ ਸੰਘਰਸ਼ ਵੱਲ ਤੋਰਨ ਲਈ ਉਚੇਚਾ ਧਿਆਨ ਦਿੱਤਾ। ਇਸੇ ਕਰਕੇ ਉਨਾਂ ਨੇ ਵਲੱਟਰਲੀ ਰਿਟਾਇਰਮੈਂਟ ਲੈ ਕੇ ਇਨਾਂ ਲੋਕਾਂ ਲਈ ਪੂਰਾ ਸਮਾਂ ਕੰਮ ਕਰਨ ਦੀ ਯੋਜਨਾ ਬਣਾਈ ਅਤੇ ਮਿਊਸਪਲ ਕਾਰਪੋਰੇਸ਼ਨ ਸਫ਼ਾਈ ਕਰਮਚਾਰੀ ਯੂਨੀਅਨ ਵਿਚ ਕੰਮ ਕੀਤਾ। ਲੋਕਾਂ ਵਿਚ ਜਾਗਰਿਤੀ ਪੈਦਾ ਕਰਨ ਲਈ ..ਜਾਗੋ ਅਤੇ ਜਾਗਦੇ ਰਹੋ.. ਨਾਮਕ ਅਖਬਾਰ ਵੀ ਕੱਢਿਆ। ਉਨਾਂ ਨੇ ਕਿਹੋ ਜਿਹੇ ਹਾਲਾਤਾਂ ਵਿਚ, ਆਪਣੇ ਲੋਕਾਂ ਨੂੰ ਜਗਾਉਣ ਦਾ ਕੰਮ ਕੀਤਾ , ਇਸ ਸਬੰਧੀ ਇਕ ਦਿਲਚਸਪ ਵਾਕਿਆ , ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹੈ। ਸ਼ਾਇਦ ਇਹ 1975 ਦੇ ਆਸਪਾਸ ਦੀ ਗੱਲ ਹੈ । ਇਕ ਰਾਤ ਸੰਗਰਾਂ ਮੁਹੱਲੇ ਸ੍ਰੀ ਭਗਵਾਨ ਦਾਸ ਐਡਵੋਕੇਟ ਨਵੀਂ ਦਿੱਲੀ ਦਾ ਭਾਸ਼ਣ ਸੀ ।ਗਰਮੀਆਂ ਦੇ ਦਿਨ ਸਨ। ਇਕ ਖੁੱਲੀ ਜਿਹੀ ਥਾਂ ਵਿਚ ਜਲਸਾ ਹੋ ਰਿਹਾ ਸੀ। ਕੋਈ 50 ਕੁ ਬੁੜੀਆਂ ਬੰਦੇ ਬੈਠੇ



ਹੋਣਗੇ। ਭਗਵਾਨ ਦਾਸ ਲੈਕਚਰ ਕਰ ਰਹੇ ਸਨ ਅਤੇ ਮੈਂ ਉਨਾਂ ਦਾ ਭਾਸ਼ਣ ਰਿਕਾਰਡ ਕਰ ਰਿਹਾ ਸੀ। ਚਲਦੇ ਭਾਸ਼ਣ ਵਿਚ ਇਕ ਖੋਤਾ ਜੋਰ ਜੋਰ ਦੀ ਹੀਗਣ ਲੱਗ ਪਿਆ, ਮਜ਼ਬੂਰਨ ਦਾਸ ਸਾਹਿਬ ਨੂੰ ਓਨੀ ਦੇਰ ਆਪਣਾ ਭਾਸ਼ਣ ਬੰਦ ਕਰਨਾ ਪਿਆ, ਜਿਨੀ ਦੇਰ ਖੋਤਾ ਹੀਂਗਦਾ ਰਿਹਾ। ਖੋਤਾ ਚੁੱਪ ਹੋਇਆ ਤਾਂ ਦੋਬਾਰਾ ਭਾਸ਼ਣ ਸ਼ੁਰੂ ਹੋਇਆ।

ਉਹ, ਸ਼ੁਰੂ ਤੋਂ ਹੀ ਬਾਮਸੇਫ਼ ਦੇ ਅਨੇਕਾਂ ਵਿੰਗਾਂ ਨਾਲ ਜੁੜੇ ਰਹੇ। ਅੱਜ ਕੱਲ ਉਹ ਮੇਸ਼ਰਾਮ ਜੀ ਨਾਲ ਕੰਮ ਕਰ ਰਹੇ ਸਨ। ਪਰ ਉਨਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਹਮੇਸ਼ਾ ਅੰਬੇਡਕਰ ਭਵਨ ਜਲੰਧਰ ਹੀ ਰਿਹਾ। ਅੱਜ ਕੱਲ ਉਹ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਦੇ ਔਹਦੇ ਉਪਰ ਕਾਰਜਰਤ ਸਨ। ਮੇਰਾ ਉਨਾਂ ਨਾਲ ਖਾਸ ਲਗਾਓ ਸੀ, ਉਸਦਾ ਕਾਰਨ ਸੀ ਕਿ ਬਹੁਤ ਸਾਰੇ ਮਸਲਿਆਂ ਉਪਰ ਉਨਾਂ ਨਾਲ ਵਿਚਾਰ ਵਿਟਾਦਰਾਂ ਹੁੰਦਾ ਰਹਿੰਦਾ ਸੀ। ਉਨਾਂ ਨੂੰ ਅੰਬੇਡਕਰੀ ਸਾਹਿਤ ਦੇ ਨਾਲ ਨਾਲ, ਵੇਦਾਂ, ਬਾਲਮੀਕੀ ਰਮਾਇਣ ਅਤੇ ਯੋਗ ਵਿਸ਼ਿਸ਼ਟ ਦੀ ਕਾਫ਼ੀ ਡੂੰਘੀ ਜਾਣਕਾਰੀ ਸੀ ਅਤੇ ਇਸੇ ਕਰਕੇ ਪੜੇ ਲਿਖੇ ਬਾਲਮੀਕੀ ਨੌਜੁਆਨਾਂ ਵਿਚ ਉਨਾਂ ਦਾ ਕਾਫ਼ੀ ਪ੍ਭਾਵ ਸੀ ਅਤੇ ਬਹੁਤ ਸਾਰੇ ਨੌਜੁਆਨਾਂ ਨੂੰ ਉਨਾਂ ਅੰਬੇਡਕਰ ਲਹਿਰ ਨਾਲ ਜੋੜਿਆ ਸੀ।

ਮੇਰਾ ਖਿਆਲ ਹੈ ਕਿ ਸ੍ਰੀ ਭਾਗਮੱਲ ਪਾਗਲ ਤੋਂ ਬਾਦ ਸੰਗਰ ਸਾਹਿਬ ਹੀ ਅਜਿਹੇ ਵਿਅੱਕਤੀ ਹਨ ਜਿਹੜੇ ਜੀਵਨ ਭਰ ਨਾ ਸਿਰਫ਼ ਖੁੱਦ ਬਲਕਿ ਆਪਣੇ ਪਰੀਵਾਰ ਅਤੇ ਆਪਣੇ ਭਾਈਚਾਰੇ ਨੂੰ ਅੰਬੇਡਕਰ ਦੇ ਰਾਹ ਉੱਤੇ ਤੋਰਨ ਵਾਲੇ ਬੇਮਿਸਾਲ ਵਿਅੱਕਤੀ ਹਨ, ਜਿਨਾਂ ਦੇ ਤੁਰ ਜਾਣ ਨਾਲ ਸਾਨੂੰ ਸਾਰਿਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਡਾ. ਇਕਬਾਲ ਦੇ ਕਹਿਣ ਵਾਂਗੂੰ ਇਹੋ ਜਿਹੇ ਵਿਅੱਕਤੀ ਰੋਜ ਰੋਜ ਪੈਦਾ ਨਹੀਂ ਹੁੰਦੇ...
ਹਜ਼ਾਰੋ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇ ਦੀਦਾਵਰ ਪੈਦਾ।

# ਕਰੋਨਾਵਾਇਰਸ ਮਹਾਂਮਾਰੀ ਦੇ ਆਰਥਿਕ ਪ੍ਰਭਾਵ ਅਤੇ ਸੰਭਾਵੀ ਹੱਲ

ਅੱਜ ਮਨੁੱਖ ਦੁਨੀਆ ਭਰ ਵਿਚ ਫੈਲਿਆ ਹੋਇਆ ਹੈ, ਇਸ ਲਈ ਛੂਤ ਦੀਆਂ ਬਿਮਾਰੀਆਂ ਵੀ ਦੁਨੀਆ ਭਰ ਵਿਚ ਫੈਲ ਚੁੱਕੀਆਂ ਹਨ। ਭਾਵੇਂਇਸ ਆਧੁਨਿਕ ਯੁੱਗ ਵਿਚਹਰ ਪ੍ਰਕੋਪ ਮਹਾਂਮਾਰੀ ਦੇ ਪੱਧਰ ਤੱਕ ਨਹੀਂ ਪਹੁੰਚਦੀ ਪਰ ਕਰੋਨਾਵਾਇਰਸ ਮਹਾਂਮਾਰੀ ਵਿਸ਼ਵ ਦੇ ਹਰ ਹਿੱਸੇ ਵਿਚ ਹੈਰਾਨੀ ਵਾਲੀ ਗਤੀ ਨਾਲ ਫੈਲ ਗਈ ਹੈ। ਇਸ ਮਹਾਂਮਾਰੀ ਨੇ 25 ਜੂਨ ਤੱਕ ਕਰੀਬ 96 ਲੱਖਾਂ ਲੋਕਾਂ ਨੂੰ ਸੰਕਰਮਿਤ ਕਰਕੇ 5 ਲੱਖਾਂ ਲੋਕਾਂ ਨੂੰ ਨਿਗਲ ਲਿਆ ਹੈ।ਹਰ ਰੋਜ਼ ਅਜਿਹੀਆਂ ਖ਼ਬਰਾਂ ਸੁਣਨ, ਦੇਖਣ ਅਤੇ ਪੜ੍ਹਨ ਨੂੰ ਮਿਲਦੀਆਂ ਹਨ। ਇਹ ਮਹਾਂਮਾਰੀ ਸਿਹਤ ਸੰਕਟ ਨਾਲੋਂ ਕਿਤੇ ਵੱਧ ਹੈ। ਇਸਨੇ ਸਮਾਜਿਕ ਭਾਈਚਾਰਕ ਸਾਂਝ ਅਤੇ ਆਰਥਚਾਰੇ ਦੀਆਂ ਚੂਲਾਂ ਨੂੰ ਹਿਲਾ ਦਿੱਤਾ ਹੈ। ਭਾਵੇਂ ਇਸਮਹਾਂਮਾਰੀ ਦੇ ਪ੍ਰਭਾਵ ਵੱਖ ਵੱਖਦੇਸਾਂ ਉੱਤੇ ਵੱਖ ਵੱਖ ਹੋਣ ਪਰ ਕੌਮਾਂਤਰੀ ਪੱਧਰ ਉੱਤੇ ਇਹ ਗ਼ਰੀਬੀ ਅਤੇ ਆਰਥਿਕ ਅਸਮਾਨਤਾਵਾਂ ਨੂੰ ਵਧਾਏਗੀ (ਯੂ.ਐੱਨ., 2020)।ਵਿਸ਼ਵ ਸਿਹਤ ਸੰਗਠਨ ਨੇ ਜਨਵਰੀ 2020 ਵਿਚ ਕਰੋਨਾ ਵਾਇਰਸ ਨੂੰ ਜਨਤਕ ਸਿਹਤ ਸੰਕਟ ਵਜੋਂਘੋਸ਼ਿਤ ਕਰਦਿਆਂ ਕਮਜ਼ੋਰ ਸਿਹਤ ਪ੍ਰਣਾਲੀ ਵਾਲੇ ਦੇਸਾਂ ਲਈ ਵਧੇਰੇ ਜ਼ੋਖਮ ਵਾਲੀ ਮਹਾਂਮਾਰੀ ਦੱਸਿਆ। ਉਦੋਂ ਤੋਂ ਲੈ ਕੇ ਇਹ ਜਨਤਕ ਸਿਹਤ ਸੰਕਟ ਆਰਥਿਕ ਸੰਕਟ ਵਿਚ ਬਦਲ ਗਿਆ ਹੈ ਜਿਸ ਨੇ ਵਿਸ਼ਵ ਆਰਥਚਾਰੇ ਨੂੰਬੁਰੀ ਤਰ੍ਹਾਂ ਹਿਲਾਕੇ ਰੱਖ ਦਿੱਤਾ ਹੈ (ਵਿਸ਼ਵ ਬੈਂਕ, 2020)। ਇਸ ਵਾਇਰਸ ਦਾ ਪਹਿਲਾਂ ਮਰੀਜ਼ ਚੀਨ ਦੇ ਵੂਹਾਨਸ਼ਹਿਰ ਵਿਚਨਵੰਬਰ, 2019 ਨੂੰ ਮਿਲਿਆ ਪਰ ਹੁਣ ਇਹ ਮਹਾਂਮਾਰੀ 200 ਤੋਂ ਵੱਧ ਦੇਸਾਂਵਿਚਆਪਣੇ ਪੈਰ ਪਿਸਾਰ ਚੁੱਕੀ ਹੈ। ਇਸ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਦੁਨੀਆ ਭਰ ਦੇ ਕਈ ਦੇਸਾਂ ਨੇ ਤਾਲਾਬੰਦੀ ਦਾ ਸਹਾਰਾ ਲਿਆ ਹੈ। 80 ਤੋਂ ਵੱਧ ਦੇਸਾਂ ਨੇ ਇਸ ਬਿਮਾਰੀ ਦੇ ਲਾਗ ਵਾਲੇ ਦੇਸਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਆਪਣੀਆਂ ਸਰਹੱਦਾਂ ਨੂੰ ਬੰਦ ਕਰ ਦਿੱਤਾ ਹੈ। ਆਪਣੀ ਆਬਾਦੀ ਨੂੰ ਇਕ ਦੂਜੇ ਤੋਂ ਸਰੀਰਕ ਦੂਰੀ ਬਣਾਈ ਰੱਖਣ, ਗ਼ੈਰ-ਜ਼ਰੂਰੀ ਦੁਕਾਨਾਂ/ਕਾਰਖਾਨੇ ਅਤੇ ਸਕੂਲ ਬੰਦ ਕਰਨ ਦਾ ਆਦੇਸ ਦਿੱਤੇ ਹਨ ਜਿਸ ਨਾਲ ਆਰਥਿਕ ਸੰਕਟ ਅਤੇ ਮੰਦੀ ਦਾ ਡਰ ਪੈਦਾ ਹੋ ਗਿਆ ਹੈ।ਇਹਨਾਂ ਉਪਾਵਾਂ ਨਾਲ ਖ਼ਪਤ ਅਤੇ ਨਿਵੇਸ ਦੇ ਪੱਧਰ ਵਿਚ ਭਾਰੀ ਗਿਰਾਵਟ ਆਈ ਹੈ।ਉਤਪਾਦਨ ਬੰਦ ਹੋ ਗਿਆ ਅਤੇ ਚਾਰੇ ਪਾਸੇ ਬੇਰੁਜ਼ਗਾਰੀ ਫੈਲ ਗਈ ਹੈ।

1930ਵਿਆਂ ਦੀ ਵਿਸ਼ਾਲ ਮੰਦੀ ਦੇ ਬਾਅਦ, ਜਿਸ ਵਿਚ ਵਿਸ਼ਵਵਿਆਪੀ ਆਰਥਿਕਤਾ ਨੇ ਸਭ ਤੋਂ ਮਾੜੀ ਮੰਦੀ ਦਾ ਸਾਹਮਣਾ ਕੀਤਾ, ਹੁਣਕਰੋਨਾਵਾਇਰਸਮਹਾਂਮਾਰੀ ਨੇ ਪੂਰੀ ਦੁਨੀਆ ਦੀਆਂ ਸਾਰੀਆਂ ਆਰਥਿਕ ਗਤੀਵਿਧੀਆਂਉੱਤੇ ਮਾੜਾ ਪ੍ਰਭਾਵ ਪਾਇਆ ਹੈ। ਅਨੁਮਾਨ ਹੈ ਕਿ ਇਹ ਮਹਾਂਮਾਰੀ ਇਸ ਸਾਲ ਬਹੁਗਿਣਤ ਦੇਸਾਂ ਨੂੰ ਮੰਦੀ ਦੇ ਦੌਰਵਿਚਲੈ ਜਾਵੇਗੀ।ਵਿਸ਼ਵ ਬੈਂਕ ਦੀ ਇਕ ਤਾਜ਼ਾ ਰਿਪੋਰਟ 'ਗਲੋਬਲ ਆਉਟਲੁੱਕ ਪੇਂਨਡੇਮਿਕ, ਰਿਸੈਸ਼ਨ: ਦ ਗਲੋਬਲ ਇਕੋਨਮੀ ਇਨ ਕ੍ਰਾਸੀਸ' ਅਨੁਸਾਰ ਇਸ ਸਾਲ ਵਿਸ਼ਵ ਅਰਥਚਾਰੇ ਵਿਚ 5.2 ਪ੍ਰਤਿਸ਼ਤ ਗਿਰਾਵਟ ਆਉਣ ਦੀ ਸੰਭਾਵਨਾ ਹੈ। ਇਹ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਮਾੜੀ ਮੰਦੀ ਹੋਵੇਗੀ ਜੋ 2009 ਦੀ ਵਿਸ਼ਵ ਪੱਧਰੀ ਮੰਦੀ ਨਾਲੋਂ ਵੀਲਗਭਗ ਤਿੰਨ ਗੁਣਾ ਜ਼ਿਆਦਾ ਹੋਵੇਗੀ। ਵੱਖ ਵੱਖ ਦੇਸਾਂ ਵਲੋਂ ਕੀਤੀ ਤਾਲਾਬੰਦੀ, ਸਿੱਟੇ ਵਜੋਂ ਉਪਜੇ ਵਿੱਤੀ ਸੰਕਟ ਅਤੇ ਡਿਗੀ ਕੁੱਲ ਮੰਗ ਕਾਰਨ 2020 ਵਿਚ ਵਿਕਸਤ ਦੇਸ ਦੀ ਵਿਕਾਸ ਦਰ 7 ਪ੍ਰਤਿਸ਼ਤ ਘਟਣ ਦਾ ਅਨੁਮਾਨ ਹੈ ਜਦਕਿ ਵਿਕਾਸਸ਼ੀਲ ਦੇਸਾਂ ਦੀ ਵਿਕਾਸ ਦਰ ਵਿਚ 2.5 ਪ੍ਰਤਿਸ਼ਤ ਤੱਕ ਗਿਰਾਵਟ ਆਉਣ ਦੀ ਭਵਿੱਖਬਾਣੀ ਕੀਤੀ ਗਈ ਹੈ। ਵਿਕਾਸਸ਼ੀਲਦੇਸ ਵਿਦੇਸੀ ਵਿੱਤ ਅਤੇ ਵਪਾਰ ਉੱਤੇ ਬਹੁਤ ਜ਼ਿਆਦਾ ਨਿਰਭਰ ਹਨ। ਇਹਨਾਂਦੇਸਾਂਵਿਚ ਸਿਹਤ ਸੰਭਾਲ ਦੀ ਸੀਮਿਤ ਸਮਰੱਥਾ ਹੋਣ ਕਾਰਨ ਕਰੋਨਾਵਾਇਰਸ ਮਹਾਂਮਾਰੀ ਦੇ ਵੱਡੇ ਪੱਧਰ ਉੱਤੇ ਫੈਲਣ ਦਾ ਖ਼ਤਰਾ ਹੈ। ਇਸ ਸਾਲ 90 ਪ੍ਰਤਿਸ਼ਤ ਤੋਂ ਵੱਧ ਵਿਕਾਸਸ਼ੀਲ ਦੇਸਾਂ ਦੀ ਪ੍ਰਤਿ ਵਿਅਕਤੀ ਆਮਦਨ ਵਿਚ ਕਮੀ ਆਉਣ ਦੀ ਸੰਭਾਵਨਾ ਹੈ ਜਿਸ ਨਾਲ ਲੱਖਾਂ ਲੋਕਾਂ ਦੇਗ਼ਰੀਬੀ ਵਿਚਜਾਣ ਦਾ ਖ਼ਤਰਾ ਹੈ।

ਇਸ ਮਹਾਂਮਾਰੀ ਨੇ ਕੌਮਾਂਤਰੀ ਵਪਾਰ ਵਿਚ ਤਬਾਹੀ ਮਚਾ ਦਿੱਤੀ ਹੈ। ਇਸ ਕਾਰਨ ਕੌਮਾਂਤਰੀ ਵਪਾਰ ਵਿਚ ਹੋਣ ਵਾਲਾ ਘਾਟਾ ਇੰਨਾ ਵੱਡਾ ਹੋ ਸਕਦਾ ਹੈ ਜੋ 2007-08 ਦੇ ਵਿਸ਼ਵ ਵਿੱਤੀ ਸੰਕਟ ਕਾਰਨ ਹੋਏ ਨੁਕਸਾਨ ਨੂੰ ਵੀ ਪਾਰ ਕਰ ਸਕਦਾ ਹੈ। ਵਿਸ਼ਵ ਵਪਾਰ ਸੰਗਠਨ ਅਨੁਸਾਰ, ਕਰੋਨਾਵਾਇਰਸ ਮਹਾਂਮਾਰੀਦੇ ਕਾਰਨ 2020 ਵਿਚ ਕੌਮਾਂਤਰੀ ਵਪਾਰ 13 ਤੋਂ 32 ਪ੍ਰਤਿਸ਼ਤ ਦੇ ਵਿਚਕਾਰ ਘਟੇਗਾ। ਆਵਾਜਾਈ ਅਤੇ ਯਾਤਰਾ ਉੱਤੇ ਲੱਗੀਆਂ ਪਾਬੰਦੀਆਂ ਕਾਰਨ ਸੇਵਾਵਾਂ ਖੇਤਰ ਨੂੰ ਵੀ ਭਾਰੀ ਨੁਕਸਾਨ ਹੋਣ ਦੀ ਸੰਭਾਵਨਾ ਹੈ। ਅਰਥ ਵਿਵਸਥਾਵਾਂ ਦੇ ਮੁੜ ਸੁਰਜੀਤ ਹੋਣ ਦੀਆਂ ਸੰਭਾਵਨਾਵਾਂ ਸਰਕਾਰਾਂ ਦੁਆਰਾ ਦਿੱਤੇ ਉਤਸ਼ਾਹ ਪੈਕੇਜ ਅਤੇ ਨੀਤੀਗਤ ਪ੍ਰਤੀਕਿਰਿਆਵਾਂ ਉੱਤੇ ਨਿਰਭਰ ਹਨ (ਗੀਤਾਂਜਲੀ ਨਟਰਾਜ, 2020)।ਭਾਰਤ ਦਾ ਆਰਥਿਕ ਪ੍ਰੇਰਣਾ ਪੈਕੇਜ ਇਸਦੀ ਜੀ.ਡੀ.ਪੀ. ਦਾ 10 ਪ੍ਰਤਿਸ਼ਤ ਹੈ, ਜਪਾਨ ਦਾ 21.1 ਪ੍ਰਤਿਸ਼ਤ, ਇਸ ਤੋਂ ਬਾਅਦ ਅਮਰੀਕਾ (13 ਪ੍ਰਤਿਸ਼ਤ), ਸਵੀਡਨ (12 ਪ੍ਰਤਿਸ਼ਤ), ਜਰਮਨੀ (10.7 ਪ੍ਰਤਿਸ਼ਤ), ਫਰਾਂਸ (9.3 ਪ੍ਰਤੀਸ਼ਤ), ਸਪੇਨ (7.3 ਪ੍ਰਤਿਸ਼ਤ) ਅਤੇ ਇਟਲੀ (5.7 ਪ੍ਰਤੀਸ਼ਤ) ਦਾ ਸਥਾਨ ਹੈ (ਇੰਡੀਅਨ ਐਕਸਪ੍ਰੈਸ, 2020)। ਤਾਲਾਬੰਦੀ ਕਾਰਨ ਆਰਥਿਕ ਗਤੀਵਿਧੀਆਂ ਵਿਚ ਆਈ ਅਚਾਨਕ ਗਿਰਾਵਟ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ। ਕੌਮਾਂਤਰੀ ਮੁਦਰਾ ਕੋਸ਼ (ਆਈ. ਐੱਮ. ਐੱਫ.) ਨੇ ਭਾਰਤ ਦੀ ਵਿਕਾਸ ਦਰ 1.9 ਪ੍ਰਤਿਸ਼ਤ ਰਹਿਣ ਦਾ ਅਨੁਮਾਨ ਲਗਾਇਆ ਹੈ ਜੋ 1991 ਦੀਆਂ ਉਦਾਰੀਕਰਨ ਨੀਤੀਆਂ ਤੋਂ ਬਾਅਦ ਸਭ ਤੋਂ ਮਾੜੀ ਵਿਕਾਸ ਦਰ ਹੈ। ਵਿਸ਼ਵ ਬੈਂਕ ਅਨੁਸਾਰ, 2020-21 ਵਿਚ ਭਾਰਤੀ ਆਰਥਿਕਤਾ ਵਿਚ 3.2 ਪ੍ਰਤਿਸ਼ਤ ਦੀ ਗਿਰਾਵਟ ਆਵੇਗੀ। ਮੰਗ ਅਤੇ ਪੂਰਤੀ ਦੀ ਕਮੀ ਅਤੇ ਸਿੱਟੇ ਵਜੋਂ ਉਪਜੀ ਆਰਥਿਕ ਮੰਦੀ ਦਾ ਅਸਰ ਵਿਸ਼ਵ ਦੇ ਸਾਰੇ ਦੇਸਾਂ ਵਿਚ ਲਗਭਗ ਇਕੋ ਜਿਹਾ ਹੈਪਰ ਭਾਰਤ ਦੇ ਮਾਮਲੇ ਵਿਚ ਇਹ ਸਮੱਸਿਆ ਵਧੇਰੇ ਗੰਭੀਰ ਅਤੇ ਲੰਮੇ ਸਮੇਂ ਲਈ ਹੋ ਸਕਦੀ ਹੈ, ਕਿਉਂਕਿ ਭਾਰਤੀ ਅਰਥ ਵਿਵਸਥਾ ਦੀ ਕਾਰਗੁਜ਼ਾਰੀ 2016-17 ਤੋਂ ਮਾੜੀ ਰਹੀ ਹੈ(ਸ. ਮਹਿੰਦਰ ਦੇਵ ਅਤੇ ਰਾਜਸ਼ੇਵਰੀ ਸੇਨਗੁਪਤਾ, 2020)। ਸਰਕਾਰੀ ਅੰਕੜਿਆਂ ਅਨੁਸਾਰ, 2019 ਦੀ ਦੂਜੀ ਤਿਮਾਹੀ ਵਿਚ ਜੀ.ਡੀ.ਪੀ.ਦੀ ਵਾਧਾ ਦਰ 4.7 ਪ੍ਰਤਿਸ਼ਤ ਦਰਜ ਕੀਤੀ ਗਈ, ਜੋ ਕਿ 2013 ਤੋਂ ਬਾਅਦ ਸਭ ਤੋਂ ਹੇਠਲਾ ਪੱਧਰ ਸੀ। ਬੇਰੁਜ਼ਗਾਰੀ ਪਿਛਲੇ 45 ਸਾਲਾਂ ਦੇ ਸਭ ਤੋਂ ਉੱਚੇ ਪੱਧਰ ਉੱਤੇ ਸੀ। 2019 ਦੇ ਅੰਤ ਵਿਚ 8 ਕੋਰ ਖੇਤਰਾਂ ਵਿਚੋਂ ਉਦਯੋਗਿਕ ਉਤਪਾਦਨ ਵਿਚ 5.2 ਪ੍ਰਤਿਸ਼ਤਦੀ ਗਿਰਾਵਟ ਆਈ। ਨਿੱਜੀ ਖੇਤਰ ਦਾ ਨਿਵੇਸ਼ ਕਈ ਸਾਲਾਂ ਤੋਂ ਠੱਪ ਪਿਆ ਹੈ ਅਤੇ ਖ਼ਪਤ ਖ਼ਰਚੇ ਵੀ ਕਈ ਦਹਾਕਿਆਂ ਤੋਂ ਪਹਿਲੀ ਵਾਰ ਘਟ ਰਹੇ ਸਨ। ਹੁਣ ਕਰੋਨਾਵਾਇਰਸ ਮਹਾਂਮਾਰੀ ਨੇ 2020 ਵਿਚ ਭਾਰਤ ਦੀ ਵਿਕਾਸ ਦਰ ਨੂੰ 1.2 ਪ੍ਰਤਿਸ਼ਤ ਘਟ ਕੇ ਬਲਦੀ ਉੱਤੇ ਤੇਲ ਪਾ ਦਿੱਤਾ ਹੈ। ਇਹ ਸੰਕਟ ਅਜਿਹੇ ਸਮੇਂ ਆਇਆ ਹੈ ਜਦੋਂ ਭਾਰਤ ਦੀ ਵਿਕਾਸ ਦਰ ਪਹਿਲਾਂ ਹੀ ਹੌਲੀ ਹੋ ਰਹੀ ਸੀ ਅਤੇ ਬੇਰੁਜ਼ਗਾਰੀ ਵਧ ਰਹੀ ਸੀ। ਦੇਸ ਵਿਚ ਦੋ ਮਹੀਨਿਆਂ ਤੋਂ ਵੱਧ ਸਮੇਂ ਤੱਕ ਚੱਲੀ ਸਖਤ ਤਾਲਾਬੰਦੀ ਨੇ ਕਰੋੜਾਂ ਲੋਕਾਂ ਦੀਆਂ ਨੌਕਰੀਆਂ ਨੂੰ ਖੋਹ ਲਿਆ ਹੈ (ਦਿ ਟ੍ਰਿਬਿਊਨ, 2020)। ਕਰੋਨਾਵਾਇਰਸ ਮਹਾਂਮਾਰੀ ਦਾ ਭਾਰਤੀ ਅਰਥਵਿਵਸਥਾ ਉੱਤੇ ਪੈਣ ਵਾਲਾ ਅਸਰ 2008 ਦੀ ਮੰਦੀ ਨਾਲੋਂ ਕਿਤੇ ਮਾੜਾ ਹੈ। ਵਿੱਤੀ ਸੰਕਟ, ਸਿਹਤ ਸੰਕਟ, ਮੰਦੀ ਆਦਿ ਦੇ ਮਾਮਲਿਆਂਵਿਚ ਹੁਣ ਦੇਸ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।



ਡਾ.ਧਰਮਪਾਲ **

ਕਰੋਨਾਵਾਇਰਸ ਮਹਾਂਮਾਰੀ ਦੇ ਕਾਰਨ ਬਜ਼ਾਰ ਵਿਚ ਫੈਲੀ ਅਨਿਸ਼ਚਿਤਤਾ ਅਤੇ ਤਾਲਾਬੰਦੀ ਕਾਰਨ ਹੋਈ ਮੰਗ ਵਿਚ ਕਮੀ ਨੇ ਬੈਂਕਿੰਗ ਪ੍ਰਣਾਲੀ ਵਿਚ ਤਰਲਤਾ ਨੂੰ ਵਧਾ ਦਿੱਤਾ ਹੈ। ਇਸ ਮਹਾਂਮਾਰੀ ਨੇ ਭਾਰਤੀ ਅਰਥਚਾਰੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਜਿਸਨੇ 2024 ਤੱਕ ਭਾਰਤੀ ਆਰਥਚਾਰੇ ਨੂੰ 5 ਟ੍ਰਿਲੀਅਨ ਡਾਲਰ ਬਣਾਉਣ ਦੇ ਟੀਚੇ ਉੱਤੇ ਸਵਾਲੀਆ ਨਿਸਾਨ ਲਗਾ ਦਿੱਤਾ ਹੈ। ਵਿਸ਼ਵ ਬੈਂਕ ਦੇ ਤਾਜ਼ਾ ਮੁਲਾਂਕਣ ਅਨੁਸਾਰ, ਇਸ ਸਾਲ ਭਾਰਤੀ ਅਰਥਚਾਰੇ ਦੀ ਵਿਕਾਸ ਦਰ 1.5 ਤੋਂ 2.8ਪ੍ਰਤਿਸ਼ਤਦੇ ਵਿਚਕਾਰ ਰਹਿਣ ਦੀਸੰਭਾਵਨਾ ਹੈ ਪਰ 5 ਟ੍ਰਿਲੀਅਨ ਡਾਲਰ ਦੀ ਆਰਥਿਕਤਾ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਪੰਜ ਸਾਲਾਂ ਤੱਕ ਹਰ ਸਾਲ 9 ਪ੍ਰਤਿਸ਼ਤ ਦੇ ਵਾਧੇ ਦੀ ਲੋੜ ਹੈ (ਸ਼ਰੂਤੀ ਅਗਰਵਾਲ ਅਤੇ ਹੋਰ, 2020)। ਕਰੋਨਾਵਾਇਰਸ ਮਹਾਂਮਾਰੀ ਦੇ ਕਾਰਨ ਭਾਰਤੀ ਅਰਥਵਿਵਸਥਾ ਨੂੰ ਮੰਗ ਅਤੇ ਪੂਰਤੀ ਦੇ ਝਟਕੇ ਲੱਗੇ ਹਨ। ਤਾਲਾਬੰਦੀ ਅਤੇ ਸਰੀਰਕ ਦੂਰੀ ਦੇ ਉਪਾਵਾਂ ਦੇ ਅਪਣਾਉਣ ਕਾਰਨ ਪੂਰਤੀ ਵਿਚਤੁਰੰਤ ਕਮੀ ਹੋਈ, ਜਿਸਦੇ ਬਾਅਦ ਬੇਰੁਜ਼ਗਾਰੀ ਫੈਲਣ ਕਾਰਨ ਮੰਗ ਘਟੀ (ਅਨਿਰੁਧ ਸ਼ਿੰਗਲ, 2020)। ਪੂਰਤੀ ਪੱਖੋਂ, ਕੌਮਾਂਤਰੀ ਸਰਹੱਦਾਂ ਦੇ ਬੰਦ ਹੋਣ ਕਾਰਨ ਭਾਰਤ ਵਿਚਕੱਚੇ ਮਾਲ ਦਾ ਨਿਰਯਾਤ ਬੰਦ ਹੋਇਆਜਿਸ ਕਾਰਨ ਕਈ ਉਦਯੋਗ ਜਿਵੇਂ ਕਿ ਦਵਾਈ-ਨਿਰਮਾਣ, ਆਟੋਮੋਬਾਈਲਜ਼, ਇਲੈਕਟ੍ਰਾਨਿਕਸ ਅਤੇ ਰਸਾਇਣਕ ਉਤਪਾਦਉਦਯੋਗ ਮੁਸਕਿਲਾਂ ਦਾ ਸਾਹਮਣਾ ਕਰ ਰਹੇ ਹਨ। ਮੰਗ ਪਖੋਂ, ਇਸਮਹਾਂਮਾਰੀ ਦੇ ਨਿਰੰਤਰ ਡਰ ਨੇ ਲੋਕਾਂ ਦੇ ਟਿਕਾਊ, ਫੈਸ਼ਨ ਸੰਬੰਧਿਤ ਅਤੇ ਵਿਲਾਸਤਾਪੂਰਵਕ ਪਦਾਰਥਾਂ ਦੀ ਖ਼ਰੀਦ ਫ਼ੈਸਲਿਆਂ ਨੂੰ ਮੁਲਤਵੀ ਕਰ ਦਿੱਤਾ ਹੈ। ਦੇਸ ਵਿਆਪੀ ਤਾਲਾਬੰਦੀ ਨੇ ਲਗਭਗ ਸਾਰੀਆਂ ਆਰਥਿਕ ਗਤੀਵਿਧੀਆਂ ਨੂੰ ਅਚਾਨਕ ਬੰਦ ਕਰ ਦਿੱਤਾ ਹੈ। ਤਾਲਾਬੰਦੀ ਹਟਣ ਤੋਂ ਬਾਅਦ ਵੀ ਮੰਗ ਅਤੇ ਪੂਰਤੀ ਵਿਚ ਕਮੀ ਜਾਰੀ ਰਹਿਣ ਦੀ ਸੰਭਾਵਨਾ ਹੈ ਕਿਉਂ ਦੂਰੀਆਂ ਦੇ ਉਪਾਅ ਜਾਰੀ ਰਹਿਣਗੇ ਜਦੋਂ ਤੱਕ ਕੋਈ ਵੀ ਪ੍ਰਮਾਨਿਤ ਦਵਾਈ ਵਿਕਸਤ ਅਤੇ ਵੱਡੇ ਪੱਧਰ ਉੱਤੇ ਲੋਕਾਂ ਨੂੰ ਨਹੀ ਦਿੱਤੀ ਜਾਂਦੀ। ਇਸ ਲਈ ਆਰਥਚਾਰੇ ਨੂੰ ਆਮ ਸਥਿਤੀ ਵਿਚ ਵਾਪਸ ਆਉਣ ਵਿਚ ਅਜੇ ਸਮਾਂ ਲੱਗੇਗਾ। ਕੁੱਲ ਮੰਗ ਦੇ ਤਿੰਨ ਪ੍ਰਮੁੱਖ ਅੰਗਾਂ- ਖ਼ਪਤ, ਨਿਵੇਸ਼ ਅਤੇ ਨਿਰਯਾਤ ਵਿਚਲੰਮੇ ਸਮੇਂ ਤੱਕ ਕਮੀ ਰਹਿਣ ਦੀ ਸੰਭਾਵਨਾ ਹੈ।ਇਸ ਦੇ ਨਤੀਜੇ ਵਜੋਂ ਨਿਵੇਸ਼, ਰੁਜ਼ਗਾਰ, ਆਮਦਨ ਅਤੇ ਖ਼ਪਤ ਉੱਤੇ ਮਾੜੇ ਪ੍ਰਭਾਵ ਪੈਣਗੇ ਜੋ ਵਿਕਾਸ ਦਰ ਨੂੰ ਹੋਰ ਘਟਾਉਣਗੇ। ਵਣਜ ਅਤੇ ਉਦਯੋਗ ਮੰਤਰਾਲੇ ਅਨੁਸਾਰ, ਅਪ੍ਰੈਲ-ਮਈ 2020 ਵਿਚ ਭਾਰਤ ਦੇ ਕੁੱਲ ਨਿਰਯਾਤ ਅਤੇ ਅਯਾਤ ਦਾ ਅਨੁਮਾਨ ਕ੍ਰਮਵਾਰ 61.57 ਅਤੇ 57.19 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਕ੍ਰਮਵਾਰ (-) 33.66ਅਤੇ (-) 48.31 ਪ੍ਰਤਿਸ਼ਤ ਦੇ ਨਕਾਰਾਤਮਕ ਵਾਧਾ ਦਰਸਾਉਂਦਾ ਹੈ।

ਵਿਸ਼ਵ ਬੈਂਕ (2019) ਦੀ ਇਕ ਰਿਪੋਰਟ 'ਗਲੋਬਲ ਇਕੋਨੋਮਿਕ ਪ੍ਰੋਸਪੈਕਟਸ: ਡਾਰਕਨਿੰਗ ਸਕਾਈ' ਅਨੁਸਾਰ ਵਿਕਾਸਸ਼ੀਲ ਦੇਸਾਂ ਦੀ ਜੀ.ਡੀ.ਪੀ. ਦਾ ਲਗਭਗ ਇਕ-ਤਿਹਾਈ ਹਿੱਸਾਗ਼ੈਰ-ਸੰਗਠਿਤ ਖੇਤਰ ਪ੍ਰਦਾਨ ਕਰਦਾ ਹੈ ਜਦਕਿ ਕੁੱਲ ਰੁਜ਼ਗਾਰ ਵਿਚ ਇਸਦਾ ਯੋਗਦਾਨ ਲਗਭਗ 70 ਪ੍ਰਤਿਸ਼ਤ ਹੈ।ਵਿਸ਼ਵ ਕਿਰਤ ਸੰਗਠਨ (ਆਈ. ਐੱਲ. ਓ.) ਅਨੁਸਾਰ ਦੁਨੀਆ ਦੇ ਹਰ 10 ਉੱਦਮਾਂ ਵਿਚੋਂ 8 ਗ਼ੈਰ-ਸੰਗਠਿਤ ਉਦਮ ਹਨ। ਵਿਸ਼ਵ ਬੈਂਕ (2020) ਦੀ ਇਕ ਤਾਜ਼ਾ ਰਿਪੋਰਟ ਅਨੁਸਾਰ, ਗ਼ੈਰ-ਸੰਗਠਿਤ ਖੇਤਰ ਦੀ 40 ਪ੍ਰਤਿਸ਼ਤ ਆਬਾਦੀ ਗ਼ਰੀਬੀ ਵਿਚ ਚਲੀ ਜਾਵੇਗੀ ਜੇ ਉਹਨਾਂ ਨੂੰ ਕਿਸੇ ਅਚਾਨਕ ਸਿਹਤ ਸੰਭਾਲ ਲਈ ਆਪਣੀ ਜੇਬ ਵਿਚੋਂ ਭੁਗਤਾਨ ਕਰਨੇ ਪਏ।ਬੇਰੁਜ਼ਗਾਰੀ ਭੱਤੇ ਆਬਾਦੀ ਦੇ ਇਕ ਮਾਮੂਲੀ ਹਿੱਸੇ ਲਈ ਹੀ ਉਪਲਬਧ ਹਨ।ਭਾਰਤ ਦਾ ਗ਼ੈਰ-ਸੰਗਠਿਤ ਖੇਤਰ ਵਿਸ਼ਵ ਵਿਚ ਸਭ ਤੋਂ ਵੱਡਾ ਹੈ, ਜਿਸ ਉੱਤੇ ਦੇਸ ਦੀ 92.8 ਪ੍ਰਤਿਸ਼ਤ ਆਬਾਦੀ ਨਿਰਭਰ ਕਰਦੀ ਹੈ ਅਤੇ ਇਸਦਾ ਕੁੱਲ ਜੀ.ਡੀ.ਪੀ. ਵਿਚ 45 ਪ੍ਰਤਿਸ਼ਤ ਤੋਂ ਵੱਧ ਯੋਗਦਾਨ ਹੈ। ਸੰਗਠਿਤ ਅਤੇ ਗ਼ੈਰ-ਸੰਗਠਿਤ ਖੇਤਰਾਂ ਦੇ ਕਰਮਚਾਰੀਆਂ ਵਿਚ ਬਹੁਤ ਅਸਮਾਨਤਾਵਾਂ ਹਨ। ਗ਼ੈਰ-ਸੰਗਠਿਤ ਖੇਤਰ ਦੇ ਕਾਮਿਆਂ ਦੀ ਔਸਤਨ ਉਜ਼ਰਤ ਸੰਗਠਿਤ ਖੇਤਰ ਦੇ ਕਾਮਿਆਂ ਨਾਲੋਂ 19 ਪ੍ਰਤਿਸ਼ਤ ਘੱਟ ਹੈ ਜਿਸ ਕਰਕੇ ਉਹਨਾਂ ਦੀ ਬਚਤ ਦਾ ਪੱਧਰ ਬਹੁਤ ਨੀਂਵਾ ਹੈ (ਵਿਸ਼ਵ ਬੈਂਕ, 2019)। ਉਹ ਗ਼ਰੀਬੀ ਅਤੇ ਭੀੜ-ਭੜੱਕੇ ਵਾਲੀਆਂ ਹਾਲਾਤਾਂ ਵਿਚ ਰਹਿੰਦੇ ਅਤੇ ਕੰਮ ਕਰਦੇ ਹਨ।ਸਾਰੇ ਲੈਣ-ਦੇਣ ਨਕਦੀ ਕਰਦੇ ਹਨ ਜਿਸ ਨਾਲ ਇਸ ਲਾਗ ਦੀ ਬਿਮਾਰੀ ਦੇ ਫੈਲਣ ਦੀ ਸੰਭਾਵਨਾ ਵਧ ਜਾਂਦੀ ਹੈ।



ਡਾ.ਗਿਆਨ ਸਿੰਘ *



ਵਿਸ਼ਵ ਕਿਰਤ ਸੰਗਠਨ (2018) ਅਨੁਸਾਰ ਗ਼ੈਰ-ਸੰਗਠਿਤ ਖੇਤਰ ਦੇ 90 ਪ੍ਰਤਿਸ਼ਤ ਤੋਂ ਵੱਧ ਕਾਮੇ ਖੇਤੀਬਾੜੀ ਖੇਤਰ ਉੱਤੇ ਨਿਰਭਰ ਹਨ। ਭਾਰਤ ਦੀ ਪੇਂਡੂ ਆਬਾਦੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਆਪਣੀ ਰੋਜ਼ੀ ਰੋਟੀ ਲਈ ਖੇਤੀਬਾੜੀ ਖੇਤਰ ਉੱਤੇ ਨਿਰਭਰ ਕਰਦੀਹੈ। ਇਸ ਲਈ ਪੇਂਡੂ ਖੇਤਰਾਂ ਦੀ ਮੰਗ ਖੇਤੀਬਾੜੀ ਖੇਤਰ ਦੀ ਕਾਰਗੁਜ਼ਾਰੀ ਉੱਤੇ ਨਿਰਭਰ ਹੈ। 2014-15 ਤੋਂ 2019-20 ਦੇ ਛੇ ਸਾਲਾਂ ਦੀ ਮਿਆਦ ਵਿਚ, ਖੇਤੀਬਾੜੀ ਖੇਤਰ ਵਿਕਾਸ ਦਰ ਔਸਤਨ ਪ੍ਰਤਿ ਸਾਲ 3.2 ਪ੍ਰਤਿਸ਼ਤ ਰਹੀ ਹੈ। ਪਰ 2016-17 ਤੋਂ 2018-19 ਦੌਰਾਨ ਖੇਤੀਬਾੜੀ ਅਤੇ ਬਾਗਬਾਨੀ ਜਿਨਸਾਂ ਦਾ ਝਾੜ ਜ਼ਿਆਦਾ ਹੋਣ ਕਾਰਨ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਵਿਰੁੱਧ ਰਹੀਆਂ ਜਿਸ ਕਾਰਨ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਕਮੀ ਆਈ। ਇਹ ਰੁਝਾਨ 2019-20 ਤੱਕ ਜਾਰੀ ਰਿਹਾ (ਸ. ਮਹਿੰਦਰ ਦੇਵ ਅਤੇ ਰਾਜਸ਼ੇਵਰੀ ਸੇਨਗੁਪਤਾ, 2020)। ਇਸੇ ਦੌਰਾਨ ਨਵੰਬਰ, 2016 ਵਿਚ ਹੋਈ ਨੋਟਬੰਦੀ ਨੇ ਖੇਤੀਬਾੜੀ ਗਤੀਵਿਧੀਆਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾੈ

ਕਰੋਨਾਵਾਇਰਸ ਮਹਾਂਮਾਰੀ ਦੇ ਮੱਦੇਨਜ਼ਰ ਮਾਰਚ ਮਹੀਨੇ ਵਿਚ ਹੋਈ ਤਾਲਾਬੰਦੀ ਨੇ ਕਿਸਾਨਾਂ, ਪੇਂਡੂ ਮਜ਼ਦੂਰਾਂ ਅਤੇ ਛੋਟੇ ਕਾਰੀਗਰਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ। ਮਾਰਚ-ਅਪ੍ਰੈਲ ਦਾ ਮਹੀਨਾ ਹਾੜ੍ਹੀ ਦੀ ਫ਼ਸਲ ਦੀ ਕਟਾਈ ਅਤੇ ਵਿਕਰੀ ਦਾ ਹੁੰਦਾ ਹੈ ਪਰ ਲੱਖਾਂ ਪਰਵਾਸੀ ਮਜ਼ਦੂਰਾਂ ਦੀਆਪਣੇ ਘਰ ਵਾਪਸੀ ਕਾਰਨ ਪੈਦਾ ਹੋਈ ਕਿਰਤ ਦੀ ਘਾਟ ਨੇ ਫ਼ਸਲ ਦੀ ਕਟਾਈ ਵਿਚ ਰੁਕਾਵਟ ਪਾਈ। ਖਾਦ, ਪਸ਼ੂਆਂ ਦੀਆਂ ਦਵਾਈਆਂ ਅਤੇ ਹੋਰ ਖੇਤੀਬਾੜੀ ਔਜ਼ਾਰਾਂ ਦੀ ਘਾਟ ਨੇ ਵੀ ਖੇਤੀ ਉਤਪਾਦਨ ਨੂੰ ਪ੍ਰਭਾਵਿਤ ਕੀਤਾ। ਹੋਟਲ/ਰੈਸਤਰਾਂ ਦੇ ਬੰਦ ਹੋਣ ਅਤੇ ਆਵਾਜਾਈ ਦੇ ਸਾਧਨਾਂ ਵਿਚ ਰੁਕਾਵਟਾਂ ਦੇ ਕਾਰਨ ਤਾਜ਼ੇ ਫ਼ਲ/ਸਬਜ਼ੀਆਂ, ਮੁਰਗੀ ਅਤੇ ਮੱਛੀ ਪਾਲਣ ਉਤਪਾਦਾਂ ਦੀ ਮੰਗ ਘਟੀ ਜਿਸਨੇ ਕਿਸਾਨਾਂ ਲਈ ਵਿੱਤੀ ਸੰਕਟ ਖੜ੍ਹਾ ਕੀਤਾ।ਵਿਸ਼ਵ ਕਿਰਤ ਸੰਗਠਨ ਨੇ ਵੀ ਆਪਣੀ ਇਕ ਰਿਪੋਰਟ ਵਿਚ ਲਿਖਿਆ ਹੈ ਕਿ ਸ਼ਹਿਰੀ ਬਜ਼ਾਰ ਲਈ ਉਤਪਾਦਨ ਕਰਨ ਵਾਲੇ ਕਿਸਾਨਾਂ ਨੂੰ ਭਾਰੀ ਆਮਦਨੀ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਉਹ ਤਾਲਾਬੰਦੀ ਦੌਰਾਨ ਆਪਣਾ ਉਤਪਾਦ ਵੇਚਣ ਤੋਂ ਅਸਮਰੱਥ ਹਨ। ਜੇ ਇਹ ਵਾਇਰਸ ਪੇਂਡੂ ਖੇਤਰਾਂ ਵਿਚ ਫੈਲ ਜਾਂਦਾ ਹੈ ਤਾਂ ਕਿਸਾਨ, ਖੇਤ ਮਜ਼ਦੂਰ ਅਤੇ ਛੋਟੇ ਕਾਰੀਗਰ ਸਭ ਤੋਂ ਵੱਧ ਪ੍ਰਭਾਵਿਤ ਹੋ ਸਕਦੇ ਹਨ।

ਕਰੋਨਾਵਾਇਰਸ ਮਾਹਾਂਮਾਰੀ ਦੇ ਦੌਰਾਨਕਿਸਾਨਾਂ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਿਸਾਨ ਦੀ ਬਾਂਹ ਫੜਨ ਦੀ ਵਜਾਏ ਭਾਰਤ ਸਰਕਾਰ ਨੇ ਖੇਤੀਬਾੜੀ ਨਾਲ ਸੰਬੰਧਿਤ ਤਿੰਨ ਅਧਿਆਦੇਸ ਲਾਗੂ ਕਰ ਦਿੱਤੇ ਹਨ ਜਿਹਨਾਂ ਦੇ ਮੁੱਖ ਉਦੇਸ ਖੇਤੀਬਾੜੀ ਜਿਨਸਾਂ ਦੀ ਖ਼ਰੀਦ-ਵੇਚ ਲਈ ਨਿੱਜੀ ਮੰਡੀਆਂ ਨੂੰ ਇਜਾਜ਼ਤ ਦੇਣੀ, ਖੇਤੀਬਾੜੀ ਇਕਰਾਰਨਾਮਿਆਂ ਨੂੰ ਅਮਲ ਵਿਚ ਲਿਆਉਣਾ, ਅਤੇ 1955 ਦੇ ਜ਼ਰੂਰੀ ਵਸਤਾਂ ਕਾਨੂੰਨ ਨੂੰ ਬਹੁਤ ਹੀ ਨਰਮ ਕਰਨਾ ਹਨ।

ਇਹਨਾਂ ਤਿੰਨਾਂ ਅਧਿਆਦੇਸਾਂ ਨਾਲ ਕਿਸਾਨਾਂ, ਖੇਤੀਬਾੜੀ ਮੰਡੀਕਰਨ ਬੋਰਡਾਂ ਅਤੇ ਉਹਨਾਂ ਦੇ ਕਰਮਚਾਰੀਆਂ, ਪੇਂਡੂ ਵਿਕਾਸ ਪ੍ਰੋਗਰਾਮਾਂ, ਖ਼ਪਤਕਾਰਾਂ, ਅਨਾਜ ਸੁਰੱਖਿਆ ਦੇ ਸੰਬੰਧ ਵਿਚ ਵੱਡੇ ਨੁਕਸਾਨ ਹੋਣਗੇ ਕਿਉਂਕਿ ਸਾਂਤਾ ਕੁਮਾਰ ਕਮੇਟੀ ਅਤੇ ਨਿਤਿਨ ਗਡਕਰੀ ਵੱਲੋਂ ਸਰਕਾਰ ਦੁਆਰਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਅਤੇ ਖੇਤੀਬਾੜੀ ਜਿਨਸਾਂ ਦੀ ਖ਼ਰੀਦ ਕਰਨ ਤੋਂ ਪਿੱਛੇ ਹਟਣ ਦੇ ਸਾਫ਼ ਸੰਕੇਤ ਦਿੱਤੇ ਹਨ। ਇਸ ਤੋਂ ਇਲਾਵਾ, ਜਿਸ ਤਰ੍ਹਾਂ ਇਹਨਾਂ ਅਧਿਆਦੇਸਾਂ ਨੂੰਪਾਸ ਕੀਤਾ ਗਿਆ ਹੈ ਉਸ ਨਾਲ ਮੁਲਕ ਦੇ ਸੰਘੀ ਢਾਂਚੇ ਉੱਪਰ ਬਹੁਤ ਮਾੜਾ ਅਸਰ ਪਿਆ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਵਿਚ 100 ਮਿਲੀਅਨ ਪਰਵਾਸੀ ਮਜ਼ਦੂਰ ਹਨ, ਜੋ ਦੇਸ ਦੀ ਕੁੱਲ ਕਿਰਤ ਸ਼ਕਤੀ ਦਾ ਲਗਭਗ 20 ਪ੍ਰਤਿਸ਼ਤ ਬਣਦਾ ਹੈ। ਉਹ ਆਪਣੇ ਗ਼ਰੀਬ ਸੂਬਿਆਂ ਤੋਂ ਉਦਯੋਗਿਕ ਸ਼ਹਿਰਾਂ ਅਤੇ ਮਹਾਨਗਰਾਂਵਿਚ ਆਮਦਨੀ ਲਈ ਪ੍ਰਵਾਸ ਕਰਦੇ ਹਨ। ਪੈਂਡੂ ਖੇਤਰਾਂ ਵਿਚਇਹ ਮਜ਼ਦੂਰ ਖੇਤੀਬਾੜੀ ਨਾਲ ਸੰਬੰਧਿਤ ਧੰਦੇ ਅਤੇ ਸ਼ਹਿਰੀ ਖੇਤਰਾਂ ਵਿਚ ਮੁੱਖ ਤੌਰ ਉੱਤੇ ਇਮਾਰਤਾਂ ਅਤੇ ਸੜਕਾਂ ਦੇ ਨਿਰਮਾਣ, ਹੋਟਲਾਂ/ ਫੈਕਟਰੀਆਂ ਵਿਚਘੱਟ ਮਜ਼ਦੂਰੀ ਉੱਤੇ ਦਿਹਾੜੀ-ਦੱਪਾ ਕਰਦੇ ਹਨ। ਇਹ ਪਰਵਾਸੀ ਮਜ਼ਦੂਰ ਤਾਲਾਬੰਦੀ ਦੇ ਸਮੇਂ ਦੌਰਾਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ ਅਤੇ ਤਾਲਾਬੰਦੀ ਦੇ ਹਟਣ ਤੋਂ ਬਾਅਦ ਵੀ ਇਹਨਾਂ ਉੱਤੇ ਮਾੜਾ ਪ੍ਰਭਾਵ ਪੈਵੇਗਾ।

ਕਰੋਨਾਵਾਇਰਸ ਮਹਾਂਮਾਰੀ ਦੇ ਕਾਰਨ ਹੋਈ ਅਚਾਨਕ ਤਾਲਾਬੰਦੀ ਨੇ ਪਰਵਾਸੀ ਮਜ਼ਦੂਰਾਂ ਤੋਂ ਕੰਮ ਖੋਹ ਲਿਆ। ਇਹ ਮਜ਼ਦੂਰ ਵਰਗ ਸਥਾਨਿਕ ਸਰਕਾਰਾਂ ਦਾ ਵੋਟ ਬੈਂਕ ਨਾ ਹੋਣ ਕਾਰਨ ਅਣਗੌਲਿਆ ਗਿਆ। ਜਿਸ ਕਾਰਨ ਇਹਨਾਂ ਮਜ਼ਦੂਰਾਂ ਨੂੰ ਭੁੱਖੇ ਰਹਿਣ ਤੱਕ ਦੀ ਨੌਬਤ ਆਈ। ਕੰਮ ਅਤੇ ਭੋਜਨ ਦੀ ਘਾਟ ਕਾਰਨ ਇਹ ਪਰਵਾਸੀ ਮਜ਼ਦੂਰ ਮਹਿਸੂਸ ਕਰਨ ਲਗੇ ਕਿ ਆਪਣੇ ਪਿੰਡ ਹੀ ਉਹਨਾਂ ਲਈ ਬਿਹਤਰ ਹਨ ਕਿਉਂਕਿ ਉਹ ਇਸ ਔਖੀ ਘੜੀ ਵਿਚ ਆਪਣੇ ਪਰਿਵਾਰ ਨਾਲ ਰਹਿ ਸਕਦੇ ਹਨ। ਆਵਾਜਾਈ ਦੇ ਸਾਧਨਾਂ ਉੱਤੇ ਪਾਬੰਦੀਆਂ ਹੋਣ ਕਾਰਨ ਇਹਨਾਂ ਮਜ਼ਦੂਰਾਂ ਨੇ ਸੈਂਕੜੇ ਕਿਲੋਮੀਟਰ ਦੂਰ ਆਪਣੇ ਪਿੰਡਾਂ ਵੱਲ ਸਿਰਾਂ ਉੱਤੇ ਗੱਠੜੀਆਂ ਅਤੇ ਮੋਢਿਆਂ ਉੱਤੇ ਝੋਲ਼ੇ ਲਟਕਾ ਕੇ ਆਪਣੀ ਘਰਵਾਲੀ ਅਤੇ ਬੱਚਿਆਂ ਨਾਲ ਪੈਦਲ ਚਲਣਾ ਸ਼ੁਰੂ ਕਰ ਦਿੱਤਾ। ਕਈਆਂ ਨੇ ਪਹੀਆਂ ਵਾਲੇ ਸੂਟ ਕੇਸ ਜਾਂ ਫੱਟੇ ਨਾਲ਼ ਬੈਰਿੰਗ ਕਸ ਕੇ ਉੱਤੇ ਨਿੱਕੇ ਬੱਚੇ ਬਿਠਾ ਇਸ ਆਸ ਨਾਲ ਖਿੱਚਣੇ ਸ਼ੁਰੂ ਕੀਤੇ ਕਿ ਕਦੇ ਤਾਂ ਘਰ ਪਹੁੰਚਾਂਗੇ।ਲੰਮੇ ਰਸਤੇਵਿਚ ਇਹਨਾਂ ਨਾਲ ਕਈ ਦੁਖਾਂਤ ਵਾਪਰੇ। ਲੰਮੇ ਰਾਸਤੇ ਦੇ ਦੁੱਖ ਨਾ ਝੱਲਦੇ ਹੋਏ ਇਕ ਪਰਵਾਸੀ ਮਜ਼ਦੂਰ ਨੇ ਆਪਣੀ ਘਰਵਾਲੀ ਅਤੇ ਨਿੱਕੇ ਬੱਚਿਆਂ ਸਮੇਤ ਅੱਧਵਾਟੇ ਹੀ ਫਾਹਾ ਲਾ ਲਿਆ।ਪਰਵਾਸੀ ਮਜ਼ਦੂਰਾਂ ਨਾਲ ਲੱਦੇ ਟਰੱਕ/ਟੈਂਪੂ ਪਲਟਣ ਨਾਲ ਕਾਫ਼ੀ ਜ਼ਖ਼ਮੀ ਹੋਏ ਅਤੇ ਕੁਝ ਮਾਰੇ ਗਏ। ਮੱਧ ਪ੍ਰਦੇਸ ਦੇ ਸੋਲਾਂ ਮਜ਼ਦੂਰ ਮਾਲ ਗੱਡੀ ਦੇ ਲੋਹੇ ਦੇ ਪਹੀਆਂ ਹੇਠ ਆਕੇ ਕੱਟੇ ਗਏ। ਇਸ ਤਰ੍ਹਾਂ ਦੀਆਂ ਘਟਨਾਵਾਂ ਹੋਰ ਵੀ ਬਹੁਤ ਵਾਪਰੀਆਂ ਜੋ ਇਹਨਾਂ ਮਜ਼ਦੂਰਾਂ ਉੱਤੇ ਤਾਲਾਬੰਦੀ ਦੇ ਸਿੱਧੇ ਪ੍ਰਭਾਵ ਨੂੰ ਬਿਆਨਦੀਆਂ ਹਨ।

ਉਪਰੋਕਤ ਵਿਆਖਿਆ ਤੋਂ ਇਹ ਸਪਸ਼ਟ ਹੈ ਕਿ ਕਰੋਨਾਵਾਇਰਸ ਮਹਾਂਮਾਰੀ ਨੇ ਅਰਥਚਾਰੇ ਦੇ ਹਰ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈਪਰ ਇਸ ਮਹਾਂਮਾਰੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਗ਼ੈਰ-ਸੰਗਠਿਤ ਖੇਤਰ ਦੇ ਕਾਮੇ ਹਨ।ਇਹਨਾਂ ਕਾਮਿਆਂ ਨੂੰ ਅਤਿ ਦੀ ਗ਼ਰੀਬੀ ਅਤੇ ਭੁੱਖਮਰੀ ਤੋਂ ਬਚਾਉਣ ਲਈ ਸਰਕਾਰਨੂੰ ਮਨਰੇਗਾ ਅਤੇ ਜਨ-ਧਨ ਖਾਤਾ ਯੋਜਨਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਲਈ ਰੁਜ਼ਗਾਰ ਯੋਜਨਾਵਾਂ ਨਾਲ ਸੰਬੰਧਿਤ ਸਰਕਾਰੀ ਨੀਤੀਆਂ ਦੀ ਪੜਚੋਲ ਕਰਨ ਦੀ ਵੀ ਜ਼ਰੂਰਤ ਹੈ।ਭਾਰਤ ਸਰਕਾਰ ਦਾ ਖੇਤੀਬਾੜੀ ਨਾਲ ਸੰਬੰਧਿਤ ਪਾਸ ਕੀਤੇ ਗਏ ਤਿੰਨੇ ਅਧਿਆਦੇਸ ਨੂੰ ਤੁਰੰਤ ਵਾਪਿਸ ਲੈਂਦੇ ਹੋਏ ਮੁਲਕ ਦੇ ਸੰਘੀ ਢਾਂਚੇ ਨੂੰ ਬਚਾਉਂਣਾ ਬਣਦਾ ਹੈ। ਕੋਰੋਨਾ ਵਾਇਰਸ ਮਹਾਂਮਾਰੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਭਾਰਤੀ ਅਰਥਵਿਵਸਥਾ ਦੇ ਵਿਕਾਸ ਦੇ ਸੰਬੰਧ ਵਿਚ ਉਮੀਦ ਦੀ ਕਿਰਨ ਸਿਰਫ਼ ਖੇਤੀਬਾੜੀ ਖੇਤਰ ਹੀ ਹੈ।

ਇਸ ਲਈ ਸਰਕਾਰਾਂ, ਖ਼ਾਸ ਕਰਕੇ ਕੇਂਦਰ ਸਰਕਾਰ ਨੂੰ ਖੇਤੀਬਾੜੀ ਨੀਤੀਆਂ ਨੂੰ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਪੱਖ ਵਿਚ ਬਣਾਉਣ ਅਤੇ ਅਮਲ ਵਿਚ ਲਿਆਉਣਾ ਬਣਦਾ ਹੈ। ਬਜ਼ਾਰ ਵਿਚ ਤਰਲਤਾ ਅਤੇ ਮੰਗ ਵਧਾਉਣ ਲਈ, ਭਾਰਤ ਸਰਕਾਰ ਨੂੰ ਇਸ ਤਣਾਅਪੂਰਨ ਸਮੇਂ ਵਿਚ ਘੱਟੋਂ-ਘੱਟ ਇਕ ਤਿਮਾਹੀ ਦੀ ਮਿਆਦ ਕਰ ਮੁਕਤ ਕਰਨੀ ਚਾਹੀਦੀ ਹੈ।ਇਸ ਮਹਾਂਮਾਰੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਿੱਖਿਆ, ਸਿਹਤ ਸੰਭਾਲ ਅਤੇ ਇਸ ਤਰ੍ਹਾਂ ਦੇ ਹੋਰ ਖੇਤਰਾਂ ਦੀਆਂ ਵਸਤੂਆਂ ਨੂੰ ਜਨਤਕ ਵਸਤੂਆਂ ਐਲਾਨਦਿਆਂਸਰਕਾਰ ਆਪ ਲੋਕਾਂ ਨੂੰ ਮੁਹੱਈਆ ਕਰਵਾਏ।

* ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

** ਸਹਾਇਕ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਜੀ.ਜੀ.ਡੀ.ਐੱਸ.ਡੀ. ਕਾਲਜ, ਖੇੜੀ ਗੁਰਨਾ (ਬਨੂੜ)।

# ਰਾਜਸ਼੍ਰੀ ਛਤਰਪਤੀ ਸ਼ਾਹੂ ਜੀ ਮਹਾਰਾਜ

## (26 June 1874 -6 May 1922)



ਸ਼ਾਹੂ ਜੀ ਮਹਾਰਾਜ ਮਹਾਰਾਸ਼ਟਰ ਦੇ ਇੱਕ ਮਹਾਨ ਸਮਾਜ ਸੁਧਾਰਕ ਸਨ ਲ ਜਿਹਨਾਂ ਨੇ ਅਛੂਤਾਂ ਅਤੇ ਪਛੜੇ ਵਰਗਾਂ ਨੂੰ ਉਹਨਾਂ ਦੇ ਪੈਰਾਂ ਤੇ ਖੜ੍ਹਾ ਕਰਨ ਲਈ ਆਪਣਾ ਸਾਰਾ ਜੀਵਨ ਲੱਗਾ ਦਿੱਤਾ ਲ ਆਓ ਉਹਨਾਂ ਦੁਆਰਾ ਇੱਕ ਮਹਾਰਾਜਾ ਹੁੰਦੇ ਹੋਏ ਅਛੂਤਾਂ ਅਤੇ ਪਛੜੇ ਵਰਗਾਂ ਲਈ ਕੀਤੇ ਕੁਝ ਕੰਮਾਂ ਤੇ ਨਿਗਾਹ ਮਾਰੀਏ:

1. 26 ਜੁਲਾਈ 1902 ਨੂੰ ਅਛੂਤਾਂ ਅਤੇ ਪਛੜੇ ਵਰਗਾਂ ਲਈ ਆਪਣੀ ਰਿਆਸਤ ਵਿੱਚ 50% ਰਿਜ਼ਰਵੇਸ਼ਨ ਦਿੱਤੀ।
2. 1918 ਵਿੱਚ ਸ਼ਾਹੂ ਜੀ ਮਹਾਰਾਜ ਨੇ ਆਪਣੀ ਰਿਆਸਤ ਵਿੱਚ ਜਗ੍ਹਾ ਜਗ੍ਹਾ ਤੇ ਸਸਤੇ ਅਨਾਜ ਦੇ ਡੀਪੂ ਖੋਲ੍ਹੇ।
3. 2 ਜੂਨ 1897 ਨੂੰ ਕੋਹੜੀਆਂ ਲਈ ਵਿਸ਼ੇਸ਼ ਹਸਪਤਾਲ ਖੋਲ੍ਹੇ।
4. ਹਰ ਪਿੰਡ ਵਿੱਚ ਸਕੂਲ ਖੋਲ ਕੇ 1912 ਵਿੱਚ ਵੇਤਨਦਾਰ ਸਿੱਖਿਆ ਯੋਜਨਾ ਅਤੇ 1917 ਵਿੱਚ ਪਗਾਰੀ ਸਿੱਖਿਅਕ ਯੋਜਨਾ ਬਣਾਈ।
5. 1919 ਨੂੰ ਉਹਨਾਂ ਨੇ ਔਰਤਾਂ ਨਾਲ਼ ਹੁੰਦੇ ਦੁਰਵਿਵਹਾਰ ਨੂੰ ਸਮਾਪਤ ਕਰਨ ਲਈ ਘਰੇਲੂ ਹਿੰਸਾ ਐਕਟ ਪਾਸ ਕੀਤਾ।
6. 3 ਅਗਸਤ 1918 ਨੂੰ ਸ਼ਾਹੂ ਜੀ ਮਹਾਰਾਜ ਨੇ ਇੱਕ ਹੋਰ ਕਨੂੰਨ ਪਾਸ ਕਰਕੇ ਅਜਿਹੀਆਂ ਅਛੂਤ ਜਾਤੀਆਂ ਜਿਹਨਾਂ ਨੂੰ ਬ੍ਰਾਹਮਣਵਾਦੀ ਵਿਵਸਥਾ ਵਿੱਚ ਅਪਰਾਧਿਕ ਜਾਤੀਆਂ ਕਿਹਾ ਗਿਆ ਸੀ ਅਤੇ ਉਹਨਾਂ ਨੂੰ ਠਾਣੇ ਵਿੱਚ ਜਾ ਕੇ ਪ੍ਰਤੀ ਦਿਨ ਹਾਜ਼ਰੀ ਦੇਣੀ ਪੈਂਦੀ ਸੀ ਲ ਇਹਨਾਂ ਅਛੂਤ ਜਾਤੀਆਂ ਦੀ ਪ੍ਰਤੀ ਦਿਨ ਦੀ ਹਾਜ਼ਰੀ ਨੂੰ ਖ਼ਤਮ ਕੀਤਾ।
7. 11ਅਕਤੂਬਰ 1919 ਨੂੰ ਸ਼ਾਹੂ ਜੀ ਮਹਾਰਾਜ ਨੇ ਇੱਕ ਹੁਕਮ ਪਾਸ ਕੀਤਾ ਜਿਸ ਦੁਆਰਾ ਸਵਰਨਾਂ ਦੇ ਵਿਸ਼ੇਸ਼ ਸਕੂਲਾਂ ਤੇ ਰੋਕ ਲਗਾ ਦਿੱਤੀ ਜਿਸ ਵਿੱਚ ਕੇਵਲ ਉੱਚ ਜਾਤੀਆਂ ਨੂੰ ਦਾਖਲਾ ਮਿਲਦਾ ਸੀ। ਪਛੜੇ ਵਰਗ ਦੇ ਲੋਕਾਂ ਨੂੰ ਇਸ ਵਿੱਚ ਦਾਖਲਾ ਨਹੀ ਮਿਲਦਾ ਸੀ।
8. 30 ਸਤੰਬਰ 1919 ਨੂੰ ਉਹਨਾਂ ਨੇ ਇੱਕ ਹੁਕਮ ਪਾਸ ਕੀਤਾ ਜਿਸ ਵਿੱਚ ਉਹਨਾਂ ਨੇ ਅਛੂਤਾਂ ਲਈ ਬਣਾਏ ਸਕੂਲ ਬੰਦ ਕਰਵਾ ਦਿੱਤੇ ਅਤੇ ਸਾਰੇ ਸਰਕਾਰੀ ਸਕੂਲਾਂ ਦੇ ਦਰਵਾਜੇ ਅਛੂਤਾਂ ਲਈ ਖੋਲ ਦਿੱਤੇ।
9. 1919 ਵਿੱਚ ਸ਼ਾਹੂ ਜੀ ਨੇ ਜਗੀਰਦਾਰਾਂ ਤੋਂ ਪ੍ਰਬੰਧਕੀ ਸ਼ਕਤੀਆਂ ਵਾਪਸ ਲੈ ਲਈਆਂ।
10. ਸਤੰਬਰ 1911 ਨੂੰ ਸ਼ਾਹੂ ਜੀ ਮਹਾਰਾਜ ਨੇ ਮਹਾਰਾਂ (ਅਛੂਤ ਜਾਤੀ) ਦੀ ਜ਼ਮੀਨ ਪੱਕਿਆਂ ਕਰਨ ਸੰਬੰਧੀ ਕਨੂੰਨ ਬਣਾਇਆ ਕਿ ਉਹ ਜ਼ਮੀਨ ਜਿਹੜੀ ਸਰਕਾਰ ਵਲੋਂ ਮਹਾਰਾਂ ਨੂੰ ਦਿੱਤੀ ਗਈ ਹੈ ਲ ਭਾਵ ਮਹਾਰਾਂ ਦੇ ਨਾਂ ਤੇ ਚੜਾਈ ਜ਼ਮੀਨ ਅੱਗੇ ਲਈ ਉਹਨਾਂ ਦੇ ਨਾਂ ਤੇ ਰਹੇ।
11. 29 ਮਾਰਚ 1918 ਨੂੰ ਸ਼ਾਹੂ ਜੀ ਮਹਾਰਾਜ ਨੇ ਹੁਕਮ ਪਾਸ ਕੀਤਾ ਜਿਸ ਵਿੱਚ ਮਾਲੀਏ ਦਾ 6% ਹਿੱਸਾ ਸਿੱਖਿਆ ਤੇ ਖਰਚ ਕੀਤਾ ਜਾਵੇਗਾ।
12. ਪੁਨਰ ਵਿਆਹ ਕਨੂੰਨ ਨੂੰ ਮਨਜੂਰੀ।
13. 1920 ਵਿੱਚ ਬਾਬਾ ਸਾਹਿਬ ਦੇ ਮੂਕ ਨਾਇਕ ਅਖ਼ਬਾਰ ਲਈ ਢਾਈ ਹਜਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ।
14. 1920 ਬਾਬਾ ਸਾਹਿਬ ਅੰਬੇਡਕਰ ਦੀ ਬੈਰਿਸਟਰੀ ਸਿੱਖਿਆ ਲਈ ਆਰਥਿਕ ਸਹਾਇਤਾ।
15. ਆਪਣੀ ਕੋਹਲਾਪੁਰ ਰਿਆਸਤ ਵਿੱਚ 122 ਸਕੂਲ ਖੋਲ੍ਹੇ ਅਤੇ ਇਹਨਾਂ ਨੂੰ ਇੱਕ ਲੱਖ ਰੁਪਏ ਦੀ ਗਰਾਂਟ ਦਿੱਤੀ।

**ਜਾਰੀ ਹੈ....... ਰਿਜ਼ਰਵੇਸ਼ਨ ਦੇ ਦੇਵਤਾ ਸ਼ਾਹੂ ਜੀ ਮਹਾਰਾਜ**

# ਅਮਰੀਕਾ ਦੇ ਮੀਡੀਏ ਲਈ ਭਾਰੀ ਸਦਮਾ- ਉਘੇ ਪੱਤਰਕਾਰ ਦਵਿੰਦਰਪਾਲ ਸਿੰਘ ਦਾ ਦਿਹਾਂਤ

**ਨਿਊਯਾਰਕ (ਰਾਜ ਗੋਗਨਾ)**– ਪੀ. ਟੀ. ਸੀ. ਪੰਜਾਬੀ ਦੇ ਖਬਰਾਂ ਦੇ ਸੰਚਾਲਕ, ਉੱਘੇ ਪੱਤਰਕਾਰ ਜੋ ਕਾਫੀ ਸਮਾਂ ਨਿਊਯਾਰਕ ਪੀ. ਟੀ. ਸੀ. ਪੰਜਾਬੀ ਚੈਨਲ ਨੂੰ ਚਲਾਉਂਦੇ ਆ ਰਹੇ ਸਨ। ਪਿਛਲੇ ਇੱਕ ਸਾਲ ਤੋਂ ਉਨ੍ਹਾਂ ਨੂੰ ਦਿੱਲੀ ਵਿਖੇ ਬੁਲਾ ਲਿਆ ਗਿਆ ਸੀ। ਜਿੱਥੇ ਉਹ ਸਵੇਰੇ ਸਾਢੇ 9 ਵਜੇ ਦੀਆਂ ਨਾਰਥ ਅਮਰੀਕਾ ਦੀਆਂ ਖਬਰਾਂ ਦਾ ਸੰਚਾਲਨ ਕਰਦੇ ਸਨ। ਹਰੇਕ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰਨਾ, ਪੜਚੋਲਣਾ ਤੇ ਇੰਟਰਵਿਊ ਲੈਣ ਵੇਲੇ ਸਹਿਜਤਾ ਰੱਖਣ ਕਾਰਨ ਉਹ ਬਹੁਤ ਮਸ਼ਹੂਰ ਸਨ। ਦਵਿੰਦਰਪਾਲ ਸਿੰਘ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਵਿਚ ਮਹੱਤਰਪੂਰਨ ਯੋਗਦਾਨ ਪਾ ਰਹੇ ਸਨ। ਦਵਿੰਦਰਪਾਲ ਸਿੰਘ ਪੱਤਰਕਾਰਤਾ ਦੀਆਂ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਦੇ ਪਹਿਰਾ ਦਿੰਦੇ ਆ ਰਹੇ ਸਨ। ਉਹਨਾਂ ਦੀ ਅਚਾਨਕ ਮੌਤ ਨਾਲ ਪੰਜਾਬੀ ਮੀਡੀਏ ਤੇ ਉਨ੍ਹਾਂ ਦੇ ਚਾਹੁਣ ਵਾਲਿਆਂ ਨੂੰ ਵੱਡਾ ਘਾਟਾ ਪਿਆ ਹੈ। ਵਾਸ਼ਿੰਗਟਨ ਮੈਟਰੋਪੁਲਿਟਨ ਦੇ ਪੱਤਰਕਾਰਾਂ, ਅਮਰੀਕਾ ਦੇ ਮੀਡੀਆ ਵਿੰਗ ਨੇ ਉਹਨਾਂ ਦੀ ਮੌਤ ਤੇ ਡੂੰਘਾ ਅਫਸੋਸ ਪ੍ਰਗਟ ਕੀਤਾ ਅਤੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸਾਂਝ ਪਾਈ। ਡਾ. ਸੁਖਪਾਲ ਸਿੰਘ ਧਨੋਆ ਨੇ ਕਿਹਾ ਕਿ ਉਹਨਾਂ ਦੀ ਸੱਜੀ ਬਾਂਹ ਪੱਤਰਕਾਰੀ ਦੇ ਖੇਤਰ ਚ' ਟੁੱਟ ਗਈ ਹੈ। ਉਹਨਾਂ ਦਾ



ਕਹਿਣਾ ਹੈ ਕਿ ਦਵਿੰਦਰਪਾਲ ਸਿੰਘ ਵਰਗੀਆਂ ਵਿਰਲੀਆਂ ਸਖਸ਼ੀਅਤਾਂ ਹੀ ਮਿਲਦੀਆਂ ਹਨ ਜੋ ਪੱਤਰਕਾਰੀ, ਖਬਰਸਾਰ ਤੇ ਜਰਨਲਿਜ਼ਮ ਦੀ ਨਬਜ਼ ਨੂੰ ਪਛਾਨਣ ਦਾ ਹੁਨਰ ਰੱਖਦੀਆਂ ਹਨ। ਮੈਂ ਦਵਿੰਦਰਪਾਲ ਸਿੰਘ ਦੇ ਚਲੇ ਜਾਣ ਦਾ ਦੁੱਖ ਕਦੇ ਨਹੀਂ ਵਿਸਾਰ ਸਕਦਾ। ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਦਵਿੰਦਰਪਾਲ ਸਿੰਘ ਨਿੱਘੇ ਤੇ ਮਿੱਠੇ ਸੁਭਾਅ ਦੇ ਮਾਲਕ ਸਨ, ਜਿਨ੍ਹਾਂ ਨੂੰ ਮੀਡੀਆ ਦੀ ਸੋਝੀ ਸੀ, ਉਹ ਝੱਟ ਹੀ ਅਗਲੇ ਦੇ ਦਿਲ ਵਿੱਚ ਥਾਂ ਬਣਾ ਲੈਂਦੇ ਸਨ। ਉਹਨਾਂ ਦੀ ਮੌਤ ਦਾ ਸਾਨੂੰ ਬਹੁਤ ਜਿਆਦਾ ਅਫਸੋਸ ਹੈ। ਪੱਤਰਕਾਰ ਤੇਜਿੰਦਰ ਸਿੰਘ ਨੇ ਕਿਹਾ ਕਿ ਟੀ .ਵੀ ਤੇ ਪ੍ਰੋਗਰਾਮ ਦਾ ਸੰਚਾਲਨ ਕਰਨਾ, ਖਾਸ ਕਰਕੇ ਖਬਰਾਂ ਨਸ਼ਰ ਕਰਨਾ ਸੌਖਾ ਨਹੀਂ। ਪਰ ਦਵਿੰਦਰਪਾਲ ਸਿੰਘ ਦੀ ਕਾਬਲੀਅਤ ਦਾ ਕੋਈ ਸਾਨੀ ਨਹੀਂ ਸੀ। ਡਾ. ਸੁਰਿੰਦਰ ਸਿੰਘ ਗਿੱਲ ਨੇ ਕਿਹਾ ਕਿ ਦਵਿੰਦਰਪਾਲ ਸਿੰਘ ਦ੍ਰਿੜ ਇਰਾਦੇ ਅਤੇ ਦੂਰ ਅੰਦੇਸ਼ੀ ਦੇ ਮਾਲਕ ਸਨ। ਦਵਿੰਦਰਪਾਲ ਸਿੰਘ ਦੇ ਜਾਣ ਨਾਲ ਪੱਤਰਕਾਰਤਾ ਦੇ ਖੇਤਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਨਾਰਥ ਅਮਰੀਕਾ ਦੀਆਂ ਖਬਰਾਂ ਦੀ ਪੇਸ਼ਕਾਰੀ ਦਾ ਉਹ ਸਤੰਭ ਸੀ, ਉਸ ਵਿੱਛੜੀ ਰੂਹ ਨੂੰ ਅਸੀਂ ਕਦੇ ਵੀ ਭੁੱਲ ਨਹੀਂ ਸਕਦੇ।




# ਔਰਤ ਦੀ ਗੱਲ ਸੁਣਨ ਲਈ ਅਸੀ ਤਿਆਰ ਕਿਉ ਨਹੀ?

ਸੁਕੀਰਤ

ਨਿਕਿਤਾ ਆਜ਼ਾਦ ਨੇ ਪਿਛਲੇ ਹਫ਼ਤੇ ਆਪਣੇ ਇਸ ਪੰਨੇ 'ਤੇ ਪ੍ਰਕਾਸ਼ਿਤ ਲੇਖ 'ਔਰਤ ਦੀ ਗੱਲ ਸੁਣੋ ਤਾਂ ਸਹੀ' ਵਿਚ ਇਕ ਪੰਜਾਬੀ ਗਾਇਕ ਉੱਤੇ ਉਸਦੀ ਪਤਨੀ ਵੱਲੋਂ ਲਾਏ ਘਰੇਲੂ ਹਿੰਸਾ ਦੇ ਦੋਸ਼ ਤੋਂ ਬਾਅਦ ਪੰਜਾਬੀ ਸਮਾਜ ਅਤੇ ਸੋਸ਼ਲ ਮੀਡੀਆ ਵਿਚ ਛਿੜੀ ਚਰਚਾ ਦੇ ਪਰਥਾਏ ਇਕ ਗੰਭੀਰ ਵਿਸ਼ੇ ਬਾਰੇ ਗੱਲ ਛੇੜੀ ਹੈ। ਪਰ ਇਸ ਘਟਨਾ ਉੱਤੇ ਹੋਏ ਅਤੇ ਖ਼ੁਦ ਨਿਕੀਤਾ ਆਜ਼ਾਦ ਦੀਆਂ ਫੇਸਬੁਕ ਪੋਸਟਾਂ ਉੱਤੇ ਹੁੰਦੇ ਰਹਿੰਦੇ ਪ੍ਰਤੀਕਰਮਾਂ ਤੋਂ ਇਕ ਗੱਲ ਹੋਰ ਨਿੱਤਰ ਕੇ ਸਾਹਮਣੇ ਆਉਂਦੀ ਹੈ। ਸਾਡੇ ਸਮਾਜ ਵਿਚ ਬਹੁਤੇ ਮਰਦ ਔਰਤ ਦੀ ਗੱਲ ਸੁਣਨ ਲਈ ਤਿਆਰ ਹੀ ਨਹੀਂ ਹਨ। ਕਿਉਂ ਤਿਆਰ ਨਹੀਂ ਹਨ ? ਇਹ ਸਥਿਤੀ ਆਪਣੇ ਆਪ ਵਿਚ ਡੂੰਘੇਰੇ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ।

ਕੋਈ ਡੇਢ ਦਹਾਕਾ ਪਹਿਲਾਂ ਦੀ ਗੱਲ ਹੈ, ਮੈਂ ਇਕ ਕਹਾਣੀ ਲਿਖੀ ਸੀ: 'ਚਪੇੜ'। ਜਿਸ ਸਾਹਿਤਕ ਪਰਚੇ ਨੂੰ ਮੈਂ ਇਹ ਕਹਾਣੀ ਪਹਿਲਾਂ ਛਪਣ ਲਈ ਭੇਜੀ, ਉੱਥੋਂ ਨਾਮਨਜ਼ੂਰ ਹੋ ਗਈ। ਛਾਪਣਾ, ਨਾ ਛਾਪਣਾ ਕਿਸੇ ਵੀ ਸੰਪਾਦਕ ਦਾ ਅਧਿਕਾਰ ਹੈ ਤੇ ਹਰ ਲੇਖਕ ਨੂੰ ਆਪਣੀ ਲਿਖਤ ਦੀ ਸੰਭਾਵਤ ਨਾਮਨਜ਼ੂਰੀ ਬਾਰੇ ਤਿਆਰ ਰਹਿਣਾ ਚਾਹੀਦਾ ਹੈ, ਪਰ ਕਹਾਣੀ ਨਾਮਨਜ਼ੂਰ ਕਰਦਿਆਂ ਉਸ ਨਾਮੀ ਲੇਖਕ-ਸੰਪਾਦਕ ਦੀ ਕੀਤੀ ਇਕ ਟਿੱਪਣੀ ਮੇਰੇ ਚੇਤੇ ਵਿਚ ਖੁਣੀ ਰਹਿ ਗਈ। ਕਹਾਣੀ ਵਿਚ ਕਹਿੰਦੇ-ਕਹਾਉਂਦੇ ਉਤਲੇ ਵਰਗ ਦੇ ਘਰ ਦੀ ਚਾਰਦੀਵਾਰੀ ਵਿਚ ਇਕ ਪਤੀ ਤੇ ਬਾਪ ਵੱਲੋਂ ਆਪਣੀ ਪਤਨੀ ਤੇ ਜਵਾਨ ਧੀ ਨੂੰ ਮਾਰੀਆਂ ਗਈਆਂ ਚਪੇੜਾਂ ਦਾ ਜ਼ਿਕਰ ਸੀ। ਮੇਰੇ ਸੰਪਾਦਕ ਨੂੰ ਕਹਾਣੀ ਤੇ ਇਕ ਇਤਰਾਜ਼ ਇਹ ਵੀ ਸੀ ਕਿ ਮੇਰਾ ਮੁੱਖ ਪਾਤਰ ਘਰੇਲੂ ਹਿੰਸਾ ਤੇ ਇੰਜ ਉਤਰ ਆਉਂਦਾ ਹੈ 'ਜਿਵੇਂ ਉਹ ਕਿਸੇ ਹੇਠਲੇ, ਜਾਹਲ ਤਬਕੇ ਵਿਚੋਂ ਹੋਵੇ।' ਕਹਾਣੀ ਦੀ ਨਾਮ-ਨਜ਼ੂਰੀ 'ਤੇ ਮੈਨੂੰ ਕੋਈ ਉਜ਼ਰ ਨਹੀਂ ਸੀ, ਪਰ ਪੜ੍ਹੇ-ਗੁੜ੍ਹੇ ਲੇਖਕ-ਸੰਪਾਦਕ ਦੀ ਟਿੱਪਣੀ ਵਿਚਲੀ ਇਹ ਧਾਰਨਾ ਮੈਨੂੰ ਪ੍ਰਵਾਨ ਨਹੀਂ ਸੀ ਕਿ ਘਰੇਲੂ ਹਿੰਸਾ ਸਿਰਫ਼ 'ਹੇਠਲੇ ਤਬਕਿਆਂ' ਦਾ ਰੋਗ ਹੈ।

ਘਰੇਲੂ ਹਿੰਸਾ ਦਰਅਸਲ, ਹਿੰਸਾ ਦਾ ਸਭ ਤੋਂ ਵੱਧ ਫੈਲਿਆ ਹੋਇਆ, ਪਰ ਓਨਾ ਹੀ ਵੱਧ ਲੁਕਾ ਕੇ ਰੱਖਿਆ ਜਾਣ ਵਾਲਾ ਰੂਪ ਹੈ। ਆਮ ਧਾਰਨਾ ਤੋਂ ਉਲਟ, ਇਹ ਨਾ ਤਾਂ ਕੁਝ ਖ਼ਾਸ ਤਬਕਿਆਂ ਤਕ ਸੀਮਤ ਹੈ ਤੇ ਨਾ ਹੀ ਇਸਨੂੰ ਸਿਰਫ਼ ਸਰੀਰਕ ਤੌਰ 'ਤੇ ਹੱਥ ਚੁੱਕਣ ਤਕ ਸੀਮਤ ਸਮਝਿਆ ਜਾਣਾ ਚਾਹੀਦਾ ਹੈ। ਸਰੀਰਕ ਹਮਲਿਆਂ ਅਤੇ ਮਾਨਸਿਕ ਤਸ਼ੱਦਦ ਤੋਂ ਲੈ ਕੇ ਕਾਮੁਕ ਹਿੰਸਾ ਤਕ ਘਰੇਲੂ ਹਿੰਸਾ ਕਈ ਰੂਪ ਧਾਰਨ ਕਰਦੀ ਹੈ। ਪਤਨੀ, ਭੈਣ, ਬੇਟੀ ਜਾਂ ਮਾਂ ਉੱਪਰ ਤਕ ਵੀ ਹੱਥ ਚੁੱਕਣ ਵਾਲਾ ਆਦਮੀ ਡਾਕਟਰ, ਵਕੀਲ, ਲੇਖਕ ਜਾਂ ਪੱਤਰਕਾਰ ਵੀ ਹੋ ਸਕਦਾ ਹੈ; ਉਸਦਾ ਅਨਪੜ੍ਹ, ਮਜ਼ਦੂਰ ਜਾਂ ਪੇਂਡੂ ਹੋਣਾ ਜ਼ਰੂਰੀ ਨਹੀਂ। ਸ਼ਾਇਦ ਇਹੋ ਕਾਰਨ ਹੈ ਕਿ ਤਕਰੀਬਨ ਹਰ ਤੀਜੇ ਭਾਰਤੀ ਘਰ ਵਿਚ ਵਾਪਰਨ ਵਾਲੇ ਇਸ ਵਰਤਾਰੇ ਨੂੰ ਜ਼ਿਕਰਯੋਗ ਹੀ ਨਹੀਂ ਸਮਝਿਆ ਜਾਂਦਾ। ਮੇਰੀ ਜਾਚੇ ਇਸ ਵਰਤਾਰੇ ਨੂੰ ਅਣਗੌਲਿਆ ਇਸ ਲਈ ਵੀ ਰਹਿਣ ਦਿੱਤਾ ਜਾਂਦਾ ਹੈ ਕਿ ਇਸ ਜ਼ਿਕਰ ਵਿਚੋਂ ਬਹੁਤ ਸਾਰੇ ਭੱਦਰ-ਪੁਰਸ਼ਾਂ ਨੂੰ ਕਿਸੇ ਨਾ ਕਿਸੇ ਵੇਲੇ ਖ਼ੁਦ ਇਹੋ ਜਿਹੀ ਕੀਤੀ ਕਰਤੂਤ ਦੇ ਝਾਉਲੇ ਪੈਂਦੇ ਦਿਸਦੇ ਤੇ ਬੇਆਰਾਮ ਕਰਨ ਲੱਗ ਪੈਂਦੇ ਹਨ।

ਕੇਂਦਰੀ ਪਰਿਵਾਰ ਸਿਹਤ ਸਰਵੇਖਣ -3 ਵੱਲੋਂ ਨਸ਼ਰ ਕੀਤੇ ਗਏ ਅੰਕੜਿਆਂ ਮੁਤਾਬਕ ਭਾਰਤ ਵਿਚ 37.2 ਔਰਤਾਂ ਕਿਸੇ ਨਾ ਕਿਸੇ ਸਮੇਂ ਆਪਣੇ ਪਤੀ ਹੱਥੋਂ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ (ਸ਼ਹਿਰਾਂ ਵਿਚ 30 ਤੋਂ ਵੱਧ ਪ੍ਰਤੀਸ਼ਤ, ਪੇਂਡੂ ਇਲਾਕਿਆਂ ਵਿਚ 40 ਤੋਂ ਵੱਧ ਪ੍ਰਤੀਸ਼ਤ)। ਸੋ, ਇਹ ਸੋਚ ਲੈਣਾ ਕਿ ਇਹੋ ਜਿਹੀਆਂ ਘਟਨਾਵਾਂ ਸਿਰਫ਼ 'ਮਾੜੇ' ਜਾਂ 'ਜਾਹਲ' ਘਰਾਂ ਵਿਚ ਵਾਪਰਦੀਆਂ ਹਨ ਜਾਂ ਤਾਂ ਨਿਰੋਲ ਅਗਿਆਨਤਾ ਵਿਚੋਂ ਉਪਜੀ ਖੁਸ਼ਫ਼ਹਿਮੀ ਹੈ ਤੇ ਜਾਂ ਫੇਰ ਜਾਣ ਬੁੱਝ ਕੇ ਡਿੱਠ ਨੂੰ ਅਣਡਿੱਠ ਕਰਨ ਦੀ ਮਿੱਥੀ ਹੋਈ ਮਰਦਾਨਾ ਸਾਜ਼ਿਸ਼।

ਸਭ ਤੋਂ ਵੱਧ ਦੁੱਖ ਅਤੇ ਨਮੋਸ਼ੀ ਦੀ ਗੱਲ ਇਹ ਹੈ ਕਿ ਇਹੋ ਜਿਹੇ ਕਾਰੇ ਕਰਨ ਵਾਲਿਆਂ ਵਿਚ ਉਹ ਲੋਕ ਵੀ ਸ਼ਾਮਲ ਹਨ ਜੋ ਜ਼ਾਹਰਾ ਤੌਰ 'ਤੇ ਔਰਤ ਦੀ ਬਰਾਬਰੀ, ਉਸਦੇ ਹੱਕਾਂ ਬਾਰੇ ਨਾਅਰੇ ਮਾਰਨ ਵਿਚ ਕੋਈ ਕਸਰ ਨਹੀਂ ਛੱਡਦੇ। ਪਰ ਅੰਦਰੋਂ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਘਰ ਦੀ ਔਰਤ ਉਨ੍ਹਾਂ ਦੀਆਂ ਸਿਰਜੀਆਂ ਸੀਮਾਵਾਂ ਅੰਦਰ ਹੀ ਵਿਚਰੇ। ਔਰਤ ਉੱਤੇ ਹਿੰਸਾ ਦਾ ਮੂਲ ਕਾਰਨ ਹੀ ਮਰਦ ਮਾਨਸਿਕਤਾ ਵਿਚ ਕਬਜ਼ੇ ਅਤੇ ਲਾਲਸਾ ਦਾ ਇਕ ਅਜੀਬ ਘਚੋਲਾ ਹੈ: ਮਰਦ ਆਪਣੇ ਘਰ ਦੀ ਔਰਤ (ਮਾਂ, ਭੈਣ, ਪਤਨੀ, ਬੇਟੀ) ਨੂੰ ਇਕ 'ਆਦਰਸ਼' ਚੌਖਟੇ ਅੰਦਰ ਬੱਝੀ ਦੇਖਣਾ ਚਾਹੁੰਦਾ ਹੈ, ਪਰ ਬਾਹਰ ਦੀ ਔਰਤ ਉਸਦੀ ਲਾਲਸਾ ਨੂੰ ਲੁਭਾਉਂਦੀ-ਉਕਸਾਉਂਦੀ ਹੈ। ਇਹੋ ਘਚੋਲਾ ਉਸ ਮਰਦ-ਮਾਨਸਿਕਤਾ ਦੀ ਸਿਰਜਣਾ ਕਰਦਾ ਹੈ ਜੋ ਆਪਣੀ ਧੀ-ਭੈਣ ਨੂੰ ਕੱਜਿਆ ਢਕਿਆ ਰੱਖਣਾ ਤੇ ਦੇਖਣਾ ਚਾਹੁੰਦੀ ਹੈ, ਪਰ ਕਿਸੇ ਵੀ ਹੋਰ ਔਰਤ ਨੂੰ ਮਨ ਹੀ ਮਨ ਨੰਗਿਆਂ ਕਰਦੀ ਰਹਿੰਦੀ ਹੈ।

ਇਹ ਮਾਨਸਿਕਤਾ ਰੋਜ਼ਾਨਾ ਜ਼ਿੰਦਗੀ ਵਿਚ ਕਈ ਰੂਪਾਂ ਵਿਚ ਆਪਣਾ ਫਨ ਫੈਲਾਉਂਦੀ ਹੈ। ਘਰ ਵਿਚ ਇਹੋ ਜਿਹਾ ਮਰਦ ਆਪਣੇ ਪਰਿਵਾਰ ਦੀਆਂ ਔਰਤਾਂ ਲਈ ਵੱਧ ਤੋਂ ਵੱਧ ਕਸਵਾਂ ਮਾਹੌਲ ਬਣਾਉਂਦਾ ਹੈ, ਉਨ੍ਹਾਂ ਦੇ ਸੁਤੰਤਰ ਸੋਚਣ-ਵਿਚਰਨ ਉੱਤੇ ਪਾਬੰਦੀਆਂ ਲਾਉਂਦਾ ਹੈ। ਉਹ ਕਿਹੜੇ ਫ਼ੈਸਲੇ ਆਪ ਲੈ ਸਕਦੀਆਂ ਹਨ ਜਾਂ ਉਨ੍ਹਾਂ ਕੋਲ ਕੋਈ ਵੀ ਫ਼ੈਸਲਾ ਲੈਣ ਦਾ ਅਧਿਕਾਰ ਹੈ ਵੀ ਜਾਂ ਨਹੀਂ, ਇਸ ਬਾਰੇ ਖ਼ੁਦ ਫ਼ੈਸਲਾ ਕਰਦਾ ਹੈ। ਇਹੋ ਜਿਹੀ ਮਾਨਸਿਕਤਾ ਇਕ ਖ਼ਾਸ ਪੜਾਅ 'ਤੇ ਪਹੁੰਚ ਕੇ ਘਰੇਲੂ ਹਿੰਸਾ ਦਾ ਰੂਪ ਧਾਰਨ ਕਰਦੀ ਹੈ ਜਿਸਦਾ ਇਕ ਸਿਰਾ ਘਰ ਦੀ ਔਰਤ ਨੂੰ ਮਾਰੀ ਗਈ ਚਪੇੜ ਹੋ ਸਕਦੀ ਹੈ ਤੇ ਦੂਜਾ ਸਿਰਾ ਕਤਲ ਤਕ ਦੀ ਨੌਬਤ 'ਤੇ ਪਹੁੰਚ ਸਕਦਾ ਹੈ। ਜਾਤ ਤੋਂ ਬਾਹਰ ਵਿਆਹ ਕਰਨ ਵਾਲੀ ਔਰਤ ਨੂੰ ਮਾਰ ਮੁਕਾਇਆ ਜਾਂਦਾ ਹੈ। ਪਰ ਕੀ ਤੁਸੀਂ ਕਦੇ ਸੁਣਿਆ ਹੈ ਕਿ ਕਿਸੇ ਪਰਿਵਾਰ ਨੇ ਜਾਤ ਤੋਂ ਬਾਹਰ ਵਿਆਹ ਕਰਾਉਣ ਵਾਲੇ ਆਪਣੇ ਪੁੱਤਰ ਨੂੰ ਮਾਰ ਮੁਕਾਇਆ ਹੋਵੇ?

ਮੇਰੇ ਉਪਰੋਕਤ ਸਵਾਲ ਵਿਚ ਘਰੇਲੂ ਹਿੰਸਾ ਬਾਰੇ ਇਕ ਅਹਿਮ ਨੁਕਤਾ ਵੀ ਲੁਕਿਆ ਹੋਇਆ ਹੈ। ਇਹ ਸੰਭਵ ਹੈ ਕਿ ਕਿਸੇ ਸਮੇਂ ਘਰੇਲੂ ਝਗੜੇ ਵਿਚ ਦੋ-ਚਾਰ ਮਰਦ ਨੂੰ ਵੀ ਪੈ ਗਈਆਂ ਹੋਣ ਤੇ ਇਹ ਵੀ ਸੰਭਵ ਹੈ ਕਿ ਕੋਈ ਇੱਕਾ ਦੁੱਕਾ ਮਰਦ ਨਿਮਾਣਾ ਘਰ ਵਿਚ ਤਸ਼ੱਦਦ ਦਾ ਸ਼ਿਕਾਰ ਹੁੰਦਾ ਰਿਹਾ ਹੋਵੇ; ਪਰ ਉਹ ਹਿੰਸਾ, ਔਰਤ 'ਤੇ ਹੋਣ ਵਾਲੀ ਹਿੰਸਾ ਨਾਲੋਂ ਮੂਲੋਂ ਵੱਖਰੀ ਹੁੰਦੀ ਹੈ। ਔਰਤ 'ਤੇ ਹੋਣ ਵਾਲੀ ਹਿੰਸਾ ਜੇ ਹਮੇਸ਼ਾਂ ਨਹੀਂ ਤਾਂ ਬਹੁਤੀ ਵਾਰ ਉਸਦੇ ਔਰਤ-ਜ਼ਾਤ ਹੋਣ ਨਾਲ ਜੁੜੀ ਹੁੰਦੀ ਹੈ, ਪਰ ਮਰਦ ਨਾਲ ਹੋਈ ਹਿੰਸਾ ਕਦੇ ਵੀ ਸਿਰਫ਼ ਇਸ ਕਾਰਨ ਨਹੀਂ ਹੁੰਦੀ ਕਿਉਂਕਿ ਉਹ ਮਰਦ-ਜ਼ਾਤ ਹੈ। ਏਸੇ ਕਾਰਨ ਟੱਬਰ ਆਪਣੇ ਜਾਤੋਂ ਬਾਹਰ ਵਿਆਹ ਕਰਨ ਵਾਲੇ ਪੁੱਤਰਾਂ ਨੂੰ ਨਹੀਂ ਮਾਰਦੇ, ਇਸ ਹਿਮਾਕਤ ਲਈ ਸਿਰਫ਼ ਧੀਆਂ-ਭੈਣਾਂ ਹੀ ਕਤਲ ਕੀਤੀਆਂ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨੇ ਉਹ ਹੱਦਾਂ ਤੋੜਨ ਦੀ ਕੋਸ਼ਿਸ਼ ਕੀਤੀ ਜੋ ਘਰKਸਮਾਜ ਦੀ ਮਰਦ ਮਾਨਸਿਕਤਾ ਨੇ ਤੈਅ ਕੀਤੀਆਂ ਹੋਈਆਂ ਸਨ। ਅਜਿਹੇ ਕਤਲਾਂ ਨੂੰ ਅਣਖ ਖਾਤਰ ਕਤਲ ਕਿਹਾ ਜਾਂਦਾ ਹੈ, ਪਰ ਇਹ ਖਿਆਲ ਸ਼ਾਇਦ ਕਦੇ ਸੁਹਿਰਦ ਲੋਕਾਂ ਨੂੰ ਵੀ ਨਹੀਂ ਆਉਂਦਾ ਕਿ ਕਤਲ ਵਰਗੀ ਹਿੰਸਾਤਮਕ ਵਾਪਰਨੀ ਨਾਲ ਅਣਖ ਵਰਗਾ ਹਾਂ-ਪੱਖੀ ਵਿਸ਼ੇਸ਼ਣ ਕਿਉਂ ਜੋੜ ਦਿੱਤਾ ਗਿਆ ਹੈ। ਵਰ੍ਹਿਆਂ ਨਹੀਂ, ਸਦੀਆਂ ਤੋਂ ਤੁਰੀ ਆਉਂਦੀ ਮਰਦ-ਪੱਖੀ ਮਾਨਸਿਕਤਾ ਨੇ ਔਰਤ ਪ੍ਰਤੀ ਸਾਡੀ ਸੰਵੇਦਨਸ਼ੀਲਤਾ ਨੂੰ ਏਨਾ ਖੁੰਡਾ ਕਰ ਦਿੱਤਾ ਹੈ ਕਿ ਮਰਦ ਹੀ ਨਹੀਂ, ਖ਼ੁਦ ਔਰਤਾਂ ਵੀ ਏਸੇ ਮਰਜ਼ ਦਾ ਸ਼ਿਕਾਰ ਲੱਭਦੀਆਂ ਹਨ। ਸਮਾਜ ਸ਼ਾਸਤਰੀ ਹੁਣ ਔਰਤਾਂ ਵਿਰੁੱਧ ਹਿੰਸਾ ਨੂੰ ਲਿੰਗ-ਆਧਾਰਿਤ ਹਿੰਸਾ ਵੀ ਗਰਦਾਨਦੇ ਹਨ। ਮਾਨਸਿਕ ਤਸ਼ੱਦਦ, ਸਰੀਰਕ ਸ਼ੋਸ਼ਣ ਅਤੇ ਬਲਾਤਕਾਰ ਸਭ ਇਸੇ ਲਿੰਗ-ਆਧਾਰਿਤ ਹਿੰਸਾ ਦੇ ਅੱਡੋ-ਅੱਡ ਰੂਪ ਹਨ ਜੋ ਘਰ ਦੇ ਅੰਦਰ ਵੀ ਵਾਪਰਦੇ ਹਨ। ਦੁਨੀਆਂ ਭਰ ਵਿਚ ਕਰਾਏ ਗਏ 50 ਸਰਵੇਖਣਾਂ ਦੇ ਆਧਾਰ 'ਤੇ ਹੋਏ ਇਕ ਅਧਿਐਨ ਅਨੁਸਾਰ ਹਰ ਤੀਜੀ ਔਰਤ ਆਪਣੇ ਜੀਵਨ ਕਾਲ ਵਿਚ ਕਿਸੇ ਨਾ ਕਿਸੇ ਸਮੇਂ ਕੁੱਟ-ਮਾਰ ਜਾਂ ਕਾਮੁਕ ਸ਼ੋਸ਼ਣ (ਉਸਦੀ ਰਜ਼ਾਮੰਦੀ ਦੇ ਬਿਨਾਂ ਸੈਕਸ) ਦਾ ਸ਼ਿਕਾਰ ਹੁੰਦੀ ਹੈ। ਬਹੁਤੀ ਵਾਰ, ਅਜਿਹਾ ਕਾਰਾ ਕਰਨ ਵਾਲਾ ਉਸਦੇ ਆਪਣੇ ਹੀ ਪਰਿਵਾਰ ਦਾ ਕੋਈ ਮੈਂਬਰ ਜਾਂ ਜਾਣੂੰ ਹੁੰਦਾ ਹੈ। ਉਂਜ, ਇਸ ਤੱਥ ਨੂੰ ਸਰਵੇਖਣਾਂ ਰਾਹੀਂ ਸਿੱਧ ਕਰਨ ਦੀ ਮੈਨੂੰ ਕੋਈ ਬਹੁਤੀ ਲੋੜ ਨਹੀਂ ਭਾਸਦੀ। ਇਹ ਸਤਰਾਂ ਪੜ੍ਹਦਿਆਂ ਕਿੰਨੀਆਂ ਕੁ ਔਰਤ-ਪਾਠਕਾਂ ਨੂੰ ਕੋਈ ਕੁਹਜੀ ਯਾਦ ਬੇਆਰਾਮ ਕਰ ਜਾਵੇਗੀ ਤੇ ਕਿੰਨੇ ਕੁ ਮਰਦ ਪਾਠਕ ਆਪਣੇ ਹੀ ਝਾਉਲੇ ਇਨ੍ਹਾਂ ਸਤਰਾਂ ਵਿਚ ਲੱਭ ਸਕਣਗੇ, ਇਸਦੀ ਅੰਦਰੂਨੀ ਸੋਝੀ ਬਿਨਾਂ ਰਸਮੀ ਸਰਵੇਖਣਾਂ ਦੇ, ਨਿਰਾ ਕਹੇ-ਸੁਣੇ ਦੇ ਆਧਾਰ 'ਤੇ ਸਿਰਫ਼ ਮੇਰੇ ਅੰਦਰ ਹੀ ਨਹੀਂ ਬਹੁਤੇ ਪਾਠਕਾਂ ਕੋਲ ਵੀ ਪਹਿਲਾਂ ਹੀ ਮੌਜੂਦ ਹੈ। ਸਿਰਫ਼ ਇਹੋ ਜਿਹੇ ਮਸਲਿਆਂ ਨੂੰ ਸਾਡੇ ਸਮਾਜ ਵਿਚ ਕਦੇ ਨਿੱਠ ਕੇ ਵਿਚਾਰਿਆ ਨਹੀਂ ਜਾਂਦਾ।

ਕੁਝ ਸਾਲ ਹੋਏ 'ਬਿਟਰ (ਕੌੜਾ) ਚਾਕਲੇਟ' ਦੇ ਨਾਂ ਹੇਠ ਪੱਤਰਕਾਰ-ਲੇਖਕ ਪਿੰਕੀ ਵਿਰਾਨੀ ਦੀ ਅੰਗਰੇਜ਼ੀ ਵਿਚ ਇਕ ਕਿਤਾਬ ਛਪੀ ਸੀ, ਜੋ ਬੱਚਿਆਂ ਦੇ ਘਰਾਂ ਅੰਦਰ ਹੁੰਦੇ ਕਾਮੁਕ ਸ਼ੋਸ਼ਣ ਦਾ ਕੰਬਾਊ ਚਿੱਤਰ ਪੇਸ਼ ਕਰਦੀ ਹੈ ਅਤੇ ਇਸ ਧਾਰਨਾ ਨੂੰ ਵਗਾਹ ਮਾਰਦੀ ਹੈ ਕਿ ਇਹੋ ਜਿਹੇ 'ਕਾਰੇ' ਸਿਰਫ਼ ਹੇਠਲੇ ਤਬਕਿਆਂ ਵਿਚ ਹੀ ਹੁੰਦੇ ਹਨ। ਦਰਅਸਲ, ਬੱਚੀ ਜਾਂ ਕਿਸ਼ੋਰ ਅਵਸਥਾ ਵਾਲੀ ਕੁੜੀ ਦੀ ਕਾਮੁਕ ਵਰਤੋਂ ਕਰਨ ਵਾਲਾ ਆਮ ਤੌਰ 'ਤੇ ਉਸਦਾ ਆਪਣਾ ਹੀ ਕੋਈ 'ਅੰਕਲ' ਜਾਂ ਨੇੜਲਾ ਰਿਸ਼ਤੇਦਾਰ ਹੁੰਦਾ ਹੈ।

ਇਹ ਵੀ ਘਰ ਦੀ ਚਾਰਦੀਵਾਰੀ ਵਿਚ ਵਾਪਰਦੀ ਹਿੰਸਾ ਦਾ ਇਕ ਹੋਰ ਕੁਹਜਾ ਰੂਪ ਹੈ। ਪਿੰਕੀ ਵਿਰਾਨੀ ਦੀ ਤੱਥਾਂ 'ਤੇ ਆਧਾਰਿਤ ਇਹ ਪੁਸਤਕ ਸਿੱਧ ਕਰਦੀ ਹੈ ਕਿ ਇਹੋ ਜਿਹੀਆਂ ਘਟਨਾਵਾਂ ਕੋਈ ਅਪਵਾਦ ਨਹੀਂ, ਬਲਕਿ ਹਰ ਸਮਾਜੀ ਤਬਕੇ ਵਿਚ ਅਤੇ ਹਰ ਸਮੇਂ ਵਾਪਰਦੀਆਂ ਹਨ।

# ਸੁਪਨਿਆਂ ਦਾ ਮਨੋਵਿਗਿਆਨ : ਸਿਨੇਮਾ ਸੰਦਰਭ



ਡਾ ਨਿਸ਼ਾਨ ਸਿੰਘ
91-75892- 33437

ਮਨੋਵਿਗਿਆਨ ਵਿਚ ਕਿਹਾ ਜਾਂਦਾ ਹੈ ਕਿ ਕਥਾ-ਕਹਾਣੀਆਂ ਮਨੁੱਖੀ ਮਨ ਦੀਆਂ ਉਹ ਅਧੂਰੀਆਂ ਇੱਛਾਵਾਂ ਹੁੰਦੀਆਂ ਹਨ ਜਿਹੜੀਆਂ ਕਿ ਅਸਲ ਜੀਵਨ 'ਚ ਕਦੇ ਪੂਰੀਆਂ ਨਹੀਂ ਹੋਈਆਂ ਹੁੰਦੀਆਂ। ਸ਼ਾਇਰ/ ਲੇਖਕ/ ਕਲਮਕਾਰ ਇਹਨਾਂ ਅਧੂਰੀਆਂ ਇੱਛਾਵਾਂ ਨੂੰ ਆਪਣੀਆਂ ਲਿਖਤਾਂ/ ਰਚਨਾਵਾਂ ਵਿਚ ਪੂਰਾ ਕਰਦੇ ਹਨ। ਸਮੁੱਚਾ ਸਾਹਿਤ ਜਗਤ ਇਸੇ ਮਨੋਵਿਗਿਆਨਕ ਸਿਧਾਂਤ ਅਧੀਨ ਸਿਰਜਣਾK ਰਚਨਾ ਕਰਦਾ ਹੈ। ਹਾਂ, ਇਤਿਹਾਸਕ ਪਾਤਰਾਂ ਵੇਲੇ ਕੁਝ ਛੋਟ ਕਹੀ ਜਾ ਸਕਦੀ ਹੈ ਕਿਉਂਕਿ ਇਤਿਹਾਸਕ ਪਾਤਰਾਂK ਹਵਾਲਿਆਂ ਨਾਲ ਛੇੜਛਾੜ ਲਿਖਤ ਨੂੰ ਅਰਥਹੀਣ ਕਰ ਦਿੰਦੀ ਹੈ। ਪਰੰਤੂ ਜਦੋਂ ਅਸੀਂ ਇਸ ਵਿਧਾ ਦਾ ਗਹਿਰਾਈ ਨਾਲ ਅਧਿਐਨ ਕਰਦੇ ਹਾਂ ਤਾਂ ਇਹ ਵਿਧਾ ਵਿਚ ਕੁਝ ਹੱਦ ਤੀਕ ਕਲਪਣਾ ਦੇ ਘੇਰੇ ਵਿਚ ਆ ਜਾਂਦੀ ਹੈ।

ਪ੍ਰਸਿੱਧ ਮਨੋਵਿਗਿਆਨੀ ਸਿਗਮੰਡ ਫ੍ਰਾਇਡ ਨੇ ਸੁਪਨਿਆਂ ਦੇ ਮਨੋਵਿਗਿਆਨ ਅਤੇ ਸਿਧਾਂਤਾਂ ਬਾਰੇ ਬਹੁਤ ਖੁੱਲ ਕੇ ਲਿਖਿਆ ਹੈ। ਉਸਦਾ ਮੰਨਣਾ ਹੈ ਕਿ ਸੁਪਨੇ ਸਾਡੀਆਂ ਗਹਿਰੀਆਂ ਚਿੰਤਾਵਾਂ ਅਤੇ ਇੱਛਾਵਾਂ ਦੀ ਦਿੱਸਦੀ/ ਪ੍ਰਤੱਖ ਪ੍ਰਤੀਕ੍ਰਿਆ ਹੈ; ਜਿਹੜੀ ਬਚਪਨ, ਜਨੂੰਨ ਜਾਂ ਯਾਦਾਂ ਨਾਲ ਸੰਬੰਧ ਰੱਖਦੀ ਹੈ।

ਜਿੱਥੋਂ ਤੱਕ ਪੰਜਾਬੀ ਲੋਕਧਾਰਾ ਦੀ ਗੱਲ ਹੈ ਤਾਂ ਇਸ ਵਿਧਾ ਵਿਚ ਵੀ ਮਨੁੱਖੀ ਮਨ ਦੇ ਮਿਲਾਪ, ਵਿਛੋੜੇ ਨੂੰ ਸੁਪਨੇ ਦੇ ਮਾਧਿਅਮ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸੁਪਨੇ ਅੰਦਰ ਪ੍ਰੀਤਮK ਪਿਆਰਾ ਮਿਲ ਜਾਂਦਾ ਹੈ ਅਤੇ ਅੱਖ ਖੁੱਲਣ ਮਗਰੋਂ ਇਹ ਮਿਲਾਪ ਮੁੱਕ ਜਾਂਦਾ ਹੈ;

'ਸੁਪਨਿਆਂ ਤੂੰ ਸੁਲਤਾਨ ਹੈ ਉੱਤਮ ਤੇਰੀ ਜਾਤ
ਸੌ ਵਰ੍ਹਿਆਂ ਦੇ ਵਿੱਛੜੇ ਆਣ ਮਿਲਾਵੇ ਰਾਤ।' (ਲੋਕ ਤੱਥ)

ਗੁਰਮਤਿ ਕਾਵਿ ਦੀ ਗੱਲ ਕਰਦਿਆਂ ਵੀ ਇਹ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਵੱਲੋਂ ਸੁਪਨਿਆਂ ਅੰਦਰ ਜਿਉਂਦੇ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਅਸਲ ਜੀਵਨ ਵਿਚ ਆਪਣਾ ਜੀਵਨ ਬਤੀਤ ਕਰੇ। ਗੁਰਬਾਣੀ ਅੰਦਰ ਸੁਪਨਿਆਂ ਦੇ ਸੰਸਾਰ ਬਾਰੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਵਿਸ਼ੇਸ਼ ਤੌਰ 'ਤੇ ਵਾਚਿਆ ਜਾ ਸਕਦਾ ਹੈK ਪੜ੍ਹਿਆ ਜਾ ਸਕਦਾ ਹੈ;

'ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥' (ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1427)

ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਸਮੁੱਚੇ ਮਨੁੱਖੀ ਜੀਵਨ ਨੂੰ ਹੀ ਸੁਪਨੇ ਦੀ ਨਿਆਈਂ ਪੇਸ਼ ਕੀਤਾ ਗਿਆ ਹੈ। ਮਨੁੱਖ ਦਾ ਸਰੀਰ ਨਾਸ਼ਮਾਨ ਹੈ ਅਤੇ ਇਹ ਜੀਵਨ ਸੁਪਨੇ ਦੇ ਵਾਂਗਰਾਂ ਕੁਝ ਸਮੇਂ ਦਾ ਭੁਲੇਖਾ ਹੈ। ਇਸ ਸੱਚਾਈ ਨੂੰ ਪੇਸ਼ ਕਰਦਿਆਂ ਗੁਰੂ ਸਾਹਿਬ ਨੇ ਮਨੁੱਖ ਨੂੰ ਚੰਗੇ ਕਰਮਾਂ ਲਈ ਪ੍ਰੇਰਿਤ ਕੀਤਾ ਹੈ;

'ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥'
(ਗੁਰੂ ਗ੍ਰੰਥ ਸਾਹਿਬ ਜੀ, ਪੰਨਾ-219)

ਪੰਜਾਬੀ ਸਾਹਿਤ ਵਿਚ ਸੁਪਨਿਆਂ ਬਾਰੇ ਬਹੁਤ ਸਾਰੀਆਂ ਕਵਿਤਾਵਾਂK ਰਚਨਾਵਾਂ ਪੜ੍ਹੀਆਂ ਜਾ ਸਕਦੀਆਂ ਹਨ। ਇਹ ਰਚਨਾਵਾਂ ਮਨੁੱਖੀ ਮਨ ਦੀਆਂ ਇੱਛਾਵਾਂ ਨੂੰ ਬਿਆਨ ਕਰਦੀਆਂ ਹਨ ਜਿਹੜੀਆਂ ਸੁਪਨਿਆਂ ਅੰਦਰ ਪੂਰੀਆਂ ਹੁੰਦੀਆਂ ਹਨ;

'ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ
ਅਸਾਂ ਧਾ ਗਲਵੱਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।' (ਭਾਈ ਵੀਰ ਸਿੰਘ)

ਇਤਿਹਾਸਕ ਪ੍ਰਸੰਗ ਦੀ ਗੱਲ ਕਰਦਿਆਂ ਬਹੁਤ ਸਾਰੇ ਇਤਿਹਾਸਕਾਰ ਕਲਪਣਾ ਦੇ ਆਵੇਸ਼ ਵਿਚ ਆ ਜਾਂਦੇ ਹਨ। ਇਸ ਵਿਧਾ ਵਿਚ ਦੂਜਾ ਪੱਖ ਇਹ ਵੀ ਕਿਹਾ ਜਾਂਦਾ ਹੈ ਕਿ ਆਪਣੇ ਇਸ਼ਟK ਦੇਵਤਾ ਨੂੰ ਦੂਜਿਆਂ ਧਰਮਾਂ ਦੇ ਇਸ਼ਟਾਂK ਦੇਵਤਿਆਂ ਦੇ ਬਰਾਬਰ ਖੜਾ ਕਰਨ ਲਈ ਕਈ ਵਾਰ ਕਲਪਣਾ ਨੂੰ ਸ਼ਬਦੀਜ਼ਾਮਾ ਪਹਿਨਾ ਦਿੱਤਾ ਜਾਂਦਾ ਹੈ। ਇਸੇ ਲਈ ਮਨੁੱਖ ਵੀ ਸੁਪਨਿਆਂ 'ਚ ਵਧੇਰੇ ਖੁਸ਼ ਰਹਿੰਦਾ ਹੈK ਆਨੰਦ ਮਹਿ-ਸੂਸ ਕਰਦਾ ਹੈ;



'ਸੁਪਨੇ ਹਰ ਬੱਚਾ, ਬੁੱਢਾ ਤੇ ਜਵਾਨ ਦੇਖਦਾ ਹੈ। ਬੱਚੇ ਜਿਹੜੇ ਦਿਨਾਂ ਜਾਂ ਮਹੀਨਿਆਂ ਦੇ ਹੁੰਦੇ ਹਨ, ਉਹ ਵੀ ਕਈ ਵਾਰ ਸੁੱਤੇ ਪਏ ਮੁਸਕਰਾਉਂਦੇ ਦਿਸਦੇ ਹਨ। ਬੱਚਾ ਕਦੇ ਬੁੱਲ੍ਹ ਗੋਲ ਕਰ ਕੇ ਮਚਾਕੇ ਮਾਰਦਾ ਹੈ ਜਿਵੇਂ ਦੁੱਧ ਚੁੰਘ ਰਿਹਾ ਹੋਵੇ। ਕਦੀ ਅੱਖਾਂ ਕੱਠੀਆਂ ਕਰ ਕੇ ਅਤੇ ਬੁੱਲ੍ਹ ਲਟਕਾ ਕੇ ਰੋਣ ਵਾਲੀ ਸੂਰਤ ਬਣਾਉਂਦਾ ਹੈ। ਲਗਦਾ ਹੈ ਜਿਵੇਂ ਬੱਚਾ ਸੁਪਨੇ ਵਿਚ ਰੋਂਦਾ, ਹੱਸਦਾ ਜਾਂ ਦੁੱਧ ਚੁੰਘਦਾ ਹੋਵੇ।' (ਕਿਰਪਾਲ ਕੌਰ, (ਲੇਖ), ਸੁਪਨਿਆਂ ਦਾ ਸੰਸਾਰ, ਪ੍ਰਕਾਸ਼ਨ ਮਿਤੀ- 25 ਮਈ 2016) ਅਲ੍ਹਾਦੀਨ ਦਾ ਚਿਰਾਗ਼, ਰੱਬ ਦੇ ਤਿੰਨ ਵਰਦਾਨ, ਦੱਬਿਆ ਖ਼ਜ਼ਾਨਾ ਅਤੇ ਜਾਦੂਈ ਮੁੰਦਰੀ ਆਦਿਕ ਮਨੋਕਲਪਿਤ ਕਹਾਣੀਆਂ; ਇਹਨਾਂ ਸੁਪਨਿਆਂ ਦੇ ਨਤੀਜੇ ਵੱਜੋਂ ਹੋਂਦ ਵਿਚ ਆਈਆਂ ਹਨ। ਸ਼ੇਖਚਿੱਲੀ ਦੀਆਂ ਕਹਾਣੀਆਂ ਨੂੰ ਬਹੁਤ ਸਾਰੇ ਲੋਕ ਅੱਜ ਵੀ ਦਿਲਚਸਪੀ ਨਾਲ ਪੜ੍ਹਦੇ ਵੇਖੇ ਜਾ ਸਕਦੇ ਹਨ ਕਿਉਂਕਿ ਉਹ ਦਿਨ ਵਿਚ ਹੀ ਸੁਪਨੇ ਵੇਖਦਾ ਸੀK ਸੁਪਨਿਆਂ ਵਿਚ ਜਿਉਂਦਾ ਸੀ; ਹਾਲਾਂਕਿ ਉਹ ਖ਼ੁਦ ਕਲਪਣਾ ਦੀ ਉਪਜ ਹੈ। ਅਜਿਹਾ ਕੋਈ ਪਾਤਰ ਇਤਿਹਾਸ ਵਿਚ ਨਹੀਂ ਹੋਇਆ। ਪਰ! ਸੁਪਨਿਆਂ ਵਿਚ ਜਿਉਂਦੇ ਲੋਕਾਂ ਨੇ ਆਪਣੇ ਸੁਪਨਿਆਂ ਲਈ ਇੱਕ ਹੋਰ ਸੁਪਨਾ (ਸ਼ੇਖਚਿੱਲੀ) ਘੜ ਲਿਆ।

ਖ਼ੈਰ! ਉਪਰੋਕਤ ਕਹਾਣੀਆਂK ਵਿਸ਼ਵਾਸਾਂ ਦਾ ਮੂਲ ਕਾਰਣ ਮਨੁੱਖ ਦਾ ਸੁਪਨਿਆਂ ਵਿਚ ਜਿਉਣਾ ਹੁੰਦਾ ਹੈ। ਮਨੁੱਖ ਦੇ ਮਨ ਨੂੰ ਪੜ੍ਹਣ ਵਾਲੇ ਸਮੁੱਚੇ ਵਿਸ਼ਿਆਂ ਨੂੰ ਮਨੋਵਿਗਿਆਨਕ ਖ਼ੇਤਰ ਦੇ ਅਧੀਨ ਮੰਨਿਆ ਜਾਂਦਾ ਹੈ। ਇਹ ਖ਼ੇਤਰ ਮਨੁੱਖ ਦੇ ਜੀਵਨ ਵਿਚ ਵਿਸ਼ਾਲ ਅਤੇ ਗਹਿਰਾ ਅਸਰ ਰੱਖਦਾ ਹੈ। ਉਂਝ ਇਹ ਲਾਜ਼ਮੀ ਵੀ ਨਹੀਂ ਕਿ ਮਨੋਵਿਗਿਆਨ ਅੰਦਰ ਬਿਲਕੁਲ 100% ਸਟੀਕ ਨਤੀਜੇ ਪ੍ਰਾਪਤ ਕੀਤੇ ਜਾ ਸਕਣ ਪਰੰਤੂ ਫੇਰ ਵੀ ਮਨੁੱਖ ਦੇ ਬਾਹਰੀ ਹਾਵਾਂ-ਭਾਵਾਂ ਤੋਂ ਅੰਦਾਜ਼ੇ ਲਗਾਏ ਜਾਂਦੇ ਹਨ ਜਿਹੜੇ ਕਿ ਅਮੂਮਨ ਸਹੀ ਅਤੇ ਸਟੀਕ ਹੀ ਹੁੰਦੇ ਹਨ। ਬਹੁਤੀ ਵਾਰ ਗੱਲਬਾਤ ਦੇ ਢੰਗ ਨੂੰ ਵੀ ਆਧਾਰ ਬਣਾਇਆ ਜਾਂਦਾ ਹੈ। ਖ਼ੈਰ!

**ਸਿਨੇਮਾ ਸੰਦਰਭ:**

ਮਨੋਵਿਗਿਆਨ ਵਿਚ ਫ਼ਿਲਮ/ ਨਾਟਕ/ ਗੀਤ-ਸੰਗੀਤ ਨੂੰ 'ਜਾਗਦੀਆਂ ਅੱਖਾਂ ਨਾਲ ਵੇਖੇ ਜਾਂਦੇ ਸੁਪਨੇ' ਕਿਹਾ ਜਾਂਦਾ ਹੈ। ਯਕੀਨਨ, ਇਹ ਗੱਲ ਬਿਲਕੁਲ ਦਰੁੱਸਤ ਹੈ ਕਿ ਮਨੁੱਖ ਜਾਗ-ਦੀਆਂ ਅੱਖਾਂ ਨਾਲ ਸੁਪਨੇ ਵਿਚ ਮਸਤ ਹੋ ਜਾਂਦਾ ਹੈ।. ਖ਼ੁਸ਼ ਹੋ ਜਾਂਦਾ ਹੈ। ਮਨੁੱਖ ਨੂੰ ਕੁਝ ਸਮੇਂ ਲਈ ਆਲੇ-ਦੁਆਲੇ ਦਾ ਅਹਿਸਾਸ ਭੁੱਲ ਜਾਂਦਾ ਹੈ। ਇਸੇ ਲਈ ਬਹੁਤੇ ਭਾਵੁਕ ਲੋਕ ਫ਼ਿਲਮਾਂ ਵਿਚ ਨਾਇਕ ਦੀ ਮੌਤ ਉੱਪਰ ਰੋਂਦੇ ਹੋਏ ਵੇਖੇ ਜਾ ਸਕਦੇ ਹਨ। ਕਈ ਵਾਰ ਬਹੁਤ ਭਾਵੁਕ ਦ੍ਰਿਸ਼ ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਫ਼ਿਲਮਾਏ ਜਾਂਦੇ ਹਨ ਤਾਂ ਕਿ ਲੋਕ ਉਸ ਫ਼ਿਲਮ ਨਾਲ/ ਦ੍ਰਿਸ਼ ਨਾਲ ਭਾਵੁਕਤਾ ਵੱਸ ਜੁੜ ਜਾਣ। ਹਾਲਾਂਕਿ ਫ਼ਿਲਮ ਵੇਖਣ ਵਾਲਾ ਸ਼ਖ਼ਸ ਵੀ ਜਾਣਦਾ ਹੈ ਕਿ ਇਹ ਸਭ ਨਾਟਕ ਹੈK ਡਰਾਮਾ ਹੈK ਨਕਲੀ ਹੈ ਪਰੰਤੂ ਉਹ ਆਪਣੇ-ਆਪ ਨੂੰ ਇਸ ਸੁਪਨੇ ਨਾਲੋਂ ਅੱਡ ਨਹੀਂ ਕਰ ਪਾਉਂਦਾ।

ਫ਼ਿਲਮ ਨਿਰਮਾਤਾ ਇਹਨਾਂ ਮਨੋਵਿਗਿਆਨਕ ਨੁਕਤਿਆਂ ਨੂੰ ਜਾਣਦੇ ਹਨK ਸਮਝਦੇ ਹਨ। ਇਸੇ ਲਈ ਇਸ ਤਰ੍ਹਾਂ ਦੀ ਫ਼ਿਲਮਾਂ ਵੱਧ ਕਾਮਯਾਬ ਹੁੰਦੀਆਂ ਹਨ ਜਿਹੜੀਆਂ ਵੱਧ ਲੋਕਾਂ ਦੇ ਸੁਪਨਿਆਂ ਦੇ ਹਾਣ ਦੀਆਂ ਹੋਣK ਮੇਚ ਦੀਆਂ ਹੋਣ। ਫ਼ਿਲਮੀ ਖ਼ੇਤਰ ਦੇ ਲੋਕ ਜਾਣਦੇ ਹਨ ਕਿ ਮਨੁੱਖ ਆਪਣੀ ਅਸਲ ਜ਼ਿੰਦਗੀ ਨਾਲੋਂ ਕੁਝ ਸਮੇਂ ਲਈ ਟੁੱਟਣਾ ਚਾਹੁੰਦਾ ਹੈK ਕਲਪਣਾ ਵਿਚ ਜਿਉਣਾ ਚਾਹੁੰਦਾ ਹੈ। ਇਸ ਲਈ ਉਹ ਦਰਸ਼ਕਾਂ ਦੇ ਸੁਪਨਿਆਂ ਦੇ ਹਾਣ ਦੀ ਫ਼ਿਲਮ ਨੂੰ ਬਣਾਉਂਦਾ ਹੈ, ਪੇਸ਼ ਕਰਦਾ ਹੈ ਤਾਂ ਕਿ ਉਹਨਾਂ ਦੀ ਫ਼ਿਲਮ ਕਾਮਯਾਬ ਹੋ ਸਕੇ।

ਇਹ ਗੱਲ ਸਿਰਫ਼ ਫ਼ਿਲਮਾਂ ਉੱਪਰ ਹੀ ਨਹੀਂ ਢੁੱਕਦੀ ਬਲਕਿ ਗੀਤ-ਸੰਗੀਤ, ਪੁਸਤਕਾਂ, ਖਾਣ-ਪੀਣ ਅਤੇ ਕੱਪੜੇ ਪਹਿਨਣ ਉੱਪਰ ਵੀ ਪੂਰੀ ਤਰ੍ਹਾਂ ਫ਼ਿੱਟ ਬੈਠਦੀ ਹੈ। ਨੌਜੁਵਾਨ ਵਰਗ ਬੇਰੁਜ਼ਗਾਰੀ ਦੀ ਆਲਮ ਵਿਚ ਘਿਰਿਆ ਬੈਠਾ ਹੈ ਇਸ ਲਈ ਉਹ ਬੇਰੁਜ਼ਗਾਰੀ ਵਾਲੇ ਗੀਤ ਨਹੀਂ ਸੁਣਨਾ ਚਾਹੁੰਦਾ। ਉਹ ਗੁਰਬੱਤ ਨੂੰ ਕੁਝ ਸਮੇਂ ਲਈ ਆਪਣੇ ਜੀਵਨ ਵਿਚੋਂ ਕੱਢਣਾ ਚਾਹੁੰਦਾ ਹੈ। ਇਸੇ ਲਈ ਉਹ ਬੰਦੂਕਾਂ/ ਬੁਲਟਾਂ/ ਗੱਡੀਆਂ ਆਦਿ ਦੇ ਗੀਤ ਸੁਣ ਕੇ ਸੁਪਨਿਆਂ ਅੰਦਰ ਸੁਖ ਮਹਿਸੂਸ ਕਰਦਾ ਹੈ/ ਖ਼ੁਸ਼ ਹੁੰਦਾ ਹੈ/ ਆਨੰਦ ਮਾਣਦਾ ਹੈ।

ਸੁਪਨਿਆਂ 'ਚ ਜਿਉਂਦੇ ਮਨੁੱਖ ਦੇ ਇਸ ਮਨੋਵਿਗਿਆਨ ਨੂੰ ਅਜੋਕੇ ਗਾਇਕK ਗੀਤਕਾਰ ਬਾਖ਼ੂਬੀ ਜਾਣਦੇ ਹਨK ਸਮਝਦੇ ਹਨ। ਇਸੇ ਲਈ ਹੱਥਿਆਰਾਂ ਵਾਲੇ/ ਮਾਰ ਕੁੱਟ ਵਾਲੇ 99% ਗੀਤ ਮਕਬੂਲ ਹੋ ਜਾਂਦੇ ਹਨ ਅਤੇ ਅਸਲ ਜੀਵਨ ਨਾਲ ਬਾਵਸਤਾ ਗੀਤ ਲੋਕ-ਮਨਾਂ ਵਿਚ ਆਪਣੀ ਥਾਂ ਨਹੀਂ ਬਣਾ ਪਾਉਂਦੇ ਕਿਉਂਕਿ ਅਸਲ ਜੀਵਨ ਦੀਆਂ ਤੰਗੀਆਂ- ਤੁਰਸੀਆਂ ਤੋਂ ਮਨੁੱਖ ਪਹਿਲਾਂ ਦੀ ਪ੍ਰੇਸ਼ਾਨ ਹੁੰਦਾ ਹੈ/ ਦੁਖੀ ਹੁੰਦਾ ਹੈ। ਉਹ ਕੁਝ ਚਿਰ ਲਈ ਆਪਣੇ ਅਸਲ ਜੀਵਨ ਤੋਂ ਨਿਜਾਤ ਚਾਹੁੰਦਾ ਹੈ। ਇਸੇ ਲਈ ਉਹ ਮਨ-ਇੱਛਤ ਗੀਤ ਜਾਂ ਫ਼ਿਲਮ ਦੀ ਚੋਣ ਕਰਦਾ ਹੈ ਜਿਸ ਨਾਲ ਉਹ ਖ਼ੁਸ਼ ਹੋ ਸਕੇK ਆਪਣੀਆਂ ਚਿੰਤਾਵਾਂ ਤੋਂ ਨਿਜਾਤ ਪਾ ਸਕੇK ਸੁਪਨਿਆਂ ਵਿਚ ਜ਼ਿੰਦਗੀ ਬਤੀਤ ਕਰ ਸਕੇ।

ਇੱਥੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਹੈ ਕਿ ਉਪਰੋਕਤ ਪ੍ਰਭਾਵ ਕਿਸੇ ਖ਼ਾਸ ਧਰਮK ਖ਼ਿੱਤੇ ਜਾਂ ਮੁਲਕ ਦੇ ਮਨੁੱਖ ਉੱਪਰ ਪ੍ਰਭਾਵ ਨਹੀਂ ਪਾਉਂਦੇ ਬਲਕਿ ਇਹ ਸਮੁੱਚੇ ਸੰਸਾਰ ਦੇ ਮਨੁੱਖ ਉੱਪਰ ਆਪਣਾ ਅਸਰ ਪਾਉਂਦੇ ਹਨ ਕਿਉਂਕਿ ਸਮੁੱਚੇ ਸੰਸਾਰ ਦਾ ਮਨੁੱਖ ਸੁਪਨਿਆਂ ਵਿਚ ਆਨੰਦ ਮਹਿਸੂਸ ਕਰਦਾ ਹੈ। ਨਵੇਂ ਜੰਮੇ ਬੱਚੇ ਤੋਂ ਲੈ ਕੇ ਮਰਨ ਤੋਂ ਚੰਦ ਵਕਤ ਪਹਿਲਾਂ ਤੱਕ ਮਨੁੱਖ ਸੁਪਨਿਆਂ ਨੂੰ ਜਿਉਂਦਾ ਹੈK ਮਾਣਦਾ ਹੈ।

ਆਖ਼ਿਰ ਵਿਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਸੁਪਨਿਆਂ ਵਿਚ ਖ਼ੁਸ਼ੀ ਤਾਂ ਮਹਿਸੂਸ ਕਰਨੀ ਚਾਹੀਦੀ ਹੈ ਪਰ ਜਿਉਣਾ ਨਹੀਂ ਚਾਹੀਦਾ ਕਿਉਂਕਿ ਇਹ ਕਲਪਣਾ ਦਾ ਸੰਸਾਰ ਬਹੁਤੀ ਦੇਰ ਤੱਕ ਸੁੱਖ ਨਹੀਂ ਪਹੁੰਚਾ ਸਕਦਾ।

ਜੀਵਨ ਵਿਚ ਲੰਮੇ ਸਮੇਂ ਤੱਕ ਸੁੱਖ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ ਅਤੇ ਜਿਹੜੇ ਲੋਕ ਇਸ ਰਾਹ ਉੱਪਰ ਤੁਰ ਪੈਂਦੇ ਹਨ ਉਹ ਸੁਪਨਿਆਂ ਦੇ ਆਨੰਦ ਨੂੰ ਅਸਲ ਜੀਵਨ ਵਿਚ ਮਹਿਸੂਸ ਕਰਨ ਲੱਗਦੇ ਹਨ।

# ਸਿਆਸੀ ਖ਼ਲਾਅ 'ਚ ਜੀਅ ਰਿਹਾ ਪੰਜਾਬ



ਗੁਰਮੀਤ ਪਲਾਹੀ
91-98158-02070

ਪੰਜਾਬ ਦੇ ਮੰਤਰੀਆਂ ਨਾਲ ਉਲਝੇ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੀ ਥਾਂ 'ਤੇ ਪੰਜਾਬ ਦੇ ਮੌਜੂਦਾ ਡਾਇਰੈਕਟਰ ਜਨਰਲ ਪੁਲਿਸ (ਡੀਜੀਪੀ) ਦਿਨਕਰ ਗੁਪਤਾ ਦੀ ਪਤਨੀ ਵਿਨੀ ਮਹਾਜਨ ਨੂੰ, ਸੀਨੀਅਰ ਆਈ.ਏ.ਐਸ. ਅਫ਼ਸਰਾਂ ਨੂੰ ਨਜ਼ਰ ਅੰਦਾਜ਼ ਕਰਕੇ, ਪੰਜਾਬ ਦੀ ਮੁੱਖ ਸਕੱਤਰ ਬਣਾ ਦਿੱਤਾ ਗਿਆ ਹੈ। ਦਿਨਕਰ ਗੁਪਤਾ ਅਤੇ ਵਿਨੀ ਮਹਾਜਨ ਪਤੀ-ਪਤਨੀ ਹੁਣ ਸੂਬੇ ਪੰਜਾਬ ਦੇ ਪਾਵਰਫੁਲ ਅਫ਼ਸਰ ਹੋਣਗੇ। ਕੁਝ ਸਮਾਂ ਪਹਿਲਾਂ ਦਿਨਕਰ ਗੁਪਤਾ ਆਪਣੇ ਸੀਨੀਅਰ ਪੁਲਿਸ ਅਫ਼ਸਰਾਂ ਨੂੰ ਪਿੱਛੇ ਛੱਡਕੇ ਡੀਜੀਪੀ ਬਣਾਏ ਗਏ ਸਨ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਕਰਨਬੀਰ ਸਿੰਘ ਸਿੱਧੂ, ਅਰੁਣ ਗੋਇਲ, ਸੀ.ਰਾਉਲ, ਕਲਪਨਾ ਮਿੱਤਲ ਬਰੂਆ ਅਤੇ ਸਤੀਸ਼ ਚੰਦਰਾ, ਮੁੱਖ ਸਕੱਤਰ ਬਨਣ ਲਈ ਕਤਾਰ ਵਿੱਚ ਸਨ। ਚਰਚਾ ਹੈ ਕਿ ਇੱਕ ਆਈ.ਏ.ਐਸ. ਪ੍ਰਸ਼ਾਸ਼ਨਿਕ ਅਧਿਕਾਰੀ ਵਲੋਂ ਮੁੱਖ ਸਕੱਤਰ ਬਣਾਏ ਜਾਣ ਦੇ ਦਬਾਅ ਕਾਰਨ ਮੁੱਖ ਮੰਤਰੀ ਨੇ ਤੁਰਤ-ਫੁਰਤ ਕਾਰਵਾਈ ਕਰਦਿਆਂ ਮੁੱਖ ਸਕੱਤਰ ਦੇ ਅਹੁਦੇ ਉਤੇ ਵਿਨੀ ਮਹਾਜ਼ਨ ਨੂੰ ਨਿਯੁੱਕਤ ਕਰਕੇ ਇਹ ਸੰਦੇਸ਼ ਦਿੱਤਾ ਕਿ ਸੂਬਾ ਸਰਕਾਰ ਉਤੇ ਅਫ਼ਸਰਸ਼ਾਹੀ ਭਾਰੂ ਨਹੀਂ ਹੈ ਹਾਲਾਂਕਿ ਸਿਆਸੀ ਗਲਿਆਰਿਆਂ ਖ਼ਾਸ ਕਰਕੇ ਪੰਜਾਬ ਕਾਂਗਰਸ ਵਿੱਚ ਇਸ ਗੱਲ ਉਤੇ ਚਰਚਾ ਰਹਿੰਦੀ ਹੈ ਕਿ ਉਹਨਾ ਦੀ ਦਫ਼ਤਰਾਂ-ਅਫ਼ਸਰਾਂ 'ਚ ਪੁੱਛ ਪ੍ਰਤੀਤ ਨਹੀਂ ਹੈ। ਚਰਚਾ ਇਹ ਵੀ ਹੈ ਕਿ ਸੂਬੇ 'ਚ ਕਾਂਗਰਸ ਨਹੀਂ, ਅਫ਼ਸਰਸ਼ਾਹੀ ਰਾਜ ਕਰਦੀ ਹੈ, ਜਿਸਦੀ ਵਾਂਗਡੋਰ ਸਿਰਫ਼ "ਰਾਜੇ" ਹੱਥ ਹੈ। ਉਂਜ ਕਾਂਗਰਸ ਵਿੱਚ ਜਿਸ ਕਿਸਮ ਦਾ ਕਾਟੋ-ਕਲੇਸ਼ ਹਰ ਸਮੇਂ ਦਿਖਾਈ ਦਿੰਦਾ ਹੈ ਅਤੇ ਨਿੱਤ-ਪ੍ਰਤੀ ਸੀਨੀਅਰ ਕਾਂਗਰਸੀ ਨੇਤਾਵਾਂ ਵਲੋਂ ਪੰਜਾਬ ਸਰਕਾਰ ਦੇ ਮੁੱਖੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ ਕਰਨ ਦੇ ਢੰਗ-ਤਰੀਕਿਆਂ ਵਿਰੁੱਧ ਬਿਆਨ ਛਪਦੇ ਹਨ, ਉਸ ਨਾਲ ਕਾਂਗਰਸੀ ਸਰਕਾਰ ਦਾ ਅਕਸ ਲੋਕਾਂ ਵਿੱਚ ਦਿਨ-ਪ੍ਰਤੀ ਧੁੰਦਲਾ ਹੁੰਦਾ ਜਾਂਦਾ ਦਿਖਾਈ ਦਿੰਦਾ ਹੈ।

ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦਾ ਵੱਖੀ-ਭਾਰ ਹੋਣਾ, ਐਮਪੀ ਸ਼ਮਸ਼ੇਰ ਸਿੰਘ ਦੂਲੋ ਅਤੇ ਰਾਜ ਸਭਾ ਮੈਂਬਰ ਵਰਿੰਦਰ ਸਿੰਘ ਬਾਜਵਾ ਦਾ ਅਮਰਿੰਦਰ ਸਿੰਘ ਵਿਰੁੱਧ ਨਿੱਤ ਨਵਾਂ ਵਖੇੜਾ, ਕਾਂਗਰਸੀ ਮੰਤਰੀਆਂ ਦੀ ਆਪਸੀ ਖੋਹ ਖਿੱਚ ਅਮਰਿੰਦਰ ਸਿੰਘ ਸਰਕਾਰ ਨੂੰ ਸਿਆਸੀ ਢਾਅ ਲਾ ਰਹੀ ਹੈ। ਪੰਜਾਬ ਕਾਂਗਰਸ ਦਾ ਪੁਨਰਗਠਨ ਕਰਨ ਦੇ ਸਿਲਸਿਲੇ ਵਿੱਚ ਜਿਸ ਕਿਸਮ ਦੀ ਧੜੇਬੰਦਕ ਲੜਾਈ ਕਾਂਗਰਸੀ ਖੇਮਿਆਂ ਵਿੱਚ ਵੇਖਣ ਨੂੰ ਮਿਲ ਰਹੀ ਹੈ, ਉਸ ਨਾਲ ਕਾਂਗਰਸ 'ਚ ਨਵੇਂ ਜ਼ਿਲਾ ਕਾਂਗਰਸ ਪ੍ਰਧਾਨਾਂ ਦੀਆਂ ਨਿਯੁੱਕਤੀਆਂ ਨੂੰ ਲੈ ਕੇ ਬਬਾਲ ਖੜਾ ਹੋ ਗਿਆ ਹੈ, ਬਿਨ੍ਹਾਂ ਸ਼ੱਕ ਇਸ ਨਾਲ ਕਾਂਗਰਸ ਦਾ ਅਧਾਰ ਪੰਜਾਬ ਵਿੱਚ ਖਿਸਕੇਗਾ ਅਤੇ ਵਿਰੋਧੀ ਧਿਰ ਜਿਹੜੀ ਕਿ ਪਾਟੋ-ਧਾੜ ਹੋਈ ਪਈ ਹੈ ਅਤੇ ਕਈ ਖੇਮਿਆਂ ਵਿੱਚ ਵੰਡੀ ਪਈ ਹੈ, ਉਸ ਦੇ ਇੱਕ ਪਲੇਟ ਫਾਰਮ ਉਤੇ ਭਾਵੇਂ ਕਿ ਇੱਕਠੇ ਹੋਣ ਦੇ ਕੋਈ ਅਸਾਰ ਨਹੀਂ ਦਿਖਦੇ ਪਰ ਉਹਨਾ ਦੀ ਤਾਕਤ ਵਿੱਚ ਵਾਧਾ ਜ਼ਰੂਰ ਦਿਖਾਈ ਦੇਵੇਗਾ।

ਪੰਜਾਬ 'ਚ ਕਾਂਗਰਸ ਦੇ ਵਿਰੋਧ ਵਿੱਚ ਅਕਾਲੀ-ਦਲ ਅਤੇ ਭਾਜਪਾ ਦਾ ਗੱਠਜੋੜ ਹੈ। ਭਾਜਪਾ ਪੰਜਾਬ ਵਿੱਚ ਆਪਣੀ ਤਾਕਤ ਵਧਾਉਣ ਦੇ ਰਉਂ ਵਿੱਚ ਤਾਂ ਹੈ, ਪਰ ਉਸ ਕੋਲ ਕੋਈ ਤਾਕਤਵਰ ਵਿਅਕਤੀ ਖ਼ਾਸ ਕਰਕੇ ਸਿੱਖ ਚਿਹਰਾ ਨਹੀਂ ਹੈ। ਕਹਿਣ ਨੂੰ ਤਾਂ ਭਾਵੇਂ ਉਹ 2022 ਦੀਆਂ ਚੋਣਾਂ ਵਿੱਚ ਇੱਕਲਿਆਂ ਚੋਣ ਲੜਨ ਲਈ ਦਮਗਜ਼ੇ ਮਾਰ ਰਹੀ ਹੈ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ 117 ਸੀਟਾਂ ਵਿੱਚ ਅੱਧੀਆਂ ਸੀਟਾਂ ਉਤੇ ਅਕਾਲੀ ਦਲ ਨਾਲ ਰਲਕੇ ਵੱਡੇ ਭਾਈ ਦੀ ਭੂਮਿਕਾ ਨਿਭਾਉਣ ਦੇ ਰੌਂਅ ਵਿੱਚ ਹੈ, ਪਰ ਪੰਜਾਬ ਦੇ ਮੁੱਦਿਆਂ ਉਤੇ ਪੰਜਾਬ ਪੱਖੀ ਸੋਚ ਨਾ ਹੋਣ ਕਾਰਨ ਪੰਜਾਬੀਆਂ 'ਚ ਉਸਦਾ ਅਧਾਰ ਵਧਣਾ ਮੁਸ਼ਕਲ ਹੈ। ਖੇਤੀਬਾੜੀ ਸਬੰਧੀ ਕੇਂਦਰੀ




ਆਰਡੀਨੈਂਸ ਵਾਪਸ ਲਏ ਜਾਣ ਸਬੰਧੀ ਸਰਬ ਪਾਰਟੀ ਮੀਟਿੰਗ ਸੱਦਕੇ ਕੈਪਟਨ ਅਮਰਿੰਦਰ ਸਿੰਘ ਵਲੋਂ ਕਿਸਾਨ ਪੱਖੀ ਸੋਚ ਉਤੇ ਡਟਕੇ ਪਹਿਰਾ ਦੇਣ ਦੇ ਮਾਮਲੇ 'ਚ ਭਾਜਪਾ ਵਲੋਂ ਸਮਰੱਥਨ ਨਾ ਦੇਣ ਨਾਲ ਪੰਜਾਬੀ ਕਿਸਾਨਾਂ ਵਿੱਚ ਉਸਦਾ ਅਕਸ ਧੁੰਧਲਾ ਹੀ ਹੋਇਆ ਹੈ। ਉਪਰੋਂ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਕੇਂਦਰੀ ਆਰਡੀਨੈਂਸ ਸਬੰਧੀ ਅਪਨਾਈ ਗਈ ਅਸਪਸ਼ਟ ਪਹੁੰਚ ਕਾਰਨ ਖ਼ਾਸ ਕਰਕੇ ਬਾਦਲ ਪਰਿਵਾਰ ਪੰਜਾਬ ਦੇ ਕਿਸਾਨਾਂ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਅਤੇ ਇਹ ਦੋਸ਼ ਆਪਣੇ ਸਿਰ ਲੁਆ ਰਹੇ ਹਨ ਕਿ ਉਹ ਹਰਸਿਮਰਤ ਕੌਰ ਬਾਦਲ ਦੀ ਵਜ਼ੀਰੀ ਬਚਾਉਣ ਲਈ ਕਿਸਾਨਾਂ ਦੇ ਹਿੱਤ ਦਾਅ ਉਤੇ ਲਾ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਇਸ ਸਮੇਂ ਇਹ ਰੁਖ ਅਪਨਾਇਆ ਕਿ ਖੇਤੀਬਾੜੀ ਰਾਜ ਦਾ ਵਿਸ਼ਾ ਹੈ। ਕੇਂਦਰ ਨੂੰ ਇਸ 'ਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਵਲੋਂ ਪਹਿਲਾਂ ਵੀ ਦਰਿਆਈ ਪਾਣੀਆਂ ਸਬੰਧੀ ਹੋਏ ਸਾਰੇ ਪੰਜਾਬ ਵਿਰੋਧੀ ਸਮਝੌਤਿਆਂ ਨੂੰ ਰੱਦ ਕੀਤਾ ਸੀ ਅਤੇ ਸਮੁੱਚੀ ਵਿਰੋਧੀ ਧਿਰ ਨੂੰ ਆਪਣੇ ਨਾਲ ਖੜੇ ਕਰਨ ਦੀ ਪਹੁੰਚ ਅਪਨਾਈ ਸੀ। ਦ੍ਰਿੜਤਾ ਨਾਲ ਕਿਸਾਨਾਂ ਦੇ ਹੱਕ ਵਿੱਚ ਫ਼ੈਸਲੇ ਲੈਣ ਕਾਰਨ ਕਾਂਗਰਸ ਨੇ ਕਿਸਾਨਾਂ ਦੀ ਮੁਦੱਈ ਕਹਾਉਂਦੀ ਪਾਰਟੀ, ਜੋ ਪਿਛਲੇ ਸਮੇਂ ਤੋਂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ 'ਚ ਫੁੱਟ ਦਾ ਸ਼ਿਕਾਰ ਹੋਈ ਪਈ ਹੈ ਅਤੇ ਇਸਦੇ ਨੇਤਾ ਨਿੱਤ ਸੁਖਬੀਰ ਸਿੰਘ ਦੀ ਬਾਂਹ ਛੱਡ ਰਹੇ ਹਨ, ਕਿਸਾਨਾਂ 'ਚ ਆਪਣਾ ਅਧਾਰ ਗੁਆ ਰਹੀ ਹੈ।

ਬਿਨ੍ਹਾਂ ਸ਼ੱਕ ਕਾਂਗਰਸ ਪਾਰਟੀ ਦੇ ਪੰਜਾਬ ਦੇ ਨੇਤਾ ਇੱਕ ਸੁਰ ਨਹੀਂ ਹਨ, ਪਰ ਵਿਰੋਧੀ ਧਿਰ ਦਾ ਕਾਂਗਰਸ ਵਲੋਂ ਠੀਕ ਢੰਗ ਨਾਲ ਨਾ ਚਲਾਈ ਜਾ ਰਹੀ ਸਰਕਾਰ ਵਿਰੁੱਧ ਕੋਈ ਭਰਵਾਂ ਜਾਂ ਢੁਕਵਾਂ ਵਿਰੋਧ ਦਿਖਣ ਨੂੰ ਨਹੀਂ ਮਿਲ ਰਿਹਾ। ਸਗੋਂ ਇੱਕ ਸਿਆਸੀ ਖ਼ਿਲਾਅ ਦਿਖ ਰਿਹਾ ਹੈ।ਟਕਸਾਲੀ ਅਕਾਲੀ ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾ ਰਹੇ ਹਨ, ਸੁਖਦੇਵ ਸਿੰਘ ਢੀਂਡਸਾ ਸ਼੍ਰੋਮਣੀ ਅਕਾਲੀ ਦਲ ਛੱਡਕੇ ਆਪਣੀ ਨਵੀਂ ਪਾਰਟੀ ਬਨਾਉਣ ਜਾ ਰਿਹਾ ਹੈ।ਬੈਂਸ ਭਰਾ, ਨਿੱਤ ਨਵੇਂ ਦਿਨ ਮਾਅਰਕੇ ਬਾਜੀ ਵਾਲੀ ਰਾਜਨੀਤੀ ਕਰਦੇ ਦਿਖਦੇ ਹਨ। ਸੁਖਪਾਲ ਸਿੰਘ ਖਹਿਰਾ ਵਲੋਂ ਬੇਬਾਕੀ ਨਾਲ ਆਪਣੇ ਵਿਚਾਰ ਤਾਂ ਰੱਖੇ ਜਾ ਰਹੇ ਹਨ, ਪਰ 'ਕੋਰੋਨਾ ਕਾਲ' ਦੇ ਦੌਰਾਨ ਉਸਦੀਆਂ ਸਰਗਰਮੀਆਂ ਨਾ ਹੋਣ ਦੇ ਬਰੋਬਰ ਹੈ।

ਆਮ ਆਦਮੀ ਪਾਰਟੀ ਜਿਹੜੀ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਚਾਲੋਂ ਬੇਚਾਲ ਹੋ ਗਈ ਹੈ, ਉਸ ਵਲੋਂ ਇੱਕਾ-ਦੁੱਕਾ ਸਰਗਰਮੀ ਤਾਂ ਕੀਤੀ ਜਾ ਰਹੀ ਹੈ, ਪਰ ਪੰਜਾਬੀਆਂ ਦੇ ਹੱਕ 'ਚ ਕੋਈ ਲੋਕ ਲਹਿਰ ਉਸਾਰਨ 'ਚ ਉਹ ਕਾਮਯਾਬ ਨਹੀਂ ਹੋ ਰਹੀ। ਬਹੁਤ ਸਾਰੇ ਮੁੱਦੇ ਹਨ ਪੰਜਾਬ ਵਿੱਚ ਲੋਕਾਂ ਦੇ। ਨਸ਼ਿਆਂ ਨੂੰ ਕਾਬੂ ਕਰਨ 'ਚ ਕਾਂਗਰਸ ਨਾ ਕਾਮਯਾਬ ਰਹੀ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੀਤਾ ਵਾਇਦਾ ਉਹਨਾ ਪੂਰਿਆਂ ਨਹੀਂ ਕੀਤਾ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਕਾਂਗਰਸ ਸਰਕਾਰ ਦੀ ਅੱਧੀ-ਅਧੂਰੀ ਪਹੁੰਚ ਨੂੰ 'ਆਪ' ਵਾਲਿਆਂ ਕਦੋਂ ਨੰਗਾ ਕੀਤਾ? ਜਿਸ ਅਧਾਰ ਉਤੇ ਆਮ ਆਦਮੀ ਪਾਰਟੀ ਵਲੋਂ ਵਿਧਾਨ ਸਭਾ ਚੋਣ ਲੜੀ ਗਈ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰ ਦਿਆਂਗੇ, ਕਾਂਗਰਸ ਉਸ ਮਾਮਲੇ ਵਿੱਚ ਗੋਹੜੇ 'ਚੋਂ ਇੱਕ ਪੂਣੀ ਤੱਕ ਨਹੀਂ ਕੱਤ ਸਕੀ, ਪਰ ਆਮ ਆਦਮੀ ਪਾਰਟੀ ਨੇ ਇਸ ਮੁਆਮਲੇ 'ਚ ਲੋਕਾਂ 'ਚ ਇਸ ਸਬੰਧੀ ਕਿੰਨਾ ਕੁ ਪ੍ਰਚਾਰ ਕੀਤਾ? ਅਤੇ ਅੱਜ ਜਦੋਂ ਤੇਲ ਦੀਆਂ ਕੀਮਤਾਂ ਦੇ ਭਾਅ ਨਿੱਤ ਉਪਰ ਜਾ ਰਹੇ ਹਨ, ਪਿਛਲੇ 17 ਦਿਨਾਂ ਤੋਂ ਡੀਜ਼ਲ, ਪੈਟਰੋਲ ਦੀਆਂ ਕੀਮਤਾਂ 'ਚ ਨਿਰੰਤਰ ਵਾਧਾ ਵੇਖਣ ਨੂੰ ਮਿਲ ਰਿਹਾ ਹੈ, ਜਿਸ ਦਾ ਸਿੱਧਾ ਅਸਰ ਕਿਸਾਨਾਂ ਦੀਆਂ ਫ਼ਸਲਾਂ ਅਤੇ ਆਮ ਲੋਕਾਂ ਉਤੇ ਮਹਿੰਗਾਈ ਵਧਣ ਨਾਲ ਪਵੇਗਾ, ਅਤੇ ਜਿਸ ਬਾਰੇ ਕੇਂਦਰ ਦੀ ਸਰਕਾਰ ਤਾਂ ਚੁੱਪ ਹੈ ਹੀ, ਪੰਜਾਬ ਦੀ ਸਰਕਾਰ ਵੀ ਚੁੱਪ ਹੈ ਕਿਉਂਕਿ ਤੇਲ ਭਾਅ ਵਧਣ ਨਾਲ ਸਰਕਾਰਾਂ ਦੇ ਖਜ਼ਾਨੇ ਭਰਦੇ ਹਨ, ਤਾਂ ਆਮ ਆਦਮੀ ਪਾਰਟੀ, ਹੋਰ ਵਿਰੋਧੀ ਪਾਰਟੀਆਂ ਅਤੇ ਖਾਸ ਕਰਕੇ ਕਿਸਾਨ ਯੂਨੀਅਨਾਂ ਕੋਈ ਸੰਘਰਸ਼ ਵਿੱਢਣ ਤੋਂ ਆਨਾ-ਕਾਨੀ ਕਿਉਂ ਕਰ ਰਹੀਆਂ ਹਨ? ਪੰਜਾਬ ਵਿੱਚ 7-8 ਕਿਸਾਨ ਜੱਥੇਬੰਦੀਆਂ ਹਨ। ਕੀ ਇਹ ਜੱਥੇਬੰਦੀਆਂ ਕਿਸਾਨ ਹਿੱਤਾਂ ਲਈ ਭਰਵੀਂ ਹੂੰਕਾਰ ਨਹੀਂ ਮਾਰ ਸਕਦੀਆਂ?

ਪੰਜਾਬ ਆਰਥਿਕ ਤੌਰ ਤੇ ਕਮਜ਼ੋਰ ਹੋ ਰਿਹਾ ਹੈ। ਖ਼ਜ਼ਾਨਾ ਖਾਲੀ ਦੱਸਿਆ ਜਾ ਰਿਹਾ ਹੈ। ਨਿੱਤ ਨਵੀਆਂ ਨਿਯੁੱਕਤੀਆਂ ਕਰਕੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਾਇਆ ਜਾ ਰਿਹਾ ਹੈ। ਪੰਜਾਬ ਦੇ ਦਰਜ਼ਨ ਭਰ ਸਲਾਹਕਾਰ ਤਨਖਾਹਾਂ ਅਤੇ ਸਾਬਕਾ ਵਿਧਾਇਕ ਪੈਨਸ਼ਨਾਂ ਲੈ ਰਹੇ ਹਨ। ਮੁਲਾਜ਼ਮਾਂ ਨੂੰ ਤਨਖਾਹਾਂ ਸਮੇਂ ਸਿਰ ਨਹੀਂ ਮਿਲ ਰਹੀਆਂ। ਵਿਕਾਸ ਦੇ ਕੰਮ ਪਿੱਛੇ ਸੁੱਟੇ ਜਾ ਰਹੇ ਹਨ। ਮਜ਼ਦੂਰਾਂ ਵਿਰੋਧੀ ਫ਼ੈਸਲਿਆਂ ਨੇ ਮਜ਼ਦੂਰਾਂ ਦਾ ਲੱਕ ਤੋੜ ਦਿੱਤਾ ਹੈ। ਕੋਰੋਨਾ ਕਾਲ 'ਚ ਹਾਲ ਇਹ ਹੋ ਗਿਆ ਹੈ ਕਿ ਹਰ ਵਰਗ ਪ੍ਰੇਸ਼ਾਨ ਹੈ। ਪਰ ਕਿਉਂਕਿ ਕੇਂਦਰ ਦੀ ਸਰਕਾਰ ਭਾਜਪਾ ਦੀ ਹੈ,ਪੰਜਾਬ ਸੂਬੇ ਲਈ ਕੋਈ ਵਿਸ਼ੇਸ਼ ਪ੍ਰਾਜੈਕਟ ਉਸ ਵਲੋਂ ਦਿੱਤਾ ਹੀ ਨਹੀਂ ਜਾ ਰਿਹਾ ।

ਜੇਕਰ ਪ੍ਰਵਾਸੀ ਮਜ਼ਦੂਰਾਂ ਲਈ ਯੂ.ਪੀ., ਮੱਧ ਪ੍ਰਦੇਸ਼ ਆਦਿ 'ਚ ਉਹਨਾ ਦੇ ਰੁਜ਼ਗਾਰ ਪ੍ਰਾਜੈਕਟ ਦਿੱਤੇ ਗਏ ਹਨ ਤਾਂ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਅਤੇ ਦੇਸ਼ ਲਈ ਅੰਨ ਪੈਦਾ ਕਰਨ ਵਾਲੇ ਸੂਬੇ ਪੰਜਾਬ ਲਈ ਜਦੋਂ ਮਜ਼ਦੂਰਾਂ ਦੀ ਥੁੜੋਂ ਆਈ ਹੈ ਤਾਂ ਕੇਂਦਰ ਵਲੋਂ ਇਸ ਵੱਲ ਵਿਸ਼ੇਸ਼ ਤਵੱਜੋ ਕਿਉਂ ਨਹੀਂ ਦਿੱਤੀ ਗਈ? ਉਂਜ ਹਰ ਔਖੀ ਘੜੀ ਪੰਜਾਬ ਦਾ ਕੇਂਦਰ ਦੀਆਂ ਸਰਕਾਰਾਂ ਨੇ ਸਾਥ ਨਹੀਂ ਦਿੱਤਾ। ਜਦੋਂ ਸੂਬੇ 'ਚ ਕਾਂਗਰਸ ਦੀ ਸਰਕਾਰ ਹੁੰਦੀ ਹੈ ਤੇ ਕੇਂਦਰ ਦੀ ਸਰਕਾਰ ਉਪਰ ਦਿੱਲੀ 'ਚ ਤਾਂ ਵਿਤਕਰਾ ਤਾਂ ਹੋਣਾ ਹੀ ਹੋਇਆ, ਪਰ ਜਦੋਂ ਅਕਾਲੀ-ਭਾਜਪਾ ਦੀ ਸੂਬਾ ਸਰਕਾਰ ਸੀ, ਕੇਂਦਰ ਦੀ ਸਰਕਾਰ ਭਾਜਪਾ ਦੀ ਸੀ, ਪੁੱਛਿਆ ਉਸ ਵੇਲੇ ਵੀ ਕਿਸੇ ਨਹੀਂ।

ਪੰਜਾਬ 'ਚ ਸਿਆਸੀ ਪਾਰਟੀਆਂ ਦਾ ਵਰਤਾਰਾ ਲੋਕ ਹਿਤੈਸ਼ੀ ਨਹੀਂ ਹੈ। ਨਿੱਤ ਨਵੀਆਂ ਪਾਰਟੀਆਂ ਬਣ ਰਹੀਆਂ ਹਨ। ਉਦੇਸ਼ ਕਹਿਣ ਨੂੰ ਤਾਂ ਪੰਜਾਬ ਹਿਤੈਸ਼ੀ ਹੈ, ਪਰ ਪ੍ਰਾਪਤੀ ਕੁਰਸੀ ਦੀ ਹੈ।ਵੋਟਾਂ ਦੀ ਪ੍ਰਾਪਤੀ ਅਤੇ ਫੁੱਟ ਦੀ ਨੀਤੀ ਨੇ ਪੰਜਾਬ ਖੇਰੂੰ-ਖੇਰੂੰ ਕਰ ਦਿੱਤਾ ਹੈ। ਹਰ ਕੋਈ ਇਥੇ ਮੁੱਖਮੰਤਰੀ ਬਨਣਾ ਚਾਹੁੰਦਾ ਹੈ, ਪੰਜਾਬ ਦੇ ਭਲੇ ਦੀ ਗੱਲ ਤਾਂ ਦੋਮ ਹੈ। ਸਿਆਸੀਅਤ ਨੇ ਖੁਸ਼ਹਾਲ ਸੂਬੇ ਪੰਜਾਬ 'ਚ ਸਥਿਤੀਆਂ ਇਹੋ ਜਿਹੀਆਂ ਬਣਾ ਦਿੱਤੀਆਂ ਹਨ ਕਿ ਪੰਜਾਬੀਆਂ ਦਾ ਪੰਜਾਬ 'ਚ ਜੀਅ ਲੱਗਣੋ ਹੱਟ ਗਿਆ ਹੈ।

ਸਿਆਸੀ ਖਿਲਾਅ ਭਰਨ ਲਈ ਕੋਈ ਵੀ ਧਿਰ, ਅੱਗੇ ਨਹੀਂ ਆ ਰਹੀ । ਬੁੱਧੀਜੀਵੀ ਚੁੱਪ ਹਨ। ਨੌਜਵਾਨ ਬੇਰੁਜ਼ਗਾਰ, ਕਿਸਾਨ ਖੁਦਕੁਸ਼ੀ ਦੇ ਰਸਤੇ ਤੇ ਹਨ, ਮਜ਼ਦੂਰ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਆਮ ਲੋਕ ਮਹਿੰਗਾਈ ਨਾਲ ਵਿੰਨੇ ਪਏ ਹਨ। ਕੌਣ ਬਣੂ ਬਾਲੀ-ਵਾਰਸ ਪੰਜਾਬ ਦਾ? ਕੌਣ ਲਉ ਸਾਰ ਪੰਜਾਬ ਦੀ?
ਸਿਆਸੀ ਖਿਲਾਅ 'ਚ ਜੀਓ ਰਿਹਾ ਪੰਜਾਬ ਇਸ ਵੇਲੇ ਧਾਹਾਂ ਮਾਰ ਰੋ ਰਿਹਾ ਹੈ।

# ਵਿਰਾਸਤੀ ਕਲਾ ਚੁੱਲੇ ਚੌਂਕੇ ਦਾ ਓਟਾ ਜਾਂ ਵਿਰਾਸਤੀ ਕਲਾ ਦਾ ਉਤਮ ਨਮੂਨਾ ਓਟਾ



ਐਡਵੋਕੈਟ
ਰਵਿੰਦਰ ਸਿੰਘ ਧਾਲੀਵਾਲ
91-78374-90309

ਪੰਜਾਬੀ ਸੱਭਿਆਚਾਰ ਪੰਜਾਬੀਆ ਦੀ ਅਮੀਰ ਵਿਰਾਸਤ ਹੀ ਨਹੀ ਸਗੋ ਹੱਥੀ ਰਚੀ ਕਲਾ ਦਾ ਇਕ ਉਤਮ ਨਮੂਨਾ ਵੀ ਹੈ। ਜਿਸ ਨਾਲ ਪੁਰਾਣੇ ਸਮੇ ਦੇ ਲੋਕ ਅੱਜ ਵਾਂਗ ਆਪਣੇ ਘਰਾ ਨੂੰ ਸਜਾਉਣ ਦੇ ਨਾਲੋ ਨਾਲ ਦੇਸੀ ਕਲਾ ਦਾ ਮੁਜਾਹਰਾ ਵੀ ਕਰਦੇ ਸਨ । ਉਹਨਾ ਹੀ ਮਹਾਨ ਕਲਾ ਕ੍ਰਿਤੀਆ ਵਿਚੋ ਇਕ ਅਜੂਬਾ ਹੈ ਚੁੱਲੇ ਚੌਂਕੇ ਦਾ ਓਟਾ, ਓਟਾ ਜਿਸਦਾ ਸਰਲ ਪੰਜਾਬੀ ਵਿੱਚ ਅਰਥ ਉਹਲਾ ਜਾ ਪਰਦਾ ਕਰਨਾ ਹੈ। ਇਸਦਾ ਸਬਦਿਕ ਅਰਥ ਭਾਈ ਕਾਨ੍ਹ ਸਿੰਘ ਨਾਭਾ ਦੁਵਾਰਾ ਰਚਿਤ ਪੰਜਾਬੀ ਦੇ ਮਹਾਨ ਸਬਦ ਕੋਸ਼ ਵਿੱਚ ਵੀ ਅਰਥ ਉਲ੍ਹਾ, ਕਨਾਤ ਜਾ ਪੜਦੇ ਦੀ ਕੰਧ ਦੱਸਿਆ ਗਿਆ ਹੈ। ਜਿਸਨੂੰ ਵਿਆਕਰਨ ਭਾਸਾ ਵਿੱਚ (ਸੰਗਯਾ) ਨਾਮ ਦੇ ਤੋਰ ਵਰਤਿਆ ਜਾਦਾ ਹੈ। ਪੁਰਾਣੇ ਸਮੇ ਵਿੱਚ ਆਮ ਤੋਰ ਤੇ ਘਰਾ ਦੇ ਖੁਲੇ ਵਿਹੜੇ ਦੀ ਇਕ ਜਗ੍ਹਾ ਰਸੋਈ ਦੇ ਕੰਮ ਨਿਪਟਾਉਣ ਦੇ ਲਈ ਚੁੱਲੇ ਦੇ ਆਸੇ ਪਾਸੇ ਚਾਰ ਪੰਜ ਫੁੱਟ ਲੰਬੀ ਤੇ ਤਿੰਨ ਚਾਰ ਫੁੱਟ ਉਚੀ ਕੱਚੀਆ ਇੱਟਾ ਦੀ ਦੀਵਾਰ ਬਣਾ ਲਈ ਜਾਦੀ ਸੀ ਤਾ ਜੋ ਬਾਹਰੋ ਆ ਰਹੇ ਵਿਆਕਤੀਆ ਨੂੰ ਖਾਣੇ ਅਤੇ ਸਵਾਣੀਆ ਤੋ ਇਕ ਪਰਦਾ ਬਣਿਆ ਰਹੇ। ਇਸਦੇ ਅੰਦਰ ਚੁੱਲਾ ,ਹਾਰਾ ਤੇ ਵੱਡੇ ਪਰਿਵਾਰ ਹੋਣ ਕਾਰਨ ਰੋਟੀਆ ਬਣਾਉਣ ਲਈ ਵੱਡੀ ਤਵੀ ਵਾਲਾ ਚੁੱਲਾ ਅਲੱਗ ਤੋ ਮੋਜੂਦ ਹੁੰਦਾ ਸੀ। ਜਿਆਦਾਤਰ ਓਟੇ ਕੰਧ ਵਾਲੇ ਪਾਸੇ ਹੀ ਬਣਦੇ ਸਨ ਤਾ ਜੋ ਚੁੱਲੇ ਦੇ ਨਾਲ ਚੌਕਾ ਵੀ ਬਣਾਇਆ ਜਾ ਸਕੇ ਜਿਸ ਵਿਚ ਰੋਜ ਮਰ੍ਹਾ ਦੀ ਵਰਤੋ ਆਉਣ ਵਾਲੇ ਭਾਡੇ ਰੱਖੇ ਜਾਣ। ਇਹ ਸਭ ਬਣਾਉਣ ਸਮੇ ਮਿੱਟੀ ਦਾ ਖਾਸ ਧਿਆਨ ਰੱਖਿਆ ਜਾਦਾ ਇਸ ਲਈ ਕਾਲੀ ਜਾ ਟੋਬੇ ਵਿੱਚੋ ਕੱਢ ਕੇ ਲਿਆਦੀ ਚੀਕਣੀ ਮਿੱਟੀ ਦੀ ਹੀ ਵਰਤੋ ਕਰਦੇ ਸਨ ਤਾ ਜੋ ਲੰਮੇ ਸਮੇ ਤੱਕ ਟਿਕਾਊ ਰਹੇ। ਜਿਆਦਾਤਰ ਬਣਾਉਣ ਦਾ ਕੰਮ ਔਰਤਾ ਆਪਣੇ ਹੱਥੀ ਹੀ ਕਰਦੀਆ, ਬਾਹਰੋ ਮਿੱਟੀ ਦੀ ਢੋਹਾ ਢੋਹਾਈ ਲਈ ਮਰਦਾ ਤੋ ਜਰੂਰ ਮੱਦਦ ਲਈ ਜਾਦੀ। ਇਸ ਨੂੰ ਤਿਆਰ ਕਰਨ ਤੋ ਬਾਅਦ ਪਾਡੂ ਦੇ ਪੋਚਾ ਅਤੇ ਪੀਲੀ ਮਿੱਟੀ ਨਾਲ ਲਿੱਪ ਕੇ ਨਿਖਾਰਦੇ। ਇਸਦੀ ਬਣਾਵਟ ਸਮੇ ਇੱਟਾ ਦੀ ਚਿਣਾਈ ਦੌਰਾਨ ਛੋਟੀਆ ਮੋਰੀਆ ਰੱਖ ਕੇ ਓਟਾ ਨੂੰ ਹਵਾਦਾਰ ਬਣਾਉਦੇ ਸਨ। ਅੰਤਿਮ ਸੋਹਾ ਦਿੰਦੇ ਸਮੇ ਇਸ



ਉਪਰ ਚਿੱਟੀ ਕਲੀ, ਨੀਲ ਤੋ ਬਣਾਏ ਨੀਲੇ ਰੰਗ ਤੇ ਗੂੜੇ ਗਾਜਣੀ ਰੰਗ ਨਾਲ ਫੁੱਲ ਬੂਟਿਆ, ਮੋਰ, ਕਬੂਤਰ ਤੇ ਹੋਰ ਜਾਨਵਰਾ ਦੀ ਚਿੱਤਰਕਾਰੀ ਕਰਦੇ ਇਸੇ ਤਰਾ ਭਾਂਡੇ ਵਾਲੇ ਚੌਂਕੇ ਨੂੰ ਮਿੱਟੀ ਨਾਲ ਵੱਖੋ-ਵੱਖਰੇ ਆਕਾਰ ਦੇ ਕੇ ਤੇ ਰੰਗਾ ਨਾਲ ਸਜ-ਾਇਆ ਜਾਦਾ ਸੀ। ਇਸ ਰੰਗ ਬਿਰੰਗ ਓਟੇ ਦੇ ਚੁੱਲੇ ਚੌਂਕੇ ਵਿੱਚ ਲੋਹੇ, ਪਿੱਤਲ, ਕਾਂਸੀ, ਤਾਂਬੇ ਦੇ ਭਾਂਡਿਆ ਦੀ ਚਮਕ ਕਿਸੇ ਸੋਨੇ ਤੋ ਘੱਟ ਨਹੀ ਸੀ ਜਾਪਦੀ।

ਸਰਦੀਆ ਵਿੱਚ ਇਸ ਓਟੇ ਦੀ ਰੌਣਕ ਹੋਰ ਵੀ ਵਧ ਜਾਦੀ ਜਦੋ ਪਰਿਵਾਰ ਦਾ ਹਰ ਮੈਬਰ ਠੰਡ ਤੋ ਬਚਣ ਲਈ ਇਥੇ ਬਲ ਰਹੇ ਚੁੱਲੇ ਦੀ ਅੱਗ ਨੂੰ ਛੇਕਣ ਲਈ ਤਤਪਰ ਰਹਿਦਾ। ਇਹ ਵਿਰਸਤ ਜਿਥੇ ਸੁੱਧ ਤੇ ਸੰਵਾਦਲੇ ਖਾਣੇ ਲਈ ਜਾਣੀ ਜਾਦੀ ਉਥੇ ਹੀ ਘਰ ਦੇ ਮੈਬਰਾ ਨੂੰ ਏਕਤਾ ਵਿੱਚ ਵੀ ਸਮਾ ਕੇ ਰੱਖਦੀ ਸੀ। ਅਜੋਕੇ ਸਮੇ ਵਿਚਲੀ ਭਜ ਦੋੜ ਦੀ ਜਿੰਦਗੀ ਨੇ ਇਹ ਸਭ ਵਿਰਾਸਤਾ ਖੋਹ ਲਈਆ ਹਨ । ਪਰ ਹੁਣ ਵੀ ਹਰ ਸੱਚਾ ਪੰਜਾਬੀ ਆਪਣੇ ਦਿਲ ਅੰਦਰ ਭਲੇ ਵੇਲਿਆ ਨੂੰ ਤਲਾਸਦਾ ਇਹ ਹੀ ਕਹਿੰਦਾ ਹੈ ।

ਅੱਗ ਬਲਦੀ ਚੁੱਲੇ ਦੇ ਵਿੱਚ
ਨਾ ਰਿੜਕੇ ਕੋਈ ਮਧਾਣੀ

ਭੁੱਲ ਗਏ ਲੋਕ ਬਹਿ ਪੀੜੀ ਉਤੇ
ਚੁੱਲੇ ਮੂਹਰੇ ਰੋਟੀ ਖਾਣੀ '

ਅੱਜ ਭਾਵੇ ਬਹੁਤਕਨੀਕੀ ਯੁੱਗ ਵਿੱਚ ਇਹ ਸਾਝੇ ਚੁੱਲੇ ਜਾ ਘਰਾ ਦੀ ਰਵਾਇਤ ਤੇ ਅਸਲ ਖੁਲੇ ਆਸਮਾਨ ਵਿਚਲੀਆ ਰਸੋਈਆ ਨੂੰ ਖਤਮ ਹੀ ਕਰ ਦਿੱਤਾ ਜਿਸਦੀ ਜਗ੍ਹਾ ਹੁਣ ਡਰਾਇੰਗ ਰੂਮ ਜਾ ਲੋਬੀ ਕੋਲ ਅੰਦਰ ਬਣੀ ਰਸੋਈ ਨੂੰ ਓਪਨ ਚਿਕਨ ਆਖ ਖੁਲ ਮਹਿਸੂਸ ਕਰਦੇ ਹਨ। ਇਕਹਿਰੇ ਪਰਿਵਾਰ ਹੌੜ ਤੇ ਫੋਕੀ ਅਜਾਦੀ ਦੇ ਦੋੜ ਚਲਦਿਆ ਜਿਥੇ ਨਾ ਪਹਿਲਾ ਵਾਲੀ ਇਕ ਜੁਟਤਾ ਤੇ ਨਾ ਹੀ ਪਿਆਰ ਸਮਾਇਆ। ਪੈਸੇ ਇਕੱਠੇ ਕਰਨ ਦੀ ਲਾਲਸਾ ਨੇ ਇਸ ਨਵਯੁੱਗ ਵਿੱਚ ਅਮੀਰ ਪੰਜਾਬੀ ਵਿਰਸਾ ਗੁਆਚ ਹੀ ਗਿਆ ਹੈ। ਕਈ ਹੋਟਲਾ ਵਾਲੇ ਇਸ ਅਮੀਰ ਵਿਰਸੇ ਦੇ ਸਬੰਧਤ ਆਦਮ ਕੱਦ ਬੁੱਤਾ ਨਾਲ ਸਜਾ ਕੇ ਆਪਣੇ ਕਾਰੋਬਾਰ ਨੂੰ ਹਵੇਲੀ ਨੁਮਾ ਦੱਸ ਕੇ ਨਵੀ ਪੀੜੀ ਲ਼ਈ ਇਕ ਝਲਕ ਪੇਸ ਕਰਦੇ ਹੋਣ ਕਾਰਨ ਵਧਾਈ ਦੇ ਪਾਤਰ ਹਨ। ਭਾਵੇਂ ਇਸ ਪਿੱਛੇ ਉਹਨਾ ਦਾ ਮੁੱਖ ਮਕਸਦ ਪੈਸਾ ਕਮਾਉਣਾ ਹੀ ਹੈ। ਸਾਨੂੰ ਵੀ ਮਿਲਕੇ ਕੇ ਆਪਣੇ ਪੰਜਾਬੀ ਵਿਰਸੇ ਨੂੰ ਸਾਭਣ ਤੇ ਆਪਣੇ ਬੱਚਿਆ ਨੂੰ ਇਸ ਬਾਰੇ ਜਾਣੂ ਕਰਵਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ (1780-1839)



ਸਿੱਖ ਸਾਮਰਾਜ ਵਿਚ 1699 ਈ: ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ। ਧਰਮ ਯੁੱਧ ਵਿਚ ਬੇਸ਼ੁਮਾਰ ਸ਼ਹੀਦੀਆਂ ਹੋਈਆਂ। ਸੰਨ 1709 ਈ: ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੇ ਖਾਲਸੇ ਦੀ ਅਗਵਾਈ ਸ਼ਹੀਦ ਬਾਬਾ ਬੰਦਾ ਬਹਾਦਰ ਜੀ ਨੂੰ ਸੌਂਪੀ ਗਈ, ਜਿਹਨਾਂ ਨੇ ਸੰਨ 1710-1716 ਤੱਕ ਮੁਗਲ ਨੂੰ ਹਰਾ ਕੇ ਪਹਿਲਾ ਖਾਲਸਾ ਰਾਜ ਸਥਾਪਤ ਕੀਤਾ। ਸੰਨ 1716-1738 ਮੁਗਲਾਂ ਨੇ ਫਿਰ ਅੱਤ ਮਚਾਈ ਰੱਖੀ। ਸਿੰਘ ਬਗਾਵਤ ਅਧੀਨ ਗੁਰੀਲਾ ਯੁੱਧਾਂ ਵਿਚ ਰੁੱਝ ਗਏ। ਇਸ ਦੌਰਾਨ 1733-1735 ਮੁਗਲਾਂ ਨੇ ਆਰਜ਼ੀ ਤੌਰ 'ਤੇ ਨਵਾਬੀ ਸ. ਕਪੂਰ ਸਿੰਘ ਜੀ ਨੂੰ ਸੌਂਪੀ। ਸੰਨ 1748-1767 ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਹੋਏ। ਸੰਨ 1763-1774 ਸ. ਚੜ੍ਹਤ ਸਿੰਘ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਬਣੇ। ਉਹ ਗੁਜਰਾਂਵਾਲਾ ਵਿਖੇ ਸਥਾਪਤ ਹੋਏ। ਉਹ ਸ. ਨੌਧ ਸਿੰਘ ਦੇ ਪੁੱਤਰ ਅਤੇ ਸ. ਮਹਾਂ ਸਿੰਘ ਦੇ ਪਿਤਾ ਸਨ। ਉਹ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਾਦਾ ਜੀ ਸਨ। ਉਹਨਾਂ ਨੇ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਮੁਹਿੰਮ ਵਿਚ ਹਿੱਸਾ ਲਿਆ ਸੀ। ਉਹਨਾਂ ਨੇ 150 ਘੋੜ ਸਵਾਰਾਂ ਨਾਲ ਸਿੰਘਪੁਰੀਆ ਮਿਸਲ ਤੋਂ ਅਲੱਗ ਹੋ ਕੇ ਸ਼ੁਕਰਚੱਕੀਆ ਮਿਸਲ ਦੀ ਸਥਾਪਨਾ ਕੀਤੀ। ਸੰਨ 1774 ਵਿਚ ਸ. ਮਹਾਂ ਸਿੰਘ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਬਣੇ। ਉਹਨਾਂ ਦੇ ਪੁੱਤਰ ਮਹਾਰਾਜਾ ਰਣਜੀਤ ਸਿੰਘ ਇਤਿਹਾਸ ਦੇ ਜੰਗਜੂ, ਦਲੇਰ ਤੇ ਮਹਾਨ ਸ਼ਖਸੀਅਤ ਹੋਏ ਹਨ। ਉਹਨਾਂ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤਾ, ਜਿਸ ਵਿਚ ਹਰ ਧਰਮ ਦੇ ਲੋਕਾਂ ਦਾ ਬਰਾਬਰ ਦਾ ਸਤਿਕਾਰ ਸੀ।

ਆਪ ਜੀ ਦਾ ਜਨਮ 13 ਨਵੰਬਰ 1780 ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਮਿਸਲਦਾਰ ਅਤੇ ਮਾਤਾ ਰਾਜ ਕੌਰ ਜੀ ਦੇ ਘਰ ਹੋਇਆ। ਆਪ ਜੀ ਦਾ ਨਾਂ ਬੁੱਧ ਸਿੰਘ ਰੱਖਿਆ ਗਿਆ। ਆਪ ਜੀ ਦੇ ਜਨਮ ਦੀ ਖਬਰ ਪਿਤਾ ਜੀ ਨੂੰ ਉਸ ਵੇਲੇ ਮਿਲੀ ਜਦੋਂ ਉਹ ਇਕ ਜੰਗ ਜਿੱਤ ਕੇ ਆ ਰਹੇ ਸਨ, ਪੁੱਤਰ ਦਾ ਨਾਂ ਰਣਜੀਤ ਸਿੰਘ ਰੱਖਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਪ ਜੀ ਦੀ ਧਾਰਮਿਕ ਵਿੱਦਿਆ, ਘੋੜ ਸਵਾਰੀ, ਤੈਰਾਕੀ, ਸ਼ਸ਼ਤਰ ਵਿੱਦਿਆ ਅਤੇ ਸਰੀਰਕ ਕਸਰਤਾਂ ਦਾ ਵਿਸ਼ੇਸ਼ ਪ੍ਰਬੰਧ ਸੀ। ਆਪ ਤਲਵਾਰ ਦੇ ਧਨੀ ਸਨ। ਛੋਟੀ ਉਮਰ ਵਿਚ ਹੀ ਪਿਤਾ ਨਾਲ ਰਣਭੂਮੀ ਜਾਂਦੇ ਰਹੇ। ਇਕ ਜੰਗ ਵਿਚ 10 ਸਾਲ ਦੀ ਉਮਰ ਵਿਚ ਹੀ ਇਕ ਪਠਾਣ ਨੂੰ ਮਾਰ ਮੁਕਾਇਆ। ਪਿਤਾ ਜੀ ਦੇ ਚਲਾਣੇ ਤੇ 12 ਸਾਲ ਦੀ ਉਮਰ ਵਿਚ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਬਣੇ। ਛੋਟੀ ਉਮਰ ਕਰਕੇ ਸ. ਦਲ ਸਿੰਘ, ਦੀਵਾਨ ਲੱਖਪਤ ਰਾਏ ਅਤੇ ਮਾਤਾ ਰਾਜ ਕੌਰ ਜੀ ਨੇ ਰਿਆਸਤ ਦਾ ਪ੍ਰਬੰਧ ਸੰਭਾਲਿਆ। ਦੀਵਾਨ ਲੱਖਪਤ ਰਾਏ ਅਤੇ ਮਾਤਾ ਜੀ ਦੇ ਚਲਾਣੇ ਵੇਲੇ ਸ. ਰਣਜੀਤ ਸਿੰਘ ਦੀ ਉਮਰ 18 ਸਾਲ ਸੀ। ਉਹਨਾਂ ਨੇ ਕਾਰਜਭਾਰ ਆਪ ਸੰਭਾਲ ਲਿਆ। ਸੰਨ 1795 ਵਿਚ ਆਪ ਜੀ ਦਾ ਵਿਆਹ ਘਨੱਈਆ ਮਿਸਲ ਦੀ ਧੀ ਮਹਿਤਾਬ ਕੌਰ ਨਾਲ ਹੋਇਆ। ਆਪ ਜੀ ਦੀ ਸੱਸ ਰਾਣੀ ਸਦਾ ਕੌਰ ਦੀ ਯੋਗ ਅਗਵਾਈ ਹੇਠ ਆਪ ਜੀ ਨੇ ਬੜੀ ਤਰੱਕੀ ਕੀਤੀ।

ਆਪ ਜੀ ਨੇ ਕਈ ਮਿਸਲਾਂ ਨੂੰ ਜਿੱਤ ਕੇ 1799 ਵਿਚ ਸਿੱਖ ਸਾਮਰਾਜ ਦੀ ਨੀਂਹ ਰੱਖੀ ਕਿ ਜਮਾਲ ਸ਼ਾਹ ਦੇ ਲਾਹੌਰ ਤੋਂ ਵਾਪਸ ਜਾਣ ਤੇ ਭੰਗੀ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਭੰਗੀਆਂ ਦੇ ਅਯਾਸ਼ੀ, ਨਿਕੰਮੇ ਰਾਜ ਪ੍ਰਬੰਧ ਤੋਂ ਪਰਜਾ ਬੜੀ ਦੁਖੀ ਸੀ। ਕਸੂਰ ਦਾ ਨਵਾਬ ਨਿਜ਼ਾਮਦੀਨ ਕਸੂਰ 'ਤੇ ਹਮਲਾ ਕਰਨਾ ਚਾਹੁੰਦਾ ਸੀ। ਪਰਜਾ ਸੁਖ-ਸ਼ਾਂਤੀ ਅਤੇ ਅਮਨ ਲਈ ਸ. ਰਣਜੀਤ ਸਿੰਘ ਜੀ ਨੂੰ ਲਾਹੌਰ ਦਾ ਹਾਕਮ ਬਣਾਉਣਾ ਚਾਹੁੰਦੀ ਸੀ। ਪਰਜਾ ਸੁੱਖ-ਸ਼ਾਂਤੀ ਅਤੇ ਅਮਨ ਲਈ ਸ. ਰਣਜੀਤ ਸਿੰਘ ਜੀ ਨੂੰ ਲਾਹੌਰ ਦਾ ਹਾਕਮ ਬਣਾਉਣਾ ਚਾਹੁੰਦੀ ਸੀ। ਲਾਹੌਰ ਦੇ ਪਤਵੰਤਿਆਂ ਨੇ ਅਰਜ਼ ਕੀਤੀ ਕਿ ਤੁਹਾਨੂੰ ਅਸੀਂ ਲਾਹੌਰ 'ਤੇ ਕਬਜ਼ਾ ਕਰਨ ਦੀ ਬੇਨਤੀ ਕਰਦੇ ਹਾਂ। ਸ਼ਾਮਲ ਸਨ ਹਕੀਮ ਹਾਕਮ ਰਾਇ, ਮਾਹਿਰ ਮਹਿਕਮਦੀਨ, ਮੀਆਂ ਮੁਹੰਮਦ ਚਾਕਰ, ਮੀਆਂ ਮੁਹੰਮਦ ਤਾਹਰ, ਮੀਆਂ ਆਸ਼ਕ ਮੁਹੰਮਦ ਅਤੇ ਭਾਈ ਗੁਰਬਖਸ਼ ਸਿੰਘ ਆਦਿ। ਸ. ਰਣਜੀਤ ਸਿੰਘ ਨੇ ਕਾਜ਼ੀ ਅਬਦੁਲ ਰਹਿਮਾਨ ਨੂੰ ਲਾਹੌਰ ਦੀ ਰਾਜਨੀਤਿਕ ਸਥਿਤੀ ਦਾ ਪੂਰਾ ਜਾਇਜ਼ਾ ਲੈਣ ਲਈ ਭੇਜਿਆ। ਸ. ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ। ਰਾਣੀ ਸਦਾ ਕੌਰ ਵੀ ਰਣਜੀਤ ਸਿੰਘ ਦੀ ਮਦਦ ਲਈ ਆ ਗਈ। ਦੋਹਾਂ ਨੇ 25000 ਦੀ ਫੌਜ ਨਾਲ ਲਾਹੌਰ 'ਤੇ ਹਮਲਾ ਕਰ ਦਿੱਤਾ। ਰਾਣੀ ਸਦਾ ਕੌਰ ਨੇ ਦਿੱਲੀ ਦਰਵਾਜ਼ੇ ਤੋਂ ਹਮਲਾ ਕੀਤਾ। ਉਧਰੋਂ ਸ. ਰਣਜੀਤ ਸਿੰਘ ਜੀ ਨੇ ਵੀ ਲੋਹਾਰੀ ਦਰਵਾਜ਼ੇ ਤੋਂ ਹਮਲਾ ਕੀਤਾ। ਭੰਗੀ ਸਾਹਿਬ ਸਿੰਘ ਤੇ ਮੋਹਰ ਸਿੰਘ ਨੱਠ ਗਏ। ਚੇਤ ਸਿੰਘ ਹਜ਼ੂਰੀ ਬਾਗ ਕਿਲੇ ਵਿਚ ਜਾ ਵੜਿਆ। ਮੁਹਕਮਦੀਨ ਨੇ ਸ਼ਹਿਰ ਦੇ ਦਰਵਾਜ਼ੇ ਖੁੱਲ੍ਹਵਾ ਲਏ। ਸਰਦਾਰ ਚੇਤ ਸਿੰਘ ਕਿਲਾ ਖਾਲੀ ਕਰ ਗਿਆ। ਲਾਹੌਰ ਤੇ ਖਾਲਸੇ ਦਾ ਕਬਜ਼ਾ ਹੋ ਗਿਆ।

7 ਜੁਲਾਈ 1799 ਨੂੰ ਭੰਗੀ ਸਰਦਾਰ ਚੇਤ ਸਿੰਘ ਨੇ ਅਧੀਨਗੀ ਮੰਨ ਲਈ, ਉਸਨੂੰ ਵੱਡੀ ਜਾਗੀਰ ਦਿੱਤੀ ਗਈ। ਭੰਗੀ ਸਰਦਾਰ ਸਾਹਿਬ ਸਿੰਘ ਤੇ ਮੋਹਰ ਸਿੰਘ ਨੇ ਸ. ਜੋਧ ਸਿੰਘ ਰਾਮਗੜ੍ਹੀਆ ਅਤੇ ਕਸੂਰ ਦੇ ਨਵਾਬ ਨਿਜ਼ਾਮਦੀਨ ਨਾਲ ਮਿਲ ਕੇ ਲਾਹੌਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਭਸੀਨ ਦੇ ਮੈਦਾਨ ਵਿਚ ਹੋਈ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ। ਇਹਨਾਂ ਭੰਗੀਆਂ ਨੂੰ ਵੀ ਚੰਗੀਆਂ ਜਾਗੀਰਾਂ ਮਿਲੀਆਂ। ਜਿਸ ਕਿਸੇ ਨੇ ਵੀ ਅਧੀਨਗੀ ਮੰਨ ਲਈ, ਜਗੀਰਾਂ ਦਿੱਤੀਆਂ ਗਈਆਂ। ਨਾਲ ਹੀ ਸੀਰੋਵਾਲ ਅਤੇ ਨਾਰੋਵਾਲ ਵੀ ਜਿੱਤ ਲਏ।

ਸ. ਰਣਜੀਤ ਸਿੰਘ ਨੇ ਜੰਮੂ 'ਤੇ ਚੜ੍ਹਾਈ ਕੀਤੀ। ਜੰਮੂ ਦੇ ਰਾਜੇ ਨੇ ਅਧੀਨਤਾ ਮੰਨ ਲਈ ਅਤੇ 20000 ਰੁਪਏ ਤੇ ਇਕ ਹਾਥੀ ਭੇਟ ਕੀਤਾ। ਮੁੜਦਿਆਂ ਸ. ਰਣਜੀਤ ਸਿੰਘ ਨੇ ਸਿਆਲਕੋਟ ਅਤੇ ਦਿਲਾਵਰਗੜ੍ਹ ਉੱਤੇ ਕਬਜ਼ਾ ਕੀਤਾ। ਖਾਲਸੇ ਦੀਆਂ ਹੋ ਰਹੀਆਂ ਜਿੱਤਾਂ ਤੇ ਅੰਗਰੇਜ਼ਾਂ ਨੇ ਵੀ ਦੋਸਤੀ ਦਾ ਹੱਥ ਵਧਾਇਆ।

13 ਅਪ੍ਰੈਲ 1801 ਨੂੰ ਸ. ਰਣਜੀਤ ਸਿੰਘ ਬਕਾਇਦਾ ਤਖਤ 'ਤੇ ਬੈਠਾ ਅਤੇ 'ਮਹਾਰਾਜਾ' ਦੀ ਪਦਵੀ ਹਾਸਲ ਕੀਤੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਮਹਾਰਾਜਾ ਨੇ ਰਾਜ ਪ੍ਰਬੰਧ ਵਿਚ ਸੁਧਾਰ ਲਿਆਂਦਾ। ਰਾਜ ਪ੍ਰਬੰਧ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੂੰ ਯੋਗਤਾ ਅਨੁਸਾਰ ਪ੍ਰਬੰਧਕ ਰੱਖਿਆ। ਅਮਨ ਕਾਨੂੰਨ ਨੂੰ ਯਕੀਨੀ ਬਣਾਇਆ। ਪਰਜਾ ਦਾ ਵਿਸ਼ਵਾਸ ਜਿੱਤਿਆ।

ਧਰਮ ਅਸਥਾਨਾਂ ਦੀ ਉਨਤੀ ਲਈ ਮਾਇਆ ਵੰਡੀ। ਸਕੂਲਾਂ ਅਤੇ ਹਸਪਤਾਲਾਂ ਦਾ ਮਿਆਰ ਵਧਾਇਆ। ਸਰਕਾਰੀ ਕਰਮਚਾਰੀਆਂ ਨੂੰ ਪਰਜਾ ਦੇ ਜਵਾਬਦੇਹ ਬਣਾਇਆ। ਲੋਕਰਾਜ ਪੱਖੀ ਸਭਨਾਂ ਦਾ ਸਾਂਝਾ ਪੰਜਾਬੀ ਖਾਲਸਾ ਰਾਜ ਸਥਾਪਤ ਕੀਤਾ। ਭਰਾਤਰੀ ਭਾਵ ਵਧਿਆ, ਛੋਟੀਆਂ-ਵੱਡੀਆਂ ਤਾਕਤਾਂ ਨਾਲ ਬੜੀ ਸਿਆਣਪ ਨਾਲ ਨਜਿੱਠ ਕੇ ਆਪਣਾ ਵਿਸ਼ਾਲ ਰਾਜ ਕਾਇਮ ਕੀਤਾ। ਕੁਸ਼ਲ ਰਾਜ ਪ੍ਰਬੰਧ ਚਲਾਉਂਦਿਆਂ ਜੰਗੀ ਮੁਹਿੰਮਾਂ ਵੀ ਜਾਰੀ ਰੱਖੀਆਂ।

ਸੰਨ 1801 ਕਸੂਰ ਵਿਰੁੱਧ ਫੌਜ ਭੇਜੀ। ਫਸਵੀਂ ਲੜਾਈ ਤੋਂ ਬਾਅਦ ਨਿਜ਼ਾਮਦੀਨ ਨੇ ਅਧੀਨਗੀ ਮੰਨ ਲਈ ਅਤੇ ਰਕਮ ਭਰਨ ਦੀ ਹਾਮੀ ਭਰੀ। ਪਰ ਨਿਜ਼ਾਮਦੀਨ ਨੇ ਇਕ ਵਾਰ ਫਿਰ ਕੋਸ਼ਿਸ਼ ਕੀਤੀ ਪਰ ਮਹਾਰਾਜ ਨੇ ਉਸਨੂੰ ਹਾਰ ਦਿੱਤੀ। ਨਿਜ਼ਾਮਦੀਨ 1807 ਵਿਚ ਗੁਜ਼ਰ ਗਿਆ। ਉਸਦਾ ਭਰਾ ਕੁਤਬਦੀਨ ਕਸੂਰ ਦਾ ਹਾਕਮ ਬਣਿਆ। ਮਹਾਰਾਜਾ ਨੇ ਕਸੂਰ ਤੇ ਚੜ੍ਹਾਈ ਕਰ ਦਿੱਤੀ। ਮਹਾਰਾਜਾ ਨੇ ਕਸੂਰ 'ਤੇ ਕਬਜ਼ਾ ਕਰਕੇ ਨਵਾਬ ਕੁਤਬਦੀਨ ਨੂੰ ਮਮਦੋਟ (ਫਿਰੋਜ਼ਪੁਰ) ਇਕ ਲੱਖ ਰੁਪਏ ਸਾਲਾਨਾ ਆਮਦਨ ਦੀ ਜਗੀਰ ਦੇ ਦਿੱਤੀ। ਸੰਨ 1803 ਵਿਚ ਮਹਾਰਾਜਾ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਮੁਜ਼ੱਫਰ ਖਾਂ ਨੇ ਅਧੀਨਗੀ ਮੰਨ ਕੇ ਰਕਮ ਅਦਾ ਕੀਤੀ। ਇਸ ਲੜਾਈ ਵਿਚ ਨਵਾਬ ਕੁਤਬਦੀਨ ਨੇ ਮੁਲਤਾਨ ਦੇ ਨਵਾਬ ਦੀ ਮਦਦ ਕਰਨ ਬਦਲੇ ਮਹਾਰਾਜਾ ਤੋਂ ਮੁਆਫੀ ਲਈ 70 ਹਜ਼ਾਰ ਰੁਪਿਆ ਦਿੱਤਾ। ਸੰਨ 1805 ਵਿਚ ਅੰਗਰੇਜ਼ ਲਾਰਡ ਲੇਕ ਅਤੇ ਇੰਦੌਰ ਦਾ ਮਰਹੱਟਾ ਰਾਜਾ ਜਸਵੰਤ ਰਾਓ ਹਲਕਰ ਵਿਚਕਾਰ ਲੜਾਈ ਦੇ ਆਸਾਰ ਬਣ ਗਏ। ਮਹਾਰਾਜਾ ਨੇ ਉਹਨਾਂ ਦਾ ਰਾਜੀਨਾਵਾਂ ਕਰਵਾ ਦਿੱਤਾ। ਅੰਗਰੇਜ਼ਾਂ ਨੇ ਉਸਦਾ ਇਲਾਕਾ ਵਾਪਸ ਕਰ ਦਿੱਤਾ। ਮਹਾਰਾਜਾ ਨੇ ਪਟਿਆਲਾ ਅਤੇ ਨਾਭਾ ਦਾ ਝਗੜਾ ਵੀ ਨਿਬੇੜਿਆ। ਨਿਪਾਲੀ ਜਰਨੈਲ ਅਮਰ ਸਿੰਘ ਥਾਪਾ ਨੇ ਪਹਾੜੀ ਇਲਾਕਾ ਕਬਜ਼ੇ ਹੇਠ ਲਿਆ ਤਾਂ ਮਹਾਰਾਜਾ ਨੇ ਉਸਨੂੰ ਕਾਂਗੜਾ ਤੋਂ ਭਜਾ ਦਿੱਤਾ। ਮਹਾਰਾਜਾ ਨਾਲ ਹੀ ਪਠਾਨਕੋਟ, ਜਸਰੋਟਾ ਅਤੇ ਚੰਬਾ ਵੀ ਫਤਿਹ ਕਰ ਲਿਆ।

ਸਰਦਾਰ ਤਾਰਾ ਸਿੰਘ ਡਲੇਵਾਲ ਦੇ ਮਰਨ ਤੇ ਮਹਾਰਾਜਾ ਨੇ ਉਸਦਾ ਇਲਾਕਾ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਸੰਨ 1808 ਵਿਚ ਪਟਿਆਲਾ ਦੇ ਸਰਦਾਰਾਂ ਨੇ ਅੰਗਰੇਜ਼ਾਂ ਨਾਲ ਸਾਂਝ ਪਾਉਣ ਦਾ ਫੈਸਲਾ ਕੀਤਾ। ਅੰਗਰੇਜ਼ ਨੈਪੋਲੀਅਨ ਅਤੇ ਰੂਸ ਦੇ ਬਾਦਸ਼ਾਹ ਦੇ ਹਮਲੇ ਤੋਂ ਡਰਦਿਆਂ ਸਿੱਖਾਂ ਨਾਲ ਭਿੜਨਾ ਨਹੀਂ ਚਾਹੁੰਦੇ ਸਨ। ਮਹਾਰਾਜਾ ਅਤੇ ਅੰਗਰੇਜ਼ਾਂ ਵਿਚ ਸੰਧੀ ਤਜਵੀਜ਼ ਚੱਲ ਰਹੀ ਸੀ। ਮਹਾਰਾਜਾ ਨੇ ਮਾਲਵੇ ਦੇ ਇਲਾਕੇ ਨੂੰ ਸੁਰੱਖਿਅਤ ਕਰਨਾ ਚਾਹਿਆ। ਅੰਗਰੇਜ਼ਾਂ ਨੇ ਮਹਾਰਾਜਾ ਨੂੰ ਚਿੱਠੀ ਭੇਜੀ ਸਤਲੁਜ ਤੋਂ ਦੱਖਣ ਵੱਲ ਦੇ ਸਿੱਖ ਇਲਾਕਿਆਂ ਨੂੰ ਉਹਨਾਂ ਆਪਣੀ ਰੱਖਿਆ ਹੇਠ ਲੈ ਲਿਆ ਹੈ। ਅੰਗਰੇਜ਼ ਫੌਜ ਲੁਧਿਆਣਾ ਆ ਟਿਕੀ। ਮਹਾਰਾਜਾ ਨੇ ਵੀ ਤਿਆਰ ਫੜ ਲਈ, ਫੌਜ ਦਾ ਤੋਪਖਾਨਾ ਫਿਲੌਰ ਭੇਜਿਆ। ਅੰਮ੍ਰਿਤਸਰ ਦੇ ਕਿਲੇ ਪੱਕੇ ਕਰ ਲਏ। ਤੋਪਾਂ ਬੀੜ ਲਈਆਂ। ਸਿੱਖਾਂ ਨੂੰ ਤਿਆਰੀ ਲਈ ਇਕ ਲੱਖ ਫੌਜ ਦੇ ਦਿੱਤੀ। ਪਰ ਕੋਈ ਕਦਮ ਨਾ ਚੁੱਕਿਆ।

25 ਅਪ੍ਰੈਲ 1809 ਨੂੰ ਅੰਮ੍ਰਿਤਸਰ ਦੀ ਸੰਧੀ ਦੀਆਂ ਹੇਠ ਲਿਖੀਆਂ ਸ਼ਰਤਾਂ ਸਨ:-

ਅੰਗਰੇਜ਼ੀ ਸਰਕਾਰ ਤੇ ਲਾਹੌਰ ਦਰਬਾਰ ਵਿਚ ਦੋਸਤਾਨਾ ਰਹੇਗਾ। ਅੰਗਰੇਜ਼ੀ ਸਰਕਾਰ ਮਹਾਰਾਜਾ ਸਾਹਿਬ ਦਾ ਸਤਿਕਾਰ ਅਤੇ ਇਕ ਵੱਡੀ ਸ਼ਕਤੀ ਗਿਣੇਗੀ। ਉਹਨਾਂ ਦੇ ਉਤਰ ਵੱਲ ਸਤਲੁਜ ਦਰਿਆ ਦੇ ਇਲਾਕਿਆਂ ਵਿਚ ਦਖਲ ਨਹੀਂ ਦੇਵੇਗੀ। ਮਹਾਰਾਜਾ ਸਤਲੁਜ ਦੇ ਦੱਖਣ ਦੇ ਇਲਾਕਿਆਂ ਵਿਚ ਦਖਲ ਨਹੀਂ ਦੇਵੇਗਾ।

ਇਸ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਲੁਧਿਆਣਾ ਛਾਉਣੀ ਪਾ ਲਈ। ਇਸ ਨਾਲ ਮਹਾਰਾਜਾ ਦਾ ਇਕ ਪਾਸਿਉਂ ਅੰਗਰੇਜ਼ਾਂ ਦਾ ਡਰ ਖਤਮ ਹੋ ਗਿਆ। ਹੁਣ ਉਹ ਪੱਛਮ ਦੇ ਪਹਾੜੀ ਇਲਾਕੇ ਜਿੱਤਣ ਵੱਲ ਧਿਆਨ ਕਰਨ ਲੱਗੇ। ਅੰਗਰੇਜ਼ਾਂ ਦੀ ਸਿੱਖਾਂ ਦੀ ਤਾਕਤ ਘਟਾਉਣ ਦੀ ਸਾਜ਼ਿਸ਼ ਸੀ। ਅੰਗਰੇਜ਼ ਲੁਧਿਆਣਾ ਛਾਉਣੀ ਦੇ ਬਰਾਬਰ ਮਹਾਰਾਜਾ ਨੇ ਕਾਂਗੜੇ ਵਾਲੀ ਫੌਜ ਨੂੰ ਫਿਲੌਰ ਤਾਇਨਾਤ ਹੋਣ ਦਾ ਹੁਕਮ ਦਿੱਤਾ। ਨੇਪਾਲ ਦਾ ਸੈਨਾਪਤੀ ਫਿਰ ਕਾਂਗੜਾ ਆ ਵੜਿਆ। ਗੋਰਖਿਆਂ ਨਾਲ ਡਟਵੀਂ ਲੜਾਈ ਹੋਈ, 24 ਸਤੰਬਰ 1809 ਨੂੰ ਖਾਲਸੇ ਦਾ ਕਬਜ਼ਾ ਹੋ ਗਿਆ। ਸਰਦਾਰ ਦੇਸਾ ਸਿੰਘ ਮਜੀਠੀਏ ਨੂੰ ਹਾਕਮ ਬਣਾ ਦਿੱਤਾ। ਮਹਾਰਾਜਾ ਨੇ ਸ਼ਾਹੀ ਦਰਬਾਰ ਲਾਇਆ, ਜਿਸ ਵਿਚ ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰਾ, ਗੁਲੇਰ, ਕਾਹਲੂਰ, ਮੰਡੀ, ਸੁਕੇਤ ਅਤੇ ਕੁੱਲੂ ਦੇ ਰਾਜੇ ਸ਼ਾਮਲ ਹੋਏ, ਜਿਹਨਾਂ ਰਕਮਾਂ ਅਦਾ ਕੀਤੀਆਂ।

ਮੁਲਤਾਨ ਉੱਤੇ 1803, 1810, 1817, 1818 ਵਿਚ ਹਮਲੇ ਕੀਤੇ। ਨਵਾਬ ਮੁਜ਼ਫਰ ਖਾਂ, ਜਿਸਨੇ ਪਹਿਲਾਂ ਅਧੀਨਗੀ ਮੰਨੀ ਸੀ, ਫਿਰ ਬਾਗੀ ਹੋ ਗਿਆ। ਮਹਾਰਾਜਾ ਦੀ ਫੌਜ ਅਤੇ ਸਰਦਾਰ ਫਤਿਹ ਸਿੰਘ ਆਹਲੂਵਾਲੀਆ ਦੀ ਫੌਜ ਨਾਲ ਉਸਦਾ ਟਾਕਰਾ ਹੋਇਆ। ਉਸਨੇ ਹਾਰ ਕੇ ਫਿਰ ਅਧੀਨਗੀ ਮੰਨ ਲਈ।

ਕਾਬਲ ਦੇ ਬਾਦਸ਼ਾਹ ਸ਼ਾਹ ਸ਼ੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲ੍ਹੇਦਾਰ ਜਹਾਨ ਖਾਂ ਸੀ, ਉਸਨੇ ਸ਼ਾਹ ਸ਼ੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤੇ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜ਼ੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸ਼ੁਜਾਹ ਕਸ਼ਮੀਰ ਵਿਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧਾ ਅਤੇ 9 ਲੱਖ ਰੁਪਿਆ ਦੇਵਾਂਗਾ। ਉਦੋਂ ਹੀ ਸ਼ਾਹ ਸ਼ੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਜੇ ਤੁਸੀਂ ਸ਼ਾਹ ਸ਼ੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਦੇਵੇਗੀ। ਮਹਾਰਾਜਾ ਨੇ ਖਾਲਸਾ ਫੌਜ ਨੂੰ ਕਸ਼ਮੀਰ 'ਤੇ ਚੜ੍ਹਾਈ ਕਰਨ ਦਾ ਹੁਕਮ ਕੀਤਾ। ਸਰਦਾਰ ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ। ਖਾਲਸਾ ਨੇ ਸ਼ੇਰਗੜ੍ਹੀ ਤੇ ਕਬਜ਼ਾ ਕਰਕੇ ਸ਼ਾਹ ਸ਼ੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸਾ ਨੇ ਵਜ਼ੀਰ ਫਤਿਹ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਏ ਮੰਗੇ ਤਾਂ ਬਹਾਨੇ ਲਾਉਣ ਲੱਗਾ। ਖਾਲਸਾ ਫੌਜਾਂ ਨੇ ਸ਼ਾਹ ਸ਼ੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿੱਤਾ। ਜੂਨ 1813 ਵਿਚ ਬੇਗਮ ਨੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਰਕਜ਼ਈ ਸਰਦਾਰਾਂ ਦੀ ਅਫ਼ਗਾਨਿਸਤਾਨ ਵਿਚ ਵਧਦੀ ਤਾਕਤ ਦੇਖ ਕੇ ਅਟਕ ਦੇ ਕਿਲ੍ਹੇਦਾਰ ਜਹਾਂਦੀਦ ਨੇ ਬਾਰਕਜ਼ਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ। ਕਾਬਲ ਤੋਂ ਵਜ਼ੀਰ ਫਤਿਹ ਖਾਂ ਨੇ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜ੍ਹਾਈ ਕਰ ਦਿੱਤੀ। ਹਜ਼ਾਰੋ ਨੇੜੇ ਖੂਨੀ ਝੜਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫੌਜ ਭੱਜ ਗਈ। ਇਸ ਨਾਲ 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1814 ਵਿਚ ਮਹਾਰਾਜਾ ਆਪ ਕਸ਼ਮੀਰ ਦੀ ਮੁਹਿੰਮ ਤੇ ਗਏ। ਬਹਿਰਾਮ, ਅਮਾਦਪੁਰ ਤੇ ਹਮੀਰਾ 'ਤੇ ਕਬਜ਼ਾ ਕੀਤਾ। ਖਾਸੇ ਨੇ ਸ਼੍ਰੀਨਗਰ ਨੂੰ ਘੇਰਾ ਪਾਇਆ। ਕਸ਼ਮੀਰ ਦੇ ਹਾਕਮ ਅਜ਼ੀਮ ਖਾਂ ਨੇ ਸੁਲਾਹ ਕਰ ਲਈ ਤਾਂ ਮੁਹਿੰਮ ਖਤਮ ਹੋਈ। ਸੰਨ 1815 ਵਿਚ ਖਾਲਸਾ ਫੌਜ ਨੇ ਰਾਜੌਰੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆ। ਰਾਜਾ ਨੂਰਪੁਰ, ਰਾਜਾ ਜਸਵਾਲ ਅਤੇ ਕਾਂਗੜਾ ਦੇ ਇਲਾਕੇ ਵੀ ਸਰ ਕਰ ਗਏ। ਮੁਲਤਾਨ ਦੇ ਨਵਾਬ ਮੁਜ਼ੱਫਰ ਖਾਂ ਨੇ ਚੜ੍ਹਾਈ ਕਰ ਦਿੱਤੀ। ਮੁਲਤਾਨ ਦੇ ਨੇੜੇ ਘਮਸਾਨ ਦੀ ਲੜਾਈ ਹੋਈ। ਨਵਾਬ ਕਿਲੇ ਅੰਦਰ ਚਲਾ ਗਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜ਼ੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਚੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਅਕਾਲੀ ਫੂਲਾ ਸਿੰਘ ਦਾ ਜਥਾ ਕਿਲੇ ਵਿਚ ਦਾਖਲ ਹੋ ਗਿਆ। ਮੁਲਤਾਨ ਦਾ ਨਵਾਬ ਮੁਜ਼ੱਫਰ ਖਾਂ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰ੍ਹਾਂ ਖਾਲਸਾ ਰਾਜ ਹੇਠ ਆ ਗਿਆ।

18 ਨਵੰਬਰ 1818 ਨੂੰ ਮਹਾਰਾਜਾ ਨੇ ਪਿਸ਼ਾਵਰ 'ਤੇ ਚੜ੍ਹਾਈ ਕੀਤੀ। ਰੁਹਤਾਸ, ਰਾਵਲਪਿੰਡੀ, ਪੰਜਾ ਸਾਹਿਬ ਤੋਂ ਹੁੰਦੇ ਹੋਏ ਹਜ਼ਰੋ ਪਹੁੰਚੇ। ਦਰਿਆ ਅਟਕ ਪਾਰ ਪਠਾਣਾਂ ਨਾਲ ਘਮਸਾਣ ਦੀ ਜੰਗ ਹੋਈ। ਸਿੰਘ ਯੋਧੇ ਬਹਾਦਰੀ ਨਾਲ ਲੜੇ। ਮਹਾਰਾਜਾ ਨੇ ਖੈਰਾਬਾਦ ਤੇ ਜਹਾਂਗੀਰੀ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ। ਜਦੋਂ ਖਾਲਸਾ ਫੌਜ ਪਿਸ਼ਾਵਰ ਵੱਲ ਵਧੀ ਤਾਂ ਹਾਕਮ ਯਾਰ, ਮੁਹੰਮਦ ਖਾਂ ਭੱਜ ਗਿਆ। ਮਹਾਰਾਜਾ ਦੇ ਹੱਥ 14 ਤੋਪਾਂ ਤੇ ਘੋੜਿਆਂ ਸਮੇਤ ਬਹੁਤ ਸਾਰਾ ਜੰਗੀ ਸਮਾਨ ਹੱਥ ਆਇਆ। ਮਹਾਰਾਜਾ ਨੇ ਕਬਜ਼ਾ ਕਰਕੇ ਜਹਾਂਦਾਦ ਨੂੰ ਪਿਸ਼ਾਵਰ ਦਾ ਹਾਕਮ ਨਿਯੁਕਤ ਕੀਤਾ। ਮਹਾਰਾਜਾ ਨੇ ਮੁੜਨ ਤੇ ਯਾਰ ਮੁਹੰਮਦ ਖਾਂ ਨੇ ਜਹਾਂਦਾਦ ਨੂੰ ਕੱਢ ਕੇ ਬੇਨਤੀ ਭੇਜੀ ਕਿ ਮੈਨੂੰ ਹਾਕਮ ਬਣਾਓ। ਮੈਂ ਸਾਲ ਦਾ ਇਕ ਲੱਖ ਰੁਪਿਆ ਦੇਵਾਂਗਾ। ਮਹਾਰਾਜਾ ਨੇ ਉਸਨੂੰ ਪਿਸ਼ਾਵਰ ਦਾ ਹਾਕਮ ਬਣਾਇਆ।

ਕਸ਼ਮੀਰ ਦਾ ਹਾਕਮ ਜਾਬਰ ਖਾਂ ਪਰਜਾ 'ਤੇ ਬੜਾ ਜ਼ੁਲਮ ਕਰਦਾ ਸੀ। ਉਸਦਾ ਮਾਲ ਮੰਤਰੀ ਪੰਡਤ ਬੀਰ ਦੇਵ ਮਹਾਰਾਜਾ ਦੀ ਸ਼ਰਨ ਵਿਚ ਆ ਗਿਆ। ਮਹਾਰਾਜਾ ਨੇ ਉਸ ਤੋਂ ਕਸ਼ਮੀਰ ਦੇ ਜੰਗੀ ਰਸਤੇ ਦੀ ਸੂਹ ਲੈ ਲਈ। ਰਾਜੌਰੀ ਤੇ ਹਮਲਾ ਕਰਨ ਲਈ ਸ਼ਾਹਜ਼ਾਦਾ ਖੜਕ ਸਿੰਘ ਨੂੰ ਮੁਖੀ ਬਣਾਇਆ। ਉਥੋਂ ਦਾ ਹਾਕਮ ਅਗਰ ਖਾਂ ਭੱਜ ਗਿਆ। ਉਸਦੇ ਭਰਾ ਹਰੀਮਉੱਲਾ ਨੂੰ ਕੈਦ ਕਰ ਲਿਆ। ਮਹਾਰਾਜਾ ਨੇ ਉਸਨੂੰ ਹਾਕਮ ਬਣਾ ਦਿੱਤਾ। ਖਾਲਸਾ ਫੌਜ ਬਹਿਰਾਮ ਪਹੁੰਚੀ। ਸਪੀਨ ਦੇ ਹਾਕਮ ਨੇ ਅਧੀਨਗੀ ਮੰਨ ਲਈ। ਪੁਣਛ ਦਾ ਹਾਕਮ ਜਬਰਦਸਤ ਵੀ ਅਧੀਨ ਹੋ ਗਿਆ। ਸੰਨ 1819 ਵਿਚ ਕਸ਼ਮੀਰ ਤੇ ਹੱਲਾ ਬੋਲਿਆ। ਜਬਰ ਖਾਂ ਮੈਦਾਨ ਛੱਡ ਕੇ ਨੱਸ ਗਿਆ। ਅਮਨ ਪੂਰਵਕ ਫੌਜ ਸ੍ਰੀਨਗਰ ਵਿਚ ਦਾਖਲ ਹੋਈ। ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਹਾਕਮ ਨਿਯੁਕਤ ਕੀਤਾ। ਸ. ਸ਼ਾਮ ਸਿੰਘ ਅਟਾਰੀ, ਸ. ਜਵਾਲਾ ਸਿੰਘ ਭੜਾਣੀਆ ਅਤੇ ਮਿਸਰ ਦੀਵਾਨ ਚੰਦ ਇਲਾਕੇ ਦੀ ਨਿਗਰਾਨੀ ਲਈ ਉਥੇ ਟਿਕੇ ਰਹੇ। ਮਹਾਰਾਜਾ ਨੇ ਕਸ਼ਮੀਰ ਦੀ ਉਨਤੀ ਲਈ ਬੜੇ ਯਤਨ ਕੀਤੇ। ਵਿਉਪਾਰ, ਦਸਤਕਾਰੀ ਨੂੰ ਉਤਸ਼ਾਹ ਦਿੱਤਾ। ਜਦ ਭਿਆਨਕ ਕਾਲ ਪਿਆ ਤਾਂ ਮਹਾਰਾਜਾ ਨੇ ਦਿਲ ਖੋਲ੍ਹ ਕੇ ਅਨਾਜ ਵੰਡਿਆ। ਜਰਨੈਲ ਹਰ ਸਿੰਘ ਨਲੂਆ ਨੂੰ ਹਾਕਮ ਨਿਯੁਕਤ ਕੀਤਾ।

ਕਸ਼ਮੀਰ ਦੀ ਜਿੱਤ ਤੋਂ ਬਾਅਦ ਮਹਾਰਾਜਾ ਨੇ ਪਿੰਡ ਭਟੀਆਂ ਚਨਯੋਟ ਮੁਲਤਾਨ ਵਿਖੇ ਖੁੱਲ੍ਹੇ ਦਰਬਾਰ ਲਗਾਏ। ਪਰਜਾ ਦੀਆਂ ਮੁਸ਼ਕਿਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਦੇ ਗਏ। ਜਦੋਂ ਮਹਾਰਾਜਾ ਨੂੰ ਪਤਾ ਲੱਗਾ ਕਿ ਮੁਲਤਾਨ ਦਾ ਹਾਕਮ ਸ਼ਾਮ ਸਿੰਘ ਪਿਸ਼ੌਰੀਏ ਦੇ ਹੱਥੋਂ ਪਰਜਾ ਦੁਖੀ ਹੈ ਤਾਂ ਉਸਨੂੰ ਤੁਰੰਤ ਪਦਵੀ ਤੋਂ ਲਾਹ ਦਿੱਤਾ। ਜਥੇਦਾਰ ਖੁਸ਼ਹਾਲ ਸਿੰਘ ਨੂੰ ਫੌਜ ਦੇ ਕੇ ਡੇਹਰਾ ਗਾਜ਼ੀ ਖਾਂ ਤੇ ਕਬਜ਼ਾ ਕਰਨ ਲਈ ਭੇਜਿਆ। ਹਾਕਮ ਜਮਾਨ ਖਾਂ ਭੱਜ ਗਿਆ।ਸੰਨ 1820 ਵਿਚ ਸੈਨਾਪਤੀ ਫਤਿਹ ਸਿੰਘ ਆਹਲੂਵਾਲੀਆ, ਸ. ਸ਼ਾਮ ਸਿੰਘ ਅਟਾਰੀ ਤੇ ਦੀਵਾਨ ਰਾਮ ਦਿਆਲ ਦੇ ਨਾਲ ਫੌਜ ਹਜ਼ਾਰੇ ਭੇਜੀ। ਸੈਨਾਪਤੀ ਰਾਮ ਦਿਆਲ ਪਠਾਣਾਂ ਹੱਥੋਂ ਮਾਰਿਆ ਗਿਆ। ਸਿੰਘਾਂ ਨੇ ਪਠਾਣਾਂ ਦੇ ਆਹੂ ਲਾਹ ਦਿੱਤੇ। ਉਹ ਭੱਜ ਗਏ ਹਜ਼ਾਰ ਦਾ ਇਲਾਕਾ ਫਤਿਹ ਹੋ ਗਿਆ।

ਸੰਨ 1821 ਵਿਚ ਸਿੱਖ ਫੌਜਾਂ ਨੇ ਮਨਕੇਰਾ ਦਾਖਲ ਹੁੰਦਿਆਂ ਭਖਰ ਦਾ ਕਿਲਾ ਸਰ ਕੀਤਾ। ਫਿਰ ਡੇਹਰਾ ਇਸਮਾਈਲ ਖਾਂ, ਖਾਨਗੜ੍ਹ ਦੇ ਕਿਲੇ ਸਰ ਕੀਤੇ। ਮਨਕੇਰਾ ਨਵਾਬ ਅਹਿਮਦ ਖਾਂ ਨੇ ਟਾਕਰਾ ਕੀਤਾ। ਪਰ ਛੇਤੀ ਹੀ ਹਾਰ ਮੰਨ ਗਿਆ। ਪਰ ਨਵਾਬ ਅਹਿਮਦ ਖਾਂ ਨੂੰ ਡੇਰਾ ਇਸਮਾਈਲ ਖਾਂ ਜਗੀਰ ਵਿਚ ਦੇ ਦਿੱਤਾ। ਇਸ ਮੁਹਿੰਮ ਵਿਚ ਦਸ ਲੱਖ ਸਾਲਾਨਾ ਆਮਦਨ ਦਾ ਇਲਾਕਾ ਸਿੱਖ ਰਾਜ ਵਿਚ ਆ ਗਿਆ।

ਵਜ਼ੀਰ ਮੁਹੰਮਦ ਖਾਂ ਨੇ 1823 ਵਿਚ ਪਿਸ਼ੌਰ ਤੇ ਚੜ੍ਹਾਈ ਕੀਤੀ। ਉਸਦਾ ਭਰਾ ਮੁਹੰਮਦ ਯਾਰ ਖਾਂ ਪਿਸ਼ੌਰ ਦਾ ਹਾਕਮ ਸੀ। ਪਰ ਉਸਦੇ ਨਾਲ ਰਲਿਆ ਹੋਇਆ ਸੀ। ਤਦ ਹੀ ਤਾਂ ਉਹ ਇਲਾਕਾ ਛੱਡ ਕੇ ਭੱਜ ਗਿਆ। ਅਮੀਨ ਖਾਂ ਨੇ ਬਿਨਾਂ ਕਿਸੇ ਟਾਕਰੇ ਦੇ ਪਿਸ਼ੌਰ ਤੇ ਕਬਜ਼ਾ ਕਰ ਲਿਆ। ਉਹਨਾਂ ਜਹਾਦ ਦਾ ਨਾਅਰਾ ਦੇ ਕੇ ਹੋਰ ਪਠਾਣ ਵੀ ਨਾਲ ਰਲਾ ਲਏ। ਉਹਨਾਂ ਨੇ ਨੌਸ਼ਹਿਰਾ ਅਤੇ ਹਸਤ ਨਗਰ ਮੁਕਾਬਲੇ ਲਈ ਚੁਣ ਲਏ। ਸ਼ਾਹਜ਼ਾਦਾ ਸ਼ੇਰ ਸਿੰਘ ਦੀ ਅਗਵਾਈ ਹੇਠ ਖਾਲਸਾ ਫੌਜ ਪਿਸ਼ੌਰ ਵੱਲ ਤੁਰੀ। ਸ. ਹਰੀ ਸਿੰਘ ਨਲੂਆ ਵੀ ਪਹੁੰਚ ਗਿਆ। ਮਹਾਰਾਜਾ ਨਾਲ ਅਕਾਲੀ ਫੂਲਾ ਸਿੰਘ, ਸ. ਦੇਸਾ ਸਿੰਘ ਮਜੀਠੀਆ ਅਤੇ ਫਤਿਹ ਸਿੰਘ ਆਹਲੂਵਾਲੀਆ ਸਨ। ਅਜ਼ੀਮ ਖਾਂ ਦੇ ਭਤੀਜੇ ਮੁਹੰਮਦ ਜਮਾਨ ਨੇ ਜਹਾਂਗੀਰੇ ਦਾ ਕਿਲਾ ਸਰ ਕਰ ਲਿਆ। ਜਦੋਂ ਸਿੱਖ ਫੌਜਾਂ ਪਹੁੰਚੀਆਂ ਤਾਂ ਉਹਨਾਂ ਨੇ ਜਹਾਂਗੀਰੇ ਤੇ ਕਬਜ਼ਾ ਕਰ ਲਿਆ।

ਦੋਸਤ ਮੁਹੰਮਦ ਖਾਂ ਨੇ ਜਬਾਰ ਖਾਨ ਨਾਲ ਜਹਾਂਗੀਰੇ ਦੇ ਨੇੜੇ ਖੂਨੀ ਜੰਗ ਹੋਈ। ਸਿੰਘਾਂ ਨੇ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ। ਪਠਾਣਾਂ ਨੇ ਅਟਕ ਪਾਰ ਗਏ ਸਿੰਘਾਂ ਤੇ ਅਟਕ ਦਾ ਪੁਲ ਤੋੜ ਦਿੱਤਾ। ਮਹਾਰਾਜਾ ਨੇ ਆਪਣਾ ਘੋੜਾ ਅਟਕ ਦਰਿਆ ਵਿਚ ਠੇਲ੍ਹ ਦਿੱਤਾ। ਨਾਲ ਹੀ ਸੂਰਬੀਰ ਖਾਲਸਾ ਅਟਕ ਦਰਿਆ ਪਾਰ ਹੋ ਗਿਆ। ਪਠਾਣ ਜਹਾਂਗੀਰ ਤੋਂ ਨੌਸ਼ਹਿਰਾ ਵੱਡੀ ਫੌਜ ਨਾਲ ਇਕੱਠੇ ਹੋ ਗਏ। ਜਹਾਂਗੀਰੇ ਵਿਖੇ ਨਰਾਜ਼ ਸਰਦਾਰ ਜੈ ਸਿੰਘ ਅਟਾਰੀ ਨਜ਼ੀਮ ਖਾਂ ਤੋਂ ਵੱਖ ਹੋ ਕੇ ਮਹਾਰਾਜਾ ਨਾਲ ਆਣ ਰਲਿਆ। ਮਾਰਚ 14, 1824 ਨੂੰ ਅਕਾਲੀ ਫੂਲਾ ਸਿੰਘ ਵੈਰੀਆਂ ਦੇ ਦਲ ਤੇ ਜਾ ਪਏ। ਮਹਾਰਾਜਾ ਨੇ ਹੋਰ ਫੌਜ ਭੇਜੀ। ਅਕਾਲੀ ਜੀ ਨੇ ਰਣਤੱਤੇ ਵਿਚ ਬੜੀ ਬਹਾਦਰੀ ਦੇ ਜੌਹਰ

(ਬਾਕੀ ਅਗਲੇ ਸਫੇ 'ਤੇ)

## ਸੁਨੇਹੜਾ

ਚੱਲੀਂ ਏਂ ਤੂੰ ਚੱਲੀਂ ਮੇਰੇ ਯਾਰ ਵਾਲੇ ਦੇਸੜੇ ਨੂੰ
ਜਾਂਦੀ ਹੋਈ ਸੁਨੇਹੜਾ ਮੇਰਾ ਲੈ 'ਜੀਂ ਹਵਾ ਰਾਣੀਏਂ!
ਪੌਣਾਂ ਤੇਰੀਆਂ ਦੇ ਕੰਨੀਂ ਬੰਨ੍ਹਾਂ ਮੈਂ ਸੁਨੇਹੜਾ ਮੇਰਾ
ਯਾਰ ਦੇ ਤੂੰ ਹੱਥ ਪਕੜਾਵੀਂ ਹਵਾ ਰਾਣੀਏਂ!
ਹੰਝੂਆਂ ਦਾ ਭਰ ਕੇ ਕਟੋਰਾ ਇੱਕ ਪੌਣੀਂ ਰੱਖਾਂ
ਸੋਹਣੇ ਦੇ ਇਹ ਕਦਮੀਂ ਟਿਕਾਵੀਂ ਹਵਾ ਰਾਣੀਏਂ!
ਦਿਲਾਂ ਵਾਲੇ ਦੁੱਖੜੇ ਦੀ ਗੰਢ ਤੈਨੂੰ ਬੰਨ੍ਹ ਦੇਵਾਂ
ਸਨਮੁਖ ਯਾਰ ਦੇ ਖੁਲ੍ਹਾਵੀਂ ਹਵਾ ਰਾਣੀਏ!
ਸੱਧਰਾਂ ਦਾ ਸੇਕ ਲੈ ਜਾ, ਚਾਵਾਂ ਦੀ ਖ਼ੁਆਰੀ ਲੈ ਜਾ
ਬੁੱਲੇ 'ਨਾ ਉਡਾ ਕੇ ਇਹ ਲੈ ਜਾਵੀਂ ਹਵਾ ਰਾਣੀਏਂ!
ਮੁੜਦੀ ਹੋਈ, ਯਾਰ ਨੂੰ ਤੂੰ ਬਾਹੋਂ ਫੜ ਨਾਲ ਆਵੀਂ
ਜਿੰਦ ਮੇਰੀ ਕੱਢ, ਨਹੀਂ, ਲੈ ਜਾਵੀਂ ਹਵਾ ਰਾਣੀਏਂ!



-ਡਾ. ਬਲਵੀਰ ਮੰਨਣ
91-94173-45485

## ਨਿਕਲੇ ਨ੍ਹੀ ਚਿੱਬ ਸਾਡੇ ?

ਮਹਾਂਮਾਰੀ ਤੋਂ ਬਚੇ ਜੋ ਲੋਕ ਬਹੁਤੇ
ਐਂਵੇਂ ਰੌਲਾ ਐ ਆਖ ਕੇ ਹੱਸਦੇ ਨੇ।

ਰੋਕਾਂ ਅਤੇ ਹਦਾਇਤਾਂ ਤੋਂ ਅੱਕ ਚੁੱਕੇ
ਆਪੋ ਧਾਪੀਆਂ ਪਾਉਣ ਲਈ ਨੱਸਦੇ ਨੇ।

ਚੰਗਾ ਲੱਗਿਆ ਸਹਿਜ ਤੇ ਸਬਰ ਨਾਹੀਂ
ਭੱਜ ਦੌੜ ਲਈ ਤਿਆਰੀਆਂ ਕੱਸਦੇ ਨੇ।

ਖੋਤੀ ਆਏ ਗੀ ਘੁੰਮ ਕੇ ਬੋਹੜ ਥੱਲੇ
'ਝੱਲ ਪੁਣੇ' ਲਈ ਤਰਸਦੇ ਦੱਸਦੇ ਨੇ।

ਰੱਦੀ ਮੱਤਿ ਦੇ ਕਾਗਜ ਤੇ ਪੈਂਨ ਸੁੱਕਾ
ਲਿਖ ਸਕੀ ਨਾ ਅਕਲ ਦੀ ਨਿੱਬ੍ਹ ਸਾਡੇ।

ਮਾਰੀ ਸੱਟ 'ਕਰੋਨੇ' ਨੇ ਬਹੁਤ ਵੱਡੀ
ਐਪਰ ਨਿੱਕਲੇ ਹਾਲੇ ਨਹੀਂ ਚਿੱਬ ਸਾਡੇ!



-ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ (1780-1839)

(ਸਫਾ 22 ਦੀ ਬਾਕੀ)

ਦਿਖਾਏ ਅਤੇ ਲੜਦੇ ਲੜਦੇ ਸ਼ਹੀਦ ਹੋ ਗਏ। ਸਿੱਖ ਫੌਜਾਂ ਨੇ ਰੋਹ ਵਿਚ ਆ ਕੇ ਪਠਾਣਾਂ ਦੇ ਪੈਰ ਉਖਾੜ ਦਿੱਤੇ। ਪਠਾਣ ਭੱਜ ਗਏ, ਖਾਲਸਾ ਫੌਜ ਦੇ ਹੱਥ ਬਹੁਤ ਸਾਰਾ ਜੰਗੀ ਸਮਾਨ ਆਇਆ। ਇਸ ਜੰਗ ਵਿਚ ਖਾਲਸਾ ਫੌਜ ਦਾ ਵੀ ਵੱਡਾ ਨੁਕਸਾਨ ਹੋਇਆ। ਪਰ ਬਹੁਤ ਸਾਰਾ ਪਠਾਣੀ ਇਲਾਕਾ ਮਹਾਰਾਜਾ ਦੇ ਕਬਜ਼ੇ ਵਿਚ ਆ ਗਿਆ। ਤੇ ਦੋਸਤ ਮੁਹੰਮਦ ਖਾਂ ਨੇ 50 ਵਧੀਆ ਘੋੜੇ ਅਤੇ ਹੋਰ ਕੀਮਤੀ ਤੋਹਫ਼ੇ ਮਹਾਰਾਜਾ ਨੂੰ ਭੇਂਟ ਕੀਤੇ। ਯਾਰ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ।

ਸਯਦ ਅਹਿਮਦ ਨੇ 50,000 ਪਠਾਣਾਂ ਨੂੰ ਜਹਾਦ ਦੇ ਨਾਂ ਹੇਠ ਇਕੱਠਾ ਕਰ ਲਿਆ। ਮਹਾਰਾਜਾ ਨੇ ਬਗਾਵਤ ਨੂੰ ਦਬਾਉਣ ਲਈ ਸਰਦਾਰ ਬੁੱਧ ਸਿੰਘ ਸੰਧਾਵਾਲੀਆ ਨੂੰ ਪਿਸ਼ੌਰ ਭੇਜਿਆ। ਦੋ ਤਕੜੀਆਂ ਜੰਗਾਂ ਵਿਚ ਸਯਦ ਅਹਿਮਦ ਹਾਰ ਗਿਆ। ਉਹ ਫਿਰ ਅਟਕ ਦੇ ਇਲਾਕੇ ਵਿਚ ਆ ਨਿਕਲਿਆ। ਮਹਾਰਾਜਾ ਖੜਕ ਸਿੰਘ ਜੀ ਨੂੰ ਭੇਜਿਆ। ਪਠਾਣਾਂ ਅਤੇ ਸਿੰਘਾਂ ਵਿਚ ਤਕੜਾ ਯੁੱਧ ਹੋਇਆ। ਪਠਾਣ ਮੈਦਾਨ ਛੱਡ ਕੇ ਭੱਜ ਗਏ। ਮਹਾਰਾਜਾ ਨੇ ਫਿਰ ਵੀ ਤਿਆਰੀ ਨਾਲ ਪਿਸ਼ੌਰ ਤੇ ਹਮਲਾ ਕੀਤਾ। ਯਾਰ ਮੁਹੰਮਦ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ। ਉਹ ਸਯਦ ਅਹਿਮਦ ਦੇ ਹੱਥੋਂ ਮਾਰਿਆ ਗਿਆ। ਸਯਦ ਅਹਿਮਦ ਨੇ ਪਿਸ਼ੌਰ ਤੇ ਕਬਜ਼ਾ ਕਰ ਲਿਆ। ਉਸਨੇ ਔਰਤਾਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ।

ਕੰਵਰ ਸ਼ੇਰ ਸਿੰਘ ਤੇ ਵਨਤੂਰਾ ਦੀ ਅਗਵਾਈ ਹੇਠ ਫੌਜ ਭੇਜੀ ਗਈ। ਸਯਦ ਅਹਿਮਦ ਦੀ ਹਾਰ ਹੋਈ। ਪਿਸ਼ੌਰ ਤੇ ਮਹਾਰਾਜਾ ਦਾ ਕਬਜ਼ਾ ਹੋ ਗਿਆ। ਸੁਲਤਾਨ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ। ਉਸਨੇ ਪ੍ਰਸਿੱਧ ਘੋੜਾ ਮਹਾਰਾਜਾ ਨੂੰ ਭੇਂਟ ਕੀਤਾ। ਸਯਦ ਅਹਿਮਦ ਨੇ ਸੁਲਤਾਨ ਮੁਹੰਮਦ ਨਾਲ ਕਈ ਵਾਰ ਲੜਾਈਆਂ ਲੜੀਆਂ। ਅੰਤ ਵਿਚ ਪਠਾਣ ਉਸਦਾ ਸਾਥ ਛੱਡ ਗਏ। ਉਹ ਮੁਜੱਫਰਾਬਾਦ ਚਲਾ ਗਿਆ। ਖਾਲਸਾ ਫੌਜ ਨੇ ਮੁਜੱਫਰਨਗਰ ਦੇ ਕਿਲੇ ਨੂੰ ਘੇਰਾ ਪਾ ਲਿਆ। ਸਯਦ ਅਹਿਮਦ ਮਾਰਿਆ ਗਿਆ।

ਅੰਗਰੇਜ਼ਾਂ ਨਾਲ ਪ੍ਰਬੰਧਕਾਂ ਦੀਆਂ ਮੁਲਾਕਾਤਾਂ ਹੋਈਆਂ। ਮਹਾਰਾਜਾ ਨਾਲ ਵੀ ਅਕਤੂਬਰ 1831 ਨੂੰ ਮੁਲਾਕਾਤ ਹੋਈ, ਜੋ ਏਕਤਾ ਦਾ ਸਬੂਤ ਸਨ। ਸੰਨ 1834 ਵਿਚ ਮਹਾਰਾਜਾ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਅਤੇ ਹਰੀ ਸਿੰਘ ਨਲੂਆ ਅਧੀਨ ਫੌਜ ਪਿਸ਼ਾਵਰ ਭੇਜੀ। ਪਠਾਣਾਂ ਨੇ ਸ਼ਹਿਰ ਦੀ ਕਿਲਾਬੰਦੀ ਕਰਕੇ ਖਾਲਸੇ ਦਾ ਟਾਕਰਾ ਕੀਤਾ। ਪਰ ਖਾਲਸੇ ਦੀ ਜਿੱਤ ਹੋਈ। ਪਿਸ਼ਾਵਰ ਦਾ ਹਾਕਮ ਕੰਵਰ ਨੌਨਿਹਾਲ ਨੂੰ ਨਿਯੁਕਤ ਕੀਤਾ। ਮਹਾਰਾਜਾ ਨੇ ਹੋਰ ਵੀ ਕਿਲੇ ਬਣਾ ਲਏ। ਕਾਬਲ ਦੇ ਬਾਦਸ਼ਾਹ ਮੁਹੰਮਦ ਖਾਂ ਨੇ 1835 ਵਿਚ ਪਿਸ਼ਾਵਰ ਤੇ ਚੜ੍ਹਾਈ ਕਰ ਦਿੱਤੀ। ਪਰ ਛੇਤੀ ਹੀ ਜਿੱਤਣ ਦੀ ਉਮੀਦ ਛੱਡ ਦਿੱਤੀ। ਕੰਵਰ ਸ਼ੇਰ ਸਿੰਘ ਕਸ਼ਮੀਰ ਦਾ ਹਾਕਮ ਸੀ, ਨੇ ਲਦਾਖ ਤੇ ਸ. ਜ਼ੋਰਾਵਰ ਸਿੰਘ ਹੇਠ 8000 ਫੌਜ ਭੇਜੀ। ਪਹਾੜੀਆਂ ਦੀ ਦੋ ਮਹੀਨੇ ਦੀ ਲੜਾਈ ਵਿਚ ਲਦਾਖੀ ਭੱਜ ਗਏ। ਲਦਾਖ ਸਿੱਖ ਰਾਜ ਵਿਚ ਸ਼ਾਮਲ ਹੋ ਗਿਆ।

ਸ. ਹਰੀ ਸਿੰਘ ਨਲੂਆ ਨੇ ਕਾਬਲ ਤੋਂ ਆਉਣ ਵਾਲੇ ਦੁਸ਼ਮਣਾਂ ਦੇ ਵੱਡੇ ਰਾਹ ਦਰ੍ਹਾ ਖੈਬਰ ਨੂੰ ਰੋਕਣ ਦਾ ਫੈਸਲਾ ਕੀਤਾ। ਇਸ ਲਈ ਦਰ੍ਹਾ ਖੈਬਰ ਦੇ ਅੱਗੇ ਜਮਰੌਦ 'ਤੇ ਕਬਜ਼ਾ ਕੀਤਾ। ਪਿਸ਼ੌਰ ਤੋਂ ਜਮਰੌਦ ਦੇ ਰਾਹ ਉੱਤੇ 'ਬੁਰਜ ਹਰੀ ਸਿੰਘ ਕਿਲਾ ਬਣਵਾਇਆ। ਇਕ ਕਿਲਾ ਬਾੜਾ ਨਦੀ ਦੇ ਕੰਢੇ ਅਤੇ ਹਸਤਾਨਗਰ, ਬਿਜੌਰ ਤੇ ਗੰਧਾਰ ਦੇ ਰਾਹ ਰੋਕਣ ਲਈ ਸ਼ੰਕਰਗੜ੍ਹ ਕਿਲਾ ਬਣਾਇਆ। ਇਸ ਪਠਾਣੀ ਇਲਾਕੇ ਵਿਚ ਵੱਡੀ ਫੌਜ ਰੱਖ ਕੇ ਅਮਨ ਕਾਇਮ ਕੀਤਾ।

ਅਪ੍ਰੈਲ 1837 ਨੂੰ ਦੋਸਤ ਮੁਹੰਮਦ ਖਾਂ ਨੇ ਸਿੱਖ ਰਾਜ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ। ਆਪਣੇ ਪੁੱਤਰ ਮੁਹੰਮਦ ਅਕਬਰ ਦੇ ਹੇਠ ਫੌਜ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜੀ। ਉਸ ਵੇਲੇ ਸ. ਮਹਾਂ ਸਿੰਘ ਦੇ ਕੋਲ 800 ਫੌਜੀ ਸਨ ਤੇ ਉਹ ਬਿਮਾਰ ਸੀ। ਸ. ਹਰੀ ਸਿੰਘ ਨਲੂਆ ਵੀ ਮੌਜੂਦ ਨਹੀਂ ਸੀ। ਦੁਸ਼ਮਣ ਦੀ ਫੌਜ ਨੇ ਜਮਰੌਦ ਕਿਲੇ ਦੀਆਂ ਕੰਧਾਂ ਤੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਸ. ਮਹਾਂ ਸਿੰਘ ਨੇ ਮੁਕਾਬਲਾ ਕੀਤਾ। ਪਠਾਣਾਂ ਨੇ ਕਿਲੇ ਦੀ ਕੰਧ ਢਾਹ ਲਈ ਪਰ ਡਰਦੇ ਕਿਲੇ ਵਿਚ ਨਾ ਵੜੇ।

ਸ. ਹਰੀ ਸਿੰਘ ਨਲੂਆ ਵੱਲ ਚਿੱਠੀ ਭੇਜੀ ਗਈ। ਸ. ਨਲੂਆ 10 ਹਜ਼ਾਰ ਦੀ ਫੌਜ ਲੈ ਕੇ ਜਮਰੌਦ ਪੁੱਜਾ। ਸਿੰਘਾਂ ਅਤੇ ਪਠਾਣਾਂ ਦੀ ਭਿਆਨਕ ਲੜਾਈ ਹੋਈ। ਸਿੰਘਾਂ ਨੇ ਪਠਾਣਾਂ ਨੂੰ ਮਾਰ ਢੇਰ ਲਗਾ ਦਿੱਤੇ। ਪਠਾਣੀ ਫੌਜ ਭੱਜ ਗਈ। ਉਹ 14 ਤੋਪਾਂ ਅਤੇ ਜੰਗੀ ਸਮਾਨ ਵੀ ਛੱਡ ਗਏ। ਸ. ਨਿਧਾਨ ਸਿੰਘ ਪਿੱਛਾ ਕਰਦਾ ਪਠਾਣੀ ਫੌਜ ਦੇ ਘੇਰੇ ਵਿਚ ਆ ਗਿਆ। ਸ. ਨਲੂਆ ਉਸਦੀ ਮਦਦ ਲਈ ਦੌੜੇ। ਪਠਾਣ ਲੁਕੇ ਹੋਏ ਵੀ ਸਨ। ਉਹਨਾਂ ਸ. ਨਲੂਆ ਤੇ ਗੋਲੀਆਂ ਚਲਾ ਦਿੱਤੀਆਂ। ਸਖਤ ਫੱਟੜ ਖਾਲਸੇ ਨੇ ਲੁਕੇ ਹੋਏ ਪਠਾਣਾਂ ਨੂੰ ਮਾਰ ਮੁਕਾਇਆ। ਸ. ਨਲੂਆ ਨੂੰ ਜਮਰੌਦ ਦੇ ਕਿਲੇ ਵਿਚ ਲਿਜਾਇਆ ਗਿਆ, ਜ਼ਖਮਾਂ ਦਾ ਇਲਾਜ ਕੀਤਾ ਪਰ ਉਹ ਸ਼ਹੀਦੀ ਪਾ ਗਏ। ਮਹਾਰਾਜਾ ਨੇ ਆਪ ਪਿਸ਼ੌਰ ਜਾ ਕੇ ਬਹਾਦਰ ਜਰਨੈਲ ਨੂੰ ਸ਼ਰਧਾਂਜਲੀ ਦਿੱਤੀ।

ਅਫ਼ਗਾਨ ਤੇ ਕਬਜ਼ਾ ਕਰਨ ਲਈ ਮਹਾਰਾਜਾ ਨੇ ਕੰਵਰ ਨੌਨਿਹਾਲ ਸਿੰਘ ਨਾਲ ਫੌਜ ਭੇਜੀ। ਇਸ ਜੰਗ ਵਿਚ ਸਿੱਖ ਅਤੇ ਅੰਗਰੇਜ਼ ਰਲ ਕੇ ਲੜੇ। ਦੋਸਤ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ। ਸ਼ਾਹ ਸੁਜਾਹ ਨੂੰ ਕਾਬਲ ਦਾ ਹਾਕਮ ਬਣਾਇਆ। ਮਈ 1839 ਨੂੰ ਮਹਾਰਾਜਾ ਨੂੰ ਅਧਰੰਗ ਦਾ ਸਖਤ ਦੌਰਾ ਪਿਆ। ਰੋਗ ਵਧਦਾ ਹੀ ਗਿਆ। ਮਹਾਰਾਜਾ ਨੇ ਸਭ ਮੋਹਤਬਰਾਂ ਨੂੰ ਬੁਲਾ ਕੇ ਹਜ਼ੂਰੀ ਬਾਗ ਵਿਚ ਆਖਰੀ ਦਰਬਾਰ ਕੀਤਾ। ਸ਼ਹਿਜਾਦਾ ਖੜਕ ਸਿੰਘ ਨੂੰ ਰਾਜ ਗੱਦੀ ਸੌਂਪਣ ਦੀ ਰਸਮ ਪੂਰੀ ਕੀਤੀ ਗਈ। ਮੁੱਖ ਵਜ਼ੀਰ ਰਾਜਾ ਧਿਆਨ ਸਿੰਘ ਨੂੰ ਬਣਾਇਆ। ਮਹਾਰਾਜਾ ਦੇ ਬੋਲ ਸਨ ਕਿ ਖਾਲਸਾ ਜੀ ਸਿੱਖ ਰਾਜ ਦੀ ਵਾੜੀ ਨੂੰ ਬੜੀ ਮਿਹਨਤ ਅਤੇ ਮੁਸ਼ਕਿਲ ਨਾਲ ਸਤਿਗੁਰੂ ਦੀ ਬਖਸ਼ਿਸ਼ ਨਾਲ ਲਾਇਆ ਹੈ।

ਵੇਖਣਾ ਕੋਈ ਐਸਾ ਕੰਮ ਨਾ ਕਰਨਾਂ ਕਿ ਖਾਲਸਾ ਰਾਜ ਨੂੰ ਨੁਕਸਾਨ ਪੁੱਜੇ। ਖ਼ਾਲਸਾਈ ਨਿਸ਼ਾਨ ਨੂੰ ਉੱਚਿਆਂ ਰੱਖਣ ਲਈ ਜ਼ੋਰ ਲਾਉਣਾ। ਮਹਾਰਾਜਾ ਦਾ ਅਕਾਲ ਚਲਾਣਾ 27 ਜੂਨ 1839 ਨੂੰ ਹੋਇਆ। ਲੋਕ ਮਹਾਰਾਜਾ ਦੇ ਅੰਤਿਮ ਦਰਸ਼ਨਾਂ ਲਈ ਪਹੁੰਚੇ। ਲੋਕਾਂ ਨੇ ਇਕੋ ਆਵਾਜ਼ ਵਿਚ ਕਿਹਾ ਕਿ ਪੰਜਾਬ ਰੰਡੀ ਹੋ ਗਈ ਹੈ। ਮਹਾਰਾਜਾ ਦਾ ਸਸਕਾਰ ਛੋਟੀ ਰਾਵੀ ਦੇ ਕੰਢੇ ਲਾਹੌਰ ਕਿਲੇ ਦੇ ਬਾਹਰ ਗੁਰਦੁਆਰਾ ਡੇਹਰਾ ਸਾਹਿਬ ਸਾਹਮਣੇ ਕੀਤਾ ਗਿਆ। ਇਸ ਦੀ ਯਾਦਗਾਰ ਪੱਛਮੀ ਪੰਜਾਬ ਪਾਕਿਸਤਾਨ ਵਿਚ ਰਹਿ ਗਈ ਹੈ। ਮਹਾਰਾਜਾ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤਾ। ਚਾਰ ਸੂਬੇ ਸਨ- ਲਾਹੌਰ, ਮੁਲਤਾਨ, ਪਿਸ਼ਾਵਰ ਅਤੇ ਕਸ਼ਮੀਰ।


RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago's Pizza with a Twist
Call: 1-209-398-2221







Parvinder Dhesi



Kulwant Sandhu
1471 B St., Unit B, Livingston, CA 95334

# ਭਾਰਤੀਆਂ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ



ਹਰਨਾਮ ਦਾਸ ਮਹੇ
91-94654-66905

ਪੁਰਾਣਾ ਇਤਿਹਾਸ ਫੋਲੀਏ ਤਾਂ ਭਾਰਤ ਇਕ ਆਦਿ ਵਾਸੀਆਂ, ਭੀਲ, ਸੰਬਾਲ ਅਤੇ ਦਰਾਵੜੀਆਂ ਵਗੈਰਾ ਜਾਤੀਆਂ ਦਾ ਦੇਸ਼ ਸੀ। ਇਨਾਂ ਦੇ ਸਿੱਧੇ ਸਾਧੇ ਹੋਣ ਦਾ ਫਾਇਦਾ ਆਰੀਅਨ ਨੇ ਉਠਾਇਆ ਅਤੇ ਭਾਰਤ ਹੌਲੀ ਹੌਲੀ ਜਾਤੀਵਾਦ ਤੇ ਵਰਣਵਾਦ ਵਿੱਚ ਵੰਡਿਆ ਗਿਆ। ਸਿਰਫ ਬ੍ਰਾਹਮਣ ਜਾਤੀ ਨੂੰ ਹੀ ਪੜਨ ਅਤੇ ਪੂਜਾ ਪਾਠ ਕਰਨ ਦਾ ਅਧਿਕਾਰ ਮਿਲਿਆ। ਮੰਨੂ ਦੁਆਰਾ ਰਚਿਤ ਮੰਨੂ ਸਮਰਿਤੀ ਦੇ ਕਨੂੰਨ ਸਥਾਪਿਤ ਹੋਏ। ਸਰਵਪੱਖੀ ਵਿਕਾਸ ਪਖੋਂ ਕਾਫੀ ਪਿਛੜਿਆ ਗਿਆ।

ਮੁਗਲਾਂ ਦੇ ਹਮਲਿਆਂ ਦਾ ਜ਼ਿਕਰ ਆਉਂਦਾ ਹੈ, ਪਰ ਮੁਗਲਾਂ ਨੂੰ ਭਾਰਤ ਤੇ ਕਬਜ਼ਾ ਕਰਨ ਵਿੱਚ ਕੋਈ ਖਾਸ ਔਕੜਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਭਾਰਤ ਬਹੁਤ ਛੋਟੀਆਂ ਛੋਟੀਆਂ ਰਿਆਸਤਾਂ ਵਿੱਚ ਵੰਡਿਆ ਗਿਆ। ਸਮਾਜਿਕ ਪਖੋਂ ਜਾਤਪਾਤ ਕਾਰਨ ਕਾਫੀ ਪਿਛੇ ਪੈ ਗਿਆ। ਮੁਗਲ ਸ਼ਾਸਕਾਂ ਨੇ ਆਪਣਾ ਧਰਮ ਫੈਲਾਉਣ ਦੀ ਥੋੜੀ ਬਹੁਤ ਕੋਸ਼ਿਸ਼ ਕੀਤੀ। ਪਰ ਸਾਰਾ ਭਾਰਤ ਇਸਲਾਮ ਦੇ ਰੰਗ ਵਿੱਚ ਨਹੀਂ ਰੰਗ ਹੋਇਆ। ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਵਾ ਜੀ ਮਰਾਠਾ ਵਰਗਿਆਂ ਨੇ ਮੁਗਲਾਂ ਦਾ ਡਟ ਕੇ ਮੁਕਾਬਲਾ ਕੀਤਾ। ਇਸ ਸਦਕਾ ਮੁਗਲ ਕਮਜ਼ੋਰ ਹੋ ਗਏ। ਇਸੇ ਕਮਜ਼ੋਰੀ ਕਾਰਨ ਬਰਤਾਨੀਆ ਤੋਂ ਗੋਰੇ ਈਸਟ ਇੰਡੀਆ ਕੰਪਨੀ ਦੁਆਰਾ ਵਿਉਪਾਰ ਕਰਦੇ ਕਰਦੇ ਸਾਰੇ ਦੇਸ਼ ਵਿੱਚ ਬਰਤਾਨੀਆ ਦਾ ਰਾਜ ਸਥਾਪਿਤ ਹੋ ਗਿਆ। ਪੁਰਤਗਾਲੀ ਤੇ ਫਰਾਂਸੀਸੀ ਵੀ ਆਏ ਪਰ ਬਰਤਾਨੀਆ ਸ਼ਾਸਕ ਕਾਮਯਾਬ ਰਿਹਾ। ਹੌਲੀ ਹੌਲੀ ਬਰਤਾਨਵੀ - ਅੰਗਰੇਜ਼ ਇਥੇ ਦੀ ਜਾਤ ਪਾਤ ਪ੍ਰਥਾ, ਅਨਪੜਤਾ, ਰਿਆਸਤਾਂ ਦੀ ਵੰਡ ਤੇ ਇਨਾਂ ਦੇ ਵੱਖਰੇ ਵੱਖਰੇ ਰਾਜੇ, ਇਥੋਂ ਦੀ ਜਨਤਾ ਨੂੰ ਚੰਗਾ ਜੀਵਨ ਜਿਉਣ ਦੇ ਕਾਬਲ ਨਾ ਹੋਣ ਕਾਰਨ ਬਿਨਾਂ ਕਿਸੇ ਵੱਡੇ ਖੂਨ ਖਰਾਬੇ ਤੋਂ ਕਾਬਜ਼ ਹੋ ਗਏ। ਬਰਤਾਨਵੀਂ ਸ਼ਾਸਕਾਂ ਨੇ ਇਥੋਂ ਦੀ ਛੂਆ ਛੂਤ, ਵਰਣ ਵਿਵਸਥਾ ਅਤੇ ਬ੍ਰਾਹਮਣਾਂ ਦੇ ਸ਼ੋਸ਼ਣ ਵਲ ਕੋਈ ਖਾਸ ਧਿਆਨ ਨਹੀਂ ਦਿੱਤਾ। ਲੋਕ ਰਾਜਿਆਂ ਦੀ ਤੇ ਰਾਜੇ ਬ੍ਰਹਮਣਾਂ ਦੀ ਗਲ ਆਮ ਤੌਰ ਤੇ ਮੰਨਿਆ ਕਰਦੇ ਸਨ। ਪਹਿਲਾਂ ਪਹਿਲ ਗੌਰੇ ਇਥੋਂ ਦੇ ਰਾਜਿਆਂ ਨੂੰ ਕਈ ਤਰਾਂ ਦੇ ਲੋਭ ਦੇ ਕੇ ਆਪਣਾ ਕੰਮ ਚਲਾਉਂਦੇ ਰਹੇ। ਮੁਗਲਾਂ ਦੇ ਰਾਜ ਵਿੱਚ ਤੇ ਇਸ ਤੋਂ ਪਹਿਲਾਂ ਕੋਈ ਵਿਰਲਾ ਹੀ ਵਿਦੇਸ਼ੀ ਸਮੁੰਦਰੀ ਰਾਸਤੇ ਰਾਹੀਂ ਭਾਰਤ ਆਉਂਦਾ ਸੀ। ਜਦੋਂ ਗੋਰਿਆਂ ਦਾ ਰਾਜ ਆਇਆ ਤਾਂ ਵਿਦੇਸ਼ੀਆਂ ਦੀ ਆਮਦ ਵੱਧ ਗਈ। ਯੂਰਪ, ਅਮਰੀਕਾ, ਕਨੇਡਾ, ਜਰਮਨ, ਆਸਟ੍ਰੇਲੀਆ ਤੇ ਕਈ ਹੋਰ ਦੇਸ਼ਾਂ ਵਿੱਚ ਯਹੂਦੀ ਤੇ ਇਸਾਈ ਮੱਤ ਸੀ ਅਤੇ ਅੱਜ ਵੀ ਹੈ। ਇਸ ਕਰਕੇ ਜੋ ਵੀ ਇਨਾਂ ਦੇਸ਼ਾਂ ਤੋਂ ਆਉਂਦਾ ਸੀ ਉਹ ਆਮ ਤੌਰ ਤੇ ਇਸਾਈ ਮਤ ਵਾਲਾ ਹੀ ਹੁੰਦਾ ਸੀ। ਉਨਾਂ ਆ ਕੇ ਇਥੇ ਦੀ ਗਰੀਬੀ, ਭੁੱਖਮਰੀ, ਦੁਰਦਸ਼ਾ ਅਤੇ ਪਸ਼ੂਆਂ ਤੋਂ ਵੀ ਭੈੜਾ ਜੀਵਨ ਜੀਅ ਰਹੇ ਲੋਕਾਂ ਦੀ ਹਾਲਤ ਦੇਖੀ। ਹਰ ਪਖੋਂ ਪਿਛੜਿਆ ਦੇਸ਼ ਦੇਖ ਕੇ ਉਨਾਂ ਨੇ ਆਪਣੇ ਆਪਣੇ ਦੇਸ਼ਾਂ ਵਿੱਚ ਖਬਰਾਂ ਪਹੁੰਚਾਈਆਂ। ਉਥੋਂ ਦੇ ਈਸਾਈ ਮਤ ਦੀ ਸਿਖਿਆ ਦੇਣ ਵਾਲੇ ਪਾਦਰੀਆਂ, ਬਿਸ਼ਪਾਂ ਨੂੰ ਜਦ ਪਤਾ ਲੱਗਾ ਤਾਂ ਉਹ ਬਾਈਬਲ ਵਿੱਚ ਦੱਸੇ ਰਾਸਤੇ ਤੇ ਚਲਦੇ ਚਲਦੇ, ਕਾਫੀ ਧਰਮੀ ਕਰਮੀ ਲੋਕਾਂ ਨੇ ਭਾਰਤ ਵਿੱਚ ਆਉਣਾ ਸ਼ੁਰੂ ਕੀਤਾ। ਪਹਿਲਾਂ ਪਹਿਲ ਬਰਤਾਨਵੀ ਹਕੂਮਨ ਨੇ ਇਨਾਂ ਈਸਾਈ ਮਿਸ਼ਨਰੀਆਂ ਦਾ ਵਿਰੋਧ ਕੀਤਾ। ਕਿਉਂਕਿ ਬਰਤਾਨਵੀ ਸ਼ਾਸਕ ਇਹ ਨਹੀਂ ਚਾਹੁੰਦੇ ਸਨ ਕਿ ਭਾਰਤੀ ਲੋਕ ਜਾਗਰੂਕ ਹੋਣ, ਜੇਕਰ ਹੋ ਗਏ ਤਾਂ ਇਹ ਅਜ਼ਾਦੀ ਮੰਗਣਗੇ

ਪਰ ਈਸਾਈ ਮਿਸ਼ਨਰੀਆਂ ਤੇ ਇਸ ਗੱਲ ਦਾ ਗਹਿਰਾ ਪ੍ਰਭਾਵ ਸੀ ਕਿ ਪ੍ਰਭੂ ਈਸਾ ਮਸੀਹ ਨੇ ਕਿਹਾ ਸੀ ਕਿ ਮੁਕਤੀ ਦਾ ਦੁਆਰ ਉਸ ਵਾਸਤੇ ਖੁਲੇਗਾ ਜੋ ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਪੜਾ, ਬੇਘਰੇ ਨੂੰ ਆਪਣੇ ਘਰ ਰਖੇ, ਬਿਮਾਰ ਦੀ ਦੇਖਭਾਲ, ਸੇਵਾ ਤੇ ਦਵਾਈ ਦਾਰੂ ਦੇਵੇ, ਦੁੱਖੀ ਦਾ ਦਰਦ ਵੰਡੇ ਤੇ ਜੇਲ ਵਿੱਚ ਨਜ਼ਾਇਜ਼ ਨੂੰ ਹੋਈ ਸਜ਼ਾ ਵਾਲੇ ਵਿਅਕਤੀ ਨੂੰ ਦਿਲਾਸਾ ਦੇਵੇ, ਕਿਉਂਕਿ ਇਹ ਲੋਕ ਮੇਰਾ ਹੀ ਰੂਪ ਹੋਣਗੇ। ਇਹ ਭਾਵਨਾ ਨੂੰ ਲੈ ਕੇ ਉਹ ਧਰਮੀ ਕਰਮੀ ਪਾਦਰੀ, ਜਿਨਾਂ ਨੂੰ ਈਸਾਈ ਮਿਸ਼ਨਰੀਆਂ ਦੇ ਤੌਰ ਤੇ ਜਾਣਿਆ ਜਾਂਦਾ ਹੈ ਭਾਰਤ ਆਉਣੇ ਸ਼ੁਰੂ ਹੋ ਗਏ। ਇਹ ਮਿਸ਼ਨਰੀ ਵੱਖ ਵੱਖ ਦੇਸ਼ਾਂ ਦੇ ਸਨ। ਇਹ ਮਿਸ਼ਨਰੀ ਈਸਾਈ ਮੱਤ ਦੇ ਪ੍ਰਚਾਰਕ ਦੇ ਨਾਲ ਨਾਲ ਚੋਟੀ ਦੇ ਕਿਸੇ ਨਾ ਕਿਸੇ ਖੇਤਰ/ਵਿਸ਼ੇ/ਕਿੱਤੇ ਦੇ ਵਿਦਵਾਨ, ਡਾਕਟਰ, ਵਿਦਿਆ ਦੇ ਖੇਤਰ ਨਾਲ ਸੰਬਧਿਤ ਅਤੇ ਕਈ ਹੋਰ ਕਿਤਿਆਂ- ਖਿਤਿਆਂ ਨਾਲ ਵੀ ਜੁੜੇ ਹੋਏ ਸਨ

ਕਿਸੇ ਮਹਾਨ ਉਦੇਸ਼ ਦੀ ਪੂਰਤੀ ਲਈ ਕੀਤਾ ਜਾਣ ਵਾਲਾ ਕੰਮ, ਜਿਸ ਨੂੰ ਅੰਗ੍ਰੇਜ਼ੀ ਵਿੱਚ ਮਿਸ਼ਨ ਕਿਹਾ ਜਾਂਦਾ ਹੈ, ਉਸ ਮਿਸ਼ਨ ਨੂੰ ਨੇਪਰੇ ਚਾੜਨ ਵਾਲੇ ਕਾਰਜਕਰਤਾਵਾਂ ਵਿੱਚ ਕਮੀ ਨਹੀਂ ਹੁੰਦੀ, ਪਰ ਜੇ ਕਿਤੇ ਕਾਰਜਪ੍ਰਣਾਲੀ ਸਹੀ ਨਾ ਹੋਵੇ ਤਾਂ ਉਹ ਮਿਸ਼ਨ ਦਾ ਕਾਰਜ਼ ਕਦੀ ਪੂਰੀ ਨਹੀਂ ਹੋ ਸਕਦਾ। ਈਸਾਈ ਮਿਸ਼ਨਰੀਆਂ ਨੇ ਭਾਰਤ ਵਿੱਚ ਆਣ ਕੇ ਲੋਕਾਂ ਦੀ ਭੈੜੀ ਦੁਰਦਸ਼ਾ ਦੇਖੀ ਤਾਂ ਉਹਨਾਂ ਆਪਣਾ ਦੇਸ਼, ਇਥੋਂ ਤੱਕ ਆਪਣਾ ਪਰਿਵਾਰ ਤੱਕ ਤਿਆਗ ਕੇ ਮਨੁਖਤਾ ਦੀ ਸੇਵਾ ਵਿੱਚ ਸਮਰਪਿਤ ਹੋਣ ਵਾਸਤੇ ਭਾਰਤ ਆਏ। ਇੰਨਾਂ ਵਿਚੋਂ ਕਈ ਕੰਵਾਰੇ ਆਏ ਤਾਂ ਉਨਾਂ ਜ਼ਿੰਦਗੀ ਭਰ ਸ਼ਾਦੀ ਨਹੀਂ ਕਰਵਾਈ ਅਤੇ ਸੇਵਾ ਕਰਦੇ ਕਰਦੇ ਕੁਆਰੇ ਹੀ ਮਰ ਗਏ। ਉਨਾਂ ਇਥੇ ਕਈ ਪ੍ਰੋਜੈਕਟ ਲਿਆਂਦੇ। ਪਹਿਲਾਂ ਪਹਿਲ ਅੰਗਰੇਜ ਬਰਤਾਨਵੀ ਹਕੂਮਤ ਨੇ ਉਨਾਂ ਨੂੰ ਇਥੋਂ ਦੇ ਲੋਕਾਂ ਨੂੰ ਜਾਗਰੂਕ ਕਰਨ ਤੋਂ ਰੋਕਦੀ ਸੀ ਕਿਉਂਕਿ ਹਕੂਮਤੀ ਗੋਰਿਆਂ ਦੇ ਦਿਮਾਗ ਵਿੱਚ ਇਹ ਗਲ ਆਈ ਕਿ ਜੇਕਰ ਇਹ ਜਾਗਰੂਕ ਹੋ ਗਏ ਤਾਂ ਇਹ ਲੋਕ ਸਾਨੂੰ ਆਪਣੇ ਦੇਸ਼ ਵਿਚੋਂ ਬਾਹਰ ਕੱਢਣ ਦੀਆਂ ਮੁਹਿੰਮਾ ਚਲਾਉਣਗੇ। ਪਰ ਉਨਾਂ ਮਿਸ਼ਨਰੀਆਂ ਨੇ ਸਰਕਾਰ ਤੇ ਪ੍ਰਭਾਵ ਪਾ ਕੇ ਆਪਣਾ ਕੰਮ ਜਾਰੀ ਰਖਿਆ। ਜਿਥੇ ਕਿਤੇ ਇਨਾਂ ਪ੍ਰੋਜੈਕਟ ਸ਼ੁਰੂ ਕੀਤੇ, ਉਥੇ ਖਾਤੀਬਾੜੀ ਦੇ ਫਾਰਮ, ਪਸ਼ੂਪਾਲਣ, ਮੁਰਗੀ ਫਾਰਮ, ਮਿਸ਼ਨਰੀ ਸਕੂਲ, ਹਸਪਤਾਲ, ਮੋਟਰ ਮਕੈਨਿਕ ਵਕਰਸ਼ਾਪਾਂ ਦੇ ਨਾਲ ਨਾਲ ਚਰਚ ਵਗੈਰਾ ਵੀ ਸਥਾਪਿਤ ਕੀਤੇ। ਸ਼੍ਰੀ ਵਿਲੀਅਮ ਕੇਰੀ, ਸੀਰਾਮਪੁਰ, ਵੈਸਟ ਬੰਗਾਲ ਜਿਥੇ ਅੰਗ੍ਰੇਜੀ ਰਾਜ ਨਹੀਂ ਸੀ ਉਥੇ ਡੇਰਾ ਲਾਇਆ (ਇਸ ਨੂੰ ਉਸ ਵੇਲੇ ਫਰਾਂਸਿਸੀ ਬਸਤੀ ਕਿਹਾ ਜਾਂਦਾ ਸੀ) ਨੇ ਇਥੇ ਆਪਣੀਆਂ ਗਤੀਵਿਧੀਆਂ ਸ਼ੁਰੂ ਕੀਤੀਆਂ। ਇਨਾਂ ਤੋਂ ਪਹਿਲਾਂ ਭਾਰਤ ਵਿੱਚ ਸਿਖਿਆ ਸਿਰਫ ਮੰਦਰਾਂ, ਮਸਜਿਦਾਂ ਅਤੇ ਬਾਦ ਵਿੱਚ ਗੁਰੂਦਵਾਰਿਆਂ ਵਿੱਚ ਹੀ ਦਿੱਤੀ ਜਾਂਦੀ ਸੀ। ਉਹ ਵੀ ਆਪਣੇ ਆਪਣੇ ਧਰਮਾਂ ਦੀ ਤੇ ਆਪਣੀ ਆਪਣੀ ਭਾਸ਼ਾ ਵਿੱਚ। ਬਾਕੀ ਦੀ ਜਨਤਾ ਨੂੰ ਇਸ ਤਰਾਂ ਦੀ ਨਿਕੰਮੀ ਪੜਾਈ ਤੋਂ ਵੀ ਵਾਂਝੇ ਰਖਿਆ ਜਾਂਦਾ ਸੀ। ਜੋ ਵੀ ਤੁੱਛ ਜਿਹੀ ਪੜਾਈ ਬ੍ਰਾਹਮਣ ਤੇ ਬਾਕੀ ਜਾਤਾਂ ਦੇ ਪੜਦੇ ਸਨ, ਉਹ ਬਾਕੀਆਂ ਨਾਲੋਂ ਸ਼ੈਤਾਨ ਹੋ ਕੇ ਆਪਣੀਆਂ ਤੇ ਆਪਣੇ ਸਮਾਜ ਦੀਆਂ ਰੋਟੀਆਂ ਸੇਕ ਲੈਂਦੇ ਸਨ। ਆਧੁਨਿਕ ਵਿਦਿਆ ਪ੍ਰਣਾਲੀ ਦਾ ਪ੍ਰਬੰਧ ਇਨਾਂ ਮਿਸ਼ਨਰੀਆਂ ਨੇ ਆਣ ਕੇ ਆਰੰਭਿਆ।

`ਜੋ ਮਿਸ਼ਨਰੀਆਂ ਨੇ ਵਿਦਿਅਕ ਤੇ ਹੋਰ ਅਦਾਰੇ ਸ਼ੁਰੂ ਕੀਤੇ, ਉਨਾਂ ਦਾ ਰੁਤਬਾ ਹੀ ਕੁਝ ਹੋਰ ਸੀ। ਉਨਾਂ ਨੇ ਬਿਨਾ ਕਿਸੇ ਭਿੰਨ-ਭੇਦ, ਜਾਤ ਪਾਤ ਤੇ ਕਿਸੇ ਹੋਰ ਨਫਰਤ ਤੋਂ ਸਾਰਿਆਂ ਨੂੰ ਬਰਾਬਰ ਸਮਝਿਆ। ਪਿਛਲੀਆਂ ਦੋ ਕੁ ਸਦੀਆਂ ਵਿੱਚ ਜਿੰਨਾ ਨੇ ਮਿਸ਼ਨਰੀਆਂ ਦੇ ਸਕੂਲ ਕਾਲਜਾਂ ਵਿੱਚੋਂ ਵਿਦਿਆ ਹਾਸਲ ਕੀਤੀ, ਉਹੀ ਅਗੇ ਚਲ ਕੇ ਬੁੱਧੀਜੀਵੀ, ਸਮਾਜ ਸੁਧਾਰਕ ਤੇ ਹੋਰ ਖੇਤਰਾਂ ਵਿੱਚ ਵੀ ਉਨਾਂ ਨਾਮ ਕਮਾਇਆ। ਇੰਨਾ ਦੀ ਬਹੁੱਤ ਵੱਡੀ ਲਿਸਟ ਹੈ। ਸਿੱਖ ਕੌਮ ਦੇ ਦੋ ਮੋਢੀ ਭਾਈ ਵੀਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਹੋਰਾਂ ਨੇ ਵੀ ਮਿਸ਼ਨਰੀ ਸਕੂਲਾਂ ਤੇ ਕਾਲਜਾਂ ਵਿਚੋਂ ਵਿਦਿਆ ਹਾਸਲ ਕੀਤੀ ਸੀ।



ਇਨਾਂ ਮਿਸ਼ਨ-ਰੀਆਂ ਦੀ ਨਕਲ ਕਰਕੇ ਆਰੀਆ ਸਮਾਜੀਆਂ ਨੇ ਆਰੀਆ ਸਕੂਲ ਤੇ ਡੀ.ਏ.ਵੀ. ਵਿਦਿਅਕ ਸੰਸਥਾਵਾਂ ਖੋਲੀਆਂ। ਸਿੱਖਾਂ ਵੱਲੋਂ ਦੌਆਬਾ ਤੇ ਖਾਲਸਾ ਨਾਮ ਤੇ ਵਿਦਿਅਕ ਅਦਾਰੇ ਖੋਲੇ। ਪਰ ਇਹ ਵਿਦਿਅਕ ਅਦਾਰੇ ਮਿਸ਼ਨਰੀਆਂ ਦੇ ਅਦਾਰਿਆਂ ਦੇ ਪੱਧਰ ਤੱਕ ਨਹੀਂ ਪੁੱਜੇ ਸਨ। ਚੰਗੇ ਸੁਲਝੇ ਹੋਏ ਤੇ ਪੈਸੇ ਵਾਲੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਮਿਸ਼ਨਰੀਆਂ ਦੇ ਸਕੂਲ, ਕਾਲਜ ਵਿੱਚ ਪੜਾਉਣਾ ਜ਼ਿਆਦਾ ਚੰਗਾ ਅਤੇ ਮਾਣ ਮਹਿਸੂਸ ਕੀਤਾ। ਬਾਕੀਆਂ ਦੇ ਸਕੂਲਾਂ ਨੂੰ ਤਾਂ ਖੋਤੀ ਖਾਨਾਂ ਹੀ ਸਮਝਿਆ ਜਾਂਦਾ ਸੀ। ਅੱਜ ਵੀ ਉਨਾਂ ਮਿਸ਼ਨਰੀਆਂ ਵਲੋਂ ਚਲਾਏ ਗਏ ਵਿਦਿਅਕ ਅਦਾਰੇ ਕਾਇਮ ਹਨ।

ਪੰਜਾਬ ਦੀ ਗੱਲ ਕਰੀਏ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਕੌਮ ਦੇ ਵਿਰਸੇ ਨੂੰ ਸੰਭਾਲਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ। ਅਫਗਾਨਿਸਥਾਨ ਤੋਂ ਲੈ ਕੇ ਸਤਲੁਜ ਦਰਿਆ ਤੱਕ ਸਿੱਖ ਰਾਜ ਸੀ। ਲੁਧਿਆਣੇ ਅੰਗਰੇਜ਼ ਫੌਜ਼ ਦੀ ਵੱਡੀ ਛਾਉਣੀ ਸੀ। ਇਕ ਪਾਦਰੀ ਜੌਨ ਸੀ. ਲਾਰੀ ਨੇ ਇਥੇ ਈਸਾਈ ਮੱਤ ਦਾ ਕੇਂਦਰ ਖੋਲਿਆ। ਕਰੀਬ 1820 ਈ: ਤੋਂ ਪਹਿਲਾਂ ਹੀ ਛਾਪਖਾਨਾ ਲਾਇਆ। ਜੌਨ ਸੀ ਲਾਰੀ ਨੇ ਲਾਹੌਰ ਜਾ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਮਿਸ਼ਨਰੀ ਸਕੂਲ ਖੋਲਣ ਦਾ ਪ੍ਰਸਤਾਵ ਦਿੱਤਾ, ਪਰ ਰਾਜੇ ਨੇ ਕਿਹਾ ਕਿ ਤੂੰ ਈਸਾਈ ਮੱਤ ਦਾ ਪ੍ਰਚਾਰ ਨਹੀਂ ਕਰੇਗਾ। ਪਰ ਜੌਨ ਸੀ. ਲਾਰੀ ਨੂੰ ਸਾਰੀਆਂ ਸਹੂਲਤਾਂ ਦੇ ਬਾਅਦ ਵੀ ਉਸਨੇ ਇਹ ਸ਼ਰਤ ਨਹੀਂ ਮੰਨੀ ਸੀ। ਕਿਉਂਕਿ ਰਾਜਾ ਸਿੱਖੀ ਨੂੰ ਕਾਇਮ ਹੀ ਨਹੀਂ, ਸਗੋਂ ਫੈਲਾਉਣਾ ਚਾਹੁੰਦੇ ਸਨ। ਪ੍ਰਸਥਿਤੀਆਂ ਬਦਲੀਆਂ। ਮਹਾਰਾਜਾ ਦੇ ਬਾਦ ਕਰੀਬ 1850-52 ਈ : ਵਿੱਚ ਲਾਹੌਰ ਤੇ ਅੰਮ੍ਰਿਤਸਰ ਵਿੱਚ ਵੀ ਸਕੂਲ ਖੋਲੇ ਗਏ। ਕਾਨਪੁਰ ਤੋਂ ਸਿੱਖ ਦਾਉਦ ਸਿੰਘ, ਜੋ ਈਸਾਈ ਬਣ ਗਿਆ ਸੀ, ਇਥੇ ਦਾ ਉਸ ਨੂੰ ਮੁੱਖੀਆ ਬਣਾਇਆ। ਦਰਬਾਰ ਸਾਹਿਬ ਹਰਿਮੰਦਰ ਸਾਹਿਬ ਕੋਲ ਇਕ ਈਸਾਈ ਨੇ ਬੂੰਗਾ ਕਿਰਾਏ ਤੇ ਲਿਆ ਅਤੇ ਹਰਿਮੰਦਰ ਸਾਹਿਬ ਦਾ ਗ੍ਰੰਥੀ ਕੇਸਰ ਸਿੰਘ ਵੀ ਈਸਾਈ ਬਣ ਗਿਆ ਸੀ। ਮਹਾਰਾਜਾ ਕਪੂਰਥਲਾ ਦਾ ਸਿੱਖ ਭਤੀਜਾ ਕੰਵਰ ਹਰਨਾਮ ਸਿੰਘ ਵੀ ਈਸਾਈ ਬਣ ਗਿਆ ਸੀ। 1873 ਈ: ਵਿੱਚ ਚਾਰ ਸਿੱਖ ਸਕਾਲਰ ਈਸਾਈ ਬਣੇ। ਇਥੋਂ ਤੱਕ ਕਿ ਰਾਜਕੁਮਾਰੀ ਅੰਮ੍ਰਿਤ ਕੌਰ ਵੀ ਈਸਾਈ ਬਣੀ। ਦਲਿਤਾਂ ਵਿੱਚੋਂ 25-30% ਪ੍ਰਤੀਸ਼ਤ ਅਬਾਦੀ ਈਸਾਈ ਬਣੀ ਕਿਉਂਕਿ ਈਸਾਈਆਂ ਵਿੱਚ ਜਾਤ ਪਾਤ, ਛੂਆ ਛਾਤ ਤੇ ਵਰਣ ਵੰਡ ਹੈ ਹੀ ਨਹੀਂ। ਇਹ ਸਭ ਗੋਰਿਆਂ ਜਾਂ ਮਿਸ਼ਨਰੀਆਂ ਦੇ ਦਬਾਅ ਜਾਂ ਲਾਲਚ ਨਾਲ ਨਹੀਂ, ਸਗੋਂ ਮਿਸ਼ਨਰੀਆਂ ਦੇ ਜਜਬੇ, ਉਨਾਂ ਦੀਆਂ ਸਮਾਜ ਪ੍ਰਤੀ ਸਮਰਪਿਤ ਸੇਵਾਵਾਂ ਦੀ ਖਿੱਚ ਦਾ ਨਤੀਜਾ ਸੀ।

ਸਵਾਮੀ ਦਇਆਨੰਦ ਸਰਸਵਤੀ ਨੇ ਆਰਿਆ ਸਕੂਲ ਤੇ ਡੀ.ਏ.ਵੀ. ਸੰਸਥਾਵਾਂ ਈਸਾਈ ਮਿਸ਼ਨਰੀਆਂ ਦੀ ਤਰਜ਼ ਤੇ ਖੋਲਣੀਆਂ ਸ਼ੁਰੂ ਕੀਤੀਆਂ। ਭਾਈ ਵੀਰ ਸਿੰਘ ਨੇ ਈਸਾਈ ਮਿਸ਼ਨਰੀਆਂ ਤੋਂ ਪ੍ਰਭਾਵਿਤ ਹੋ ਕੇ ਇੰਨਾਂ ਦੇ ਵਿਦਿਅਕ ਅਦਾਰਿਆਂ ਨੂੰ ਸਮਝਿਆ। ਭਾਈ ਵੀਰ ਸਿੰਘ ਨੇ ਅੰਗਰੇਜ਼ ਸਰਕਾਰ ਦੀ ਮਨਜ਼ੂਰੀ ਲੈ ਕੇ ਖਾਲਸਾ ਸਕੂਲ ਤੇ ਕਾਲਜ ਖੋਲੇ, ਛਾਪਾਖਾਨਾ ਖੋਲਿਆ, ਪਰ ਅੰਗਰੇਜ਼ ਸਰਕਾਰ ਦਾ ਧਿਆਨ ਰਿਹਾ ਕਿ ਇਹ ਕਿਤੇ ਸਰਕਾਰ ਦੇ ਵਿਰੁਧ ਤਾਂ ਨਹੀਂ ਜਾਣਗੇ। ਮਿਸ਼ਨਰੀਆਂ ਦੀ ਤਰਜ਼-ਨਕਲ ਤੇ ਹੀ ਅਲੀਗੜ ਯੂਨੀਵਰਸਿਟੀ ਨੇ ਮੁਸਲਮਾਨਾਂ ਨੂੰ ਮੁੜ ਤੋਂ ਖੜਾ ਕੀਤਾ। ਇਨਾਂ ਮਿਸ਼ਨਰੀਆਂ ਦੀ ਤਰਜ਼-ਨਕਲ ਤੇ ਮਦਨ ਮੋਹਣ ਮਾਲਵੀਆਂ ਨੇ 1914 ਈ ਵਿੱਚ ਬਨਾਰਸ ਹਿੰਦੂ ਯੂਨੀਵਰਸਿਟੀ ਸਥਾਪਿਤ ਕੀਤੀ।

ਲੁਧਿਆਣੇ ਵਿੱਚ ਇਕ ਬ੍ਰਿਟਿਸ਼ ਲੜਕੀ ਬੈਂਕ ਦੇ ਕਾਮਰਸ ਦੀ ਪੜਾਈ ਕਰਕੇ ਬਰਤਾਨੀਆ ਤੋਂ ਆਈ ਜਿਸ ਦਾ ਨਾਮ ਈਡਿਥ ਮੇਰੀ ਬ੍ਰਾਉਨ ਸੀ। ਉਸ ਨੇ ਇਥੇ ਗਰੀਬੀ, ਸ਼ੋਸਣ, ਅਕਾਲ ਅਤੇ ਬਿਮਾਰੀਆਂ ਦੀ ਭਰਮਾਰ ਦੇਖੀ, ਇਥੇ ਝਾੜ-ਫੂਕ ਤੇ ਜਾਦੂ ਟੂਣਿਆ ਨਾਲ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਸੀ, ਅੱਜ ਵੀ ਦੂਰ ਦੂਰਾਡੇ ਦੇ ਪਿੰਡਾਂ ਵਿੱਚ ਇਹ ਤਰੀਕੇ ਕਿਤੇ ਕਿਤੇ ਪ੍ਰਚਲਿਤ ਹਨ, ਜੋ ਸਰਾ ਸਰ ਗਲਤ ਹਨ। ਇਹ ਸਾਰੀਆਂ ਇਲਾਮਤਾਂ ਦੇਖ ਕੇ ਉਸ ਦਾ ਮਨ ਪਿਘਲ ਗਿਆ। ਉਹ ਦੌਬਾਰਾ ਬਰਾਤਨੀਆ ਗਈ ਤੇ ਡਾਕਟਰੀ ਦੀ ਐਮ. ਡੀ. ਦੀ ਡਿਗਰੀ ਕਰਕੇ ਲੁਧਿਆਣੇ ਆ ਕੇ ਲੋਕਾਂ ਦੇ ਘਰ ਘਰ ਜਾ ਕੇ ਗਰੀਬਾਂ ਦਾ ਮੁਫਤ ਇਲਾਜ ਕਰਦੀ ਸੀ। ਹੌਲੀ ਹੌਲੀ ਡਿਸਪੈਂਸਰੀ ਤੋਂ ਮਿਸ ਬ੍ਰਾਉਨ ਹਸਪਤਾਲ ਖੜਾ ਕੀਤਾ। ਬਾਅਦ ਵਿੱਚ ਇਹ ਹਸਪਤਾਲ ਕਰਿਸਚਨ ਮੈਡੀਕਲ ਕਾਲਜ ਤੇ ਹਸਪਤਾਲ ਬਣਿਆ। ਜੋ ਇੱਕ ਸਮੇਂ ਏਸ਼ੀਆ ਦਾ ਵੱਡਾ ਖੋਜ ਕੇਂਦਰ ਬਣਿਆ ਸੀ। ਮਿਸ ਬ੍ਰਾਊਨ ਸਾਰੀ ਉਮਰ ਕਵਾਰੀ ਹੀ ਰਹੀਂ। ਅਫਸੋਸ ਅੱਜ ਇਸ ਅਦਾਰੇ ਚੋਂ ਮਿਸ ਬ੍ਰਾਊਨ, ਮਿਹਨਤ ਕਰਨ ਵਾਲੀ ਦਾ ਨਾਮ ਹੀ ਵਿਚੋਂ ਨਿਕਲ ਗਿਆ।

ਭਾਰਤ ਦੀਆਂ ਸਾਰੀਆਂ ਪਿਛਲੀਆਂ ਲਿਖਤਾਂ ਵੇਦ, ਰਮਾਇਣ, ਮਹਾਂਭਾਰਤ, ਗ੍ਰੰਥ ਤੇ ਕਿੱਸੇ ਵਗੈਰਾ ਆਮ ਤੌਰ ਤੇ ਰਾਗਾਂ, ਛੰਦਾਂ, ਕਵਿਤਾਵਾਂ ਅਤੇ ਟੋਟਕਿਆਂ ਵਿੱਚ ਲਿਖੇ ਹੋਏ ਹਨ। ਮਸ਼ਹੂਰ ਈਸਾਈ ਮਿਸ਼ਨਰੀ ਵਿਲੀਅਮ ਕੇਰੀ ਨੇ ਭਾਰਤ ਵਿੱਚ ਬਰਤਾ ਲਿਖਣ/ਲਿਖਾਉਣ ਦਾ ਸਿਲਸਿਲਾ ਸ਼ੁਰੂ ਕਰਕੇ ਭਾਰਤੀਆਂ ਨੂੰ ਸਿਖਾਇਆ।

ਭਾਰਤ ਸਰਕਾਰ ਦੇ ਹੁਕਮਾਂ ਅਨੁਸਾਰ 1956 ਈ: ਵਿੱਚ ਭਾਰਤੀ ਈਸਾਈਆਂ ਦੀ ਸਹਾਇਤਾ ਲੈ ਕੇ ਬੜੀ ਚਤੁਰਾਈ ਨਾਲ ਵਿਦੇਸ਼ੀ ਈਸਾਈ ਮਿਸ਼ਨਰੀਆਂ ਨੂੰ ਭਾਰਤ ਛਡਣਾ ਪਿਆ। ਉਸ ਸਮੇਂ ਈਸਾਈ ਮਿਸ਼ਨਰੀਆਂ ਦੀ ਜ਼ਮੀਨ, ਜਾਇਦਾਦ ਤੇ ਸੰਸਥਾਵਾਂ ਦੀ ਕੀਮਤ ਭਾਰਤ ਦੇ ਰੇਲਵੇ ਬੋਰਡ ਦੀ ਜਾਇਦਾਦ ਦੀ ਕੀਮਤ ਦੇ ਬਾਅਦ ਦੂਜੇ ਨੰਬਰ ਤੇ ਸੀ। ਉਹ ਵਿਦੇਸ਼ੀ ਮਿਸ਼ਨਰੀ ਇਥੋਂ ਦੇ ਜੱਦੀ ਈਸਾਈ ਪਾਦਰੀਆਂ ਬਿਸ਼ਪਾਂ ਨੂੰ ਸੌਂਪ ਗਏ। ਪਰ ਅਫਸੋਸ ਇਥੋਂ ਦੇ ਭਾਰਤੀ ਈਸਾਈਆਂ ਤੋਂ ਇਹ ਸੰਸਥਾਵਾਂ ਸੰਭਾਲੀਆਂ ਨਹੀਂ ਗਈਆਂ। ਇਨਾਂ ਸੰਸਥਾਵਾਂ ਨੂੰ ਭਾਰਤੀ ਈਸਾਈਆਂ ਨੇ ਖੋਖਲਾ ਬਣਾ ਦਿੱਤਾ। ਚਰਚ ਦੇ ਨਾਮ ਦੀਆਂ ਜ਼ਮੀਨ ਜਾਇਦਾਦਾਂ ਵੇਚ ਕੇ ਢਕਾਰ ਮਾਰ ਗਏ। ਇਥੋਂ ਤੱਕ ਈਸਾਈ ਕਬਰਾਂ ਤੱਕ ਵੀ ਵੇਚ ਵੱਟ ਕੇ ਆਪਣੀਆਂ ਨਿੱਜੀ ਜਾਇਦਾਦਾਂ ਬਣਾਉਣ ਵਿੱਚ ਲੱਗੇ ਹੋਏ ਹਨ। ਇਹ ਸਿਲਸਿਲਾ ਹਾਲੇ ਵੀ ਜਾਰੀ ਹੈ। ਭਾਰਤੀ ਈਸਾਈਆਂ ਵਿੱਚ ਤਿਆਗ ਦੀ ਭਾਵਨਾ ਨਹੀਂ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਕਿ ਅੱਜ ਲੁਧਿਆਣੇ ਦਾ ਕਰਿਸਚਨ ਮੈਡੀਕਲ ਕਾਲਜ ਤੇ ਹਸਪਤਾਲ ਕਰਜ਼ੇ ਦੀ ਮਾਰ ਝਲਦਾ ਹੋਇਆ ਚਲ ਰਿਹਾ ਹੈ। ਜੇਕਰ ਇਹੀ ਹਾਲਤ ਰਹੀ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹ ਈਸਾਈ ਮਿਸ਼ਨਰੀਆਂ ਦੇ ਅਦਾਰੇ ਵਿੱਕ ਜਾਣਗੇ। ਕਈ ਪਾਇਲਟ ਪ੍ਰੋਜੈਕਟ ਹੀ ਖਤਮ ਹੋ ਗਏ।

ਲੇਖਕ ਨੇ ਵੀ ਸਾਇੰਸ ਵਿੱਚ ਹਾਇਰ ਸੈਕੰਡਰੀ, ਯੂਨਾਇਟਡ ਕਰਿਸਚਨ ਹਾਇਰ ਸੈਕੰਡਰੀ ਸਕੂਲ, ਸੁਰਾਨੂਸੀ, ਜਲੰਧਰ ਤੋਂ ਪਾਸ ਕੀਤੀ। ਲੇਖਕ ਨੇ 1971 ਈ: ਵਿੱਚ ਇਹ ਸਕੂਲ ਹਾਇਰ ਸੈਕੰਡਰੀ ਤੱਕ ਹੋਣ ਕਰਕੇ ਛੱਡ ਕੇ ਡੀ.ਏ.ਵੀ. ਕਾਲਜ ਜਲੰਧਰ ਬੀ.ਐਸ.ਸੀ. ਵਿੱਚ ਦਾਖਲਾ ਲਿਆ ਸੀ। ਪਰ ਜੋ ਕਰਿਸਚਨ ਸਕੂਲ, ਸੁਰਾਨੂਸੀ ਜਲੰਧਰ ਦੀਆਂ ਯਾਦਾਂ ਹਨ, ਉਹ ਭੁਲਾਈਆਂ ਨਹੀਂ ਜਾ ਸਕਦੀਆਂ। ਲੇਖਕ ਅਤੀ ਗਰੀਬ ਤੇ ਦਲਿਤ ਪਰਿਵਾਰ ਚੋਂ ਉਸ ਵੇਲੇ ਸੀ। ਸਾਨੂੰ ਇਸ ਸਕੂਲ ਦੇ ਅਧਿਆਪਕਾਂ, ਕਰਮਚਾਰੀਆਂ ਤੇ ਖਾਸਕਰ ਪ੍ਰਿੰਸੀਪਲ ਨੇ ਬਹੁਤ ਪਿਆਰ ਤੇ ਪੜਾਈ ਵਿੱਚ ਸਹਿਯੋਗ ਦਿੱਤਾ। ਜੇਕਰ ਲੇਖਕ ਕਿਸੇ ਹੋਰ ਸਕੂਲ ਵਿਚ ਪੜਦਾ ਤਾਂ ਜਾਤੀਵਾਦ ਦਾ ਸ਼ਿਕਾਰ ਹੋ ਕੇ ਹੀਣ ਭਾਵਨਾ ਨਾਲ ਅਪਸਾਦ ਦਾ ਸ਼ਿਕਾਰ ਹੋ ਸਕਦਾ ਸੀ। ਉਸ ਵੇਲੇ ਜਾਤੀਵਾਦ ਦਾ ਬੋਲਬਾਲਾ ਸੀ।&; ਪਰ ਇਸ ਸਕੂਲ ਵਿੱਚ ਸਾਨੂੰ ਜਾਤੀਵਾਦ ਦੀ ਭਿਣ ਤੱਕ ਨਹੀਂ ਲੱਗੀ।

ਯੂਨਾਇਟਡ ਕਰਿਸਚਨ ਇੰਸਟੀਚੁਟ, ਸੁਰਾਨੂਸੀ, ਜਲੰਧਰ ਵਿੱਚ ਸਾਡੇ ਸਮੇਂ ਕਿੰਨੇ ਹੀ ਉਚ ਕੋਟੀ ਦੇ ਅਦਾਰੇ ਸਨ। ਈਸਾਈ ਮਿਸ਼ਨਰੀ ਫਰਾਂਸਿਸ ਸਾਵਰ ਨੇ ਵਿਦਿਆਰਥੀਆਂ ਨੂੰ ਲੋਹੇ ਦਾ ਕੰਮ, ਮੋਟਰ ਤੇ ਟ੍ਰੈਕਟਰ ਮਕੈਨਿਕ, ਲਕੜ ਦਸਤਕਾਰੀ, ਬਿਜਲੀ ਦਾ ਕੰਮ, ਸਾਇਕਲ ਰਿਪੇਅਰ ਸਿਖਾ ਕੇ ਆਤਮ ਨਿਰਭਰ ਬਣਾਉਣ ਦੀ ਕੋਸ਼ਿਸ਼ ਕੀਤੀ। ਮਸ਼ੀਨੀ ਯੁੱਗ ਲਿਆਂਦਾ। ਜ਼ਮੀਨ ਜਿਆਦਾ ਹੋਣ ਕਰਕੇ ਖੇਤੀਬਾੜੀ ਤੇ ਸੰਚਾਈ ਦੇ ਨਵੇਂ ਤਰੀਕੇ ਅਪਣਾਏ। ਇਥੇ ਲੋਕਾਂ ਦੇ ਕੱਚੇ ਮਕਾਨ ਹੁੰਦੇ ਸਨ, ਇਨਾਂ ਘਰ ਨਿਰਮਾਣ ਕਲਾ ਤੇ ਇਮਾਰਤਾਂ ਬਣਾਉਣੀਆਂ ਸਿਖਾਈਆਂ। ਇਥੇ ਦਾ ਮਿਸਟਰ ਕੈਜ਼ ਕੁਆਟਾ, ਈਸਾਈ ਮਿਸ਼ਨਰੀ ਇਮਾਰਤ/ਘਰ ਨਿ-ਰਮਾਣ ਕਲਾ ਦਾ ਮਾਹਿਰ ਸੀ। ਸ਼੍ਰੀ ਫ੍ਰਾਂਸਿਸ ਸਾਵਰ ਟੈਕਨੀਕਲ ਸਿਖਿਆ ਦਾ ਮਾਹਿਰ ਸੀ। ਸ਼੍ਰੀ ਜੀ.ਬੀ. ਲੀਡਰ ਸਿਖਿਆ ਦੇ ਖੇਤਰ ਦੇ ਮਾਹਿਰ ਸੀ। ਸ਼੍ਰੀ ਐਲੀਸਨ ਖੇਤੀਬਾੜੀ ਦਾ ਮਾਹਿਰ ਸਨ।

ਦਖਣੀ ਅਫਰੀਕਾ ਵਿੱਚ ਜਦੋਂ ਮਹਾਤਮਾ ਗਾਂਧੀ ਨੂੰ ਰੰਗ ਭੇਦ ਦੇ ਆਧਾਰ ਤੇ ਰੇਲ ਗਡੀ ਦੇ ਡੱਬੇ ਵਿੱਚੋਂ ਬਾਹਰ ਕੱਢ ਸੁਟਿਆ ਸੀ ਤਾਂ ਇਕ ਈਸਾਈ ਮਿਸ਼ਨਰੀ ਸ਼੍ਰੀ ਐਂਡਰਿਊ ਨੇ ਗਾਂਧੀ ਜੀ ਨੂੰ ਕਿਹਾ ਕਿ ਤੁਹਾਡੇ ਭਾਰਤ ਦੇਸ਼ ਵਿੱਚ ਹੀ ਬੜੀ ਜਾਤਪਾਤ, ਛੂਆ ਛਾਤ ਦੀ ਨਫਰਤ ਹੈ ਤਾਂ ਉਥੇ ਜਾ ਕੇ ਇਹ ਲੜਾਈ ਲੜੋ। ਗਾਂਧੀ ਜੀ ਉਥੋਂ ਵਕਾਲਤ ਛੱਡ ਕੇ ਭਾਰਤ ਆ ਗਏ ਤਾਂ ਅਜ਼ਾਦੀ ਦੀ ਲੜਾਈ ਲੜੀ। ਉਹ ਈਸਾਈ ਮਿਸ਼ਨਰੀ ਸ਼੍ਰੀ ਐਂਡਰਿਊ ਵੀ ਗਾਂਧੀ ਜੀ ਨਾਲ ਹੀ ਭਾਰਤ ਆ ਗਿਆ ਸੀ। ਉਸ ਨੇ ਗਾਂਧੀ ਜੀ ਦਾ ਸਾਥ ਦਿੱਤਾ। ਉਸ ਈਸਾਈ ਮਿਸ਼ਨਰੀ ਦੀ ਫੋਟੋ ਵੀ ਪੁਰਾਣੇ 500 ਰੁਪਏ ਦੇ ਨੋਟ ਤੇ ਗਾਂਧੀ ਜੀ ਦੇ ਪਿਛੇ ਛਪੀ ਹੋਈ ਹੈ।

ਆਮ ਲੋਕ ਇਥੇ ਹਕੂਮਤ ਕਰਕੇ ਬਰਤਾਨੀਆਂ ਦੇ ਗੋਰਿਆਂ ਅਤੇ ਈਸਾਈ ਮਿਸ਼ਨਰੀਆਂ ਨੂੰ ਇਕੋ ਹੀ ਸਮਝਦੇ ਹਨ। ਜੋ ਸਰਾਸਰ ਗਲਤ ਹੈ। ਹਕੂਮਤ ਕਰਨ ਵਾਲੇ ਗੋਰੇ ਸਿਰਫ ਬਰਤਾਨੀਆਂ ਤੋਂ ਹੀ ਸਨ, ਪਰ ਈਸਾਈ ਮਿਸ਼ਨਰੀ ਵੱਖ ਵੱਖ ਯੂਰਪ ਦੇ ਈਸਾਈ ਦੇਸ਼ਾਂ ਵਿਚੋਂ ਜ਼ਿਆਦਾ ਤਰ ਸਨ। ਉਹ ਹਕੁਮਤ ਨਹੀਂ ਸਗੋਂ ਸੇਵਾ ਵਾਸਤੇ ਆਏ ਸਨ। ਨਾਂ ਤਾਂ ਹਕੁਮਤ ਕਰਦੇ ਬਰਤਾਨਵੀ ਗੋਰਿਆਂ ਨੇ ਕਿਸੇ ਤਰਾਂ ਦਾ ਲੋਕਾਂ ਤੇ ਦਬਾਅ ਪਾ ਕੇ ਈਸਾਈ ਧਰਮ ਫੈਲਾਇਆ ਅਤੇ ਨਾ ਹੀ ਈਸਾਈ ਮਿਸ਼ਨਰੀਆਂ ਨੇ ਕਿਸੇ ਤਰਾਂ ਦੇ ਲਾਲਚ ਦੇ ਕੇ ਈਸਾਈ ਧਰਮ ਫੈਲਾਇਆ। ਈਸਾਈ ਮਿਸ਼ਨਰੀਆਂ ਦੀਆਂ ਮਾਨਵਤਾ ਪ੍ਰਤੀ ਸੇਵਾਵਾਂ ਤੇ ਪਿਆਰ ਭਾਵਨਾ ਦਾ ਨਿੱਘ ਦੇਖ ਕੇ ਵੱਡੇ ਵੱਡੇ ਧਨਾਡ ਤੇ ਸਿਰ ਕੱਢਦੇ ਉਸ ਵੇਲੇ ਦੇ ਚੁਣਵੇਂ ਲੋਕਾਂ ਨੇ ਆਪ ਹੀ ਈਸਾਈ ਧਰਮ ਅਪਣਾਇਆ। ਜਿਥੋਂ ਤੱਕ ਦਲਿਤਾਂ ਦਾ ਈਸਾਈ ਧਰਮ ਅਪਣਾਉਣਾ, ਇਥੋਂ ਦੀ ਭੇਦ ਭਾਵ, ਛੂਆ ਛਾਤ ਦੀ ਨਫਰਤ ਕਾਰਨ ਜਿਥੇ ਉਨਾਂ ਆਪਣਾਪਣ, ਪਿਆਰਾ ਨਿੱਘ ਤੇ ਬਰਾਬਰਤਾ ਮਿਲੀ, ਉਥੇ ਇਹ ਲੋਕ ਧਰਮ ਪਰਿਵਰਤਨ ਕਰ ਗਏ। ਅੱਜ ਵੀ ਸਾਡਾ ਸੰਵਿਧਾਨ ਆਪਣਾ ਧਰਮ ਛੱਡ ਕੇ ਦੂਜੇ ਧਰਮ ਅਪਣਾਉਣ ਦੀ ਖੁਲੀ ਆਜ਼ਾਦੀ ਦਿੰਦਾ ਹੈ। ਅੱਜ ਵੀ ਈਸਾਈਆਂ ਤੇ ਝੂਠੇ ਦੋਸ਼ ਲਾਏ ਜਾ ਰਹੇ ਹਨ ਕਿ ਛੋਟੀਆਂ ਜਾਤਾਂ ਨੂੰ ਲਾਲਚ ਦੇ ਕੇ ਆਪਣੇ ਵਲਾਂ ਖਿੱਚ ਰਹੇ ਹਨ। ਲੇਖਕ ਪੁਛਦਾ ਹੈ ਕਿ ਜੇਕਰ ਕਿਸੇ ਕੋਲ ਆਪਣਾ ਧਰਮ ਪਰਿਵਰਤਨ ਕਰਕੇ ਕਿਸੇ ਲਾਲਚ ਵਿੱਚ ਆਣ ਕੇ ਈਸਾਈ ਧਰਮ ਅਪਣਾਇਆ, ਉਹ ਸਰਕਾਰੀ ਅੰਕੜੇ, ਪੁਲਿਸ ਪਾਸ ਮੁਢਲੀਆਂ ਸੁਚਨਾਵਾਂ ਰਿਪੋਰਟਾਂ ਦਾ ਵੇਰਵੇਂ ਸਾਹਿਤ ਲੇਖਕ ਦੀ ਜਾਣਕਾਰੀ ਵਾਸਤੇ ਭੇਜੇ ਜਾਣ।

ਵੈਸੇ ਤਾਂ ਉਹ ਧਰਮ ਹੀ ਨਹੀਂ, ਜੋ ਬਦਲਿਆ ਜਾ ਸਕੇ। ਧਰਮ ਤਾਂ ਇਨਸਾਨੀਅਤ ਦਾ ਪਾਠ ਪੜਾਉਂਦਾ ਹੈ। ਧਰਮ ਇਕ ਹੀ ਹੈ, ਜੋ ਸਚਾਈ ਤੇ ਨੇਕੀ ਦੀ ਕਸੌਟੀ ਤੇ ਖਰਾ ਉਤਰੇ। ਭਾਰਤ ਵਿੱਚ ਸ਼ੂਦਰਾਂ ਨੂੰ ਜਿੰਦੇ ਜਾਨਵਰ ਨੂੰ ਕੱਟ ਕੇ ਮਾਸ ਖਾਣ ਤੇ ਮਨਾਹੀ ਸੀ। ਇਸ ਦਾ ਪ੍ਰਭਾਵ ਕੁਝ ਬੁੱਧ ਧਰਮ ਤੇ ਜੈਨ ਧਰਮ ਕਰਕੇ ਵੀ ਹੋ ਸਕਦਾ ਹੈ। ਸ਼ੂਦਰਾਂ ਨੂੰ ਚਾਵਲਾਂ ਦਾ ਪੀਲੇ ਰੰਗ ਦਾ ਜਰਦਾ ਬਣਾ ਕੇ ਵੀ ਖਾਣ ਦੀ ਮਨਾਹੀ ਸੀ। ਈਸਾਈ ਮਿਸ਼ਨਰੀਆਂ ਨੇ ਇਥੋਂ ਦੀਆਂ ਸਮਾਜ ਵਿੱਚ ਪਾਈਆਂ ਜਾਦੀਆਂ ਬਹੁਤੀਆਂ ਕੁਰੀਤਿਆਂ ਨੂੰ ਦੂਰ ਤੇ ਮੁਕੰਮਲ ਖਤਮ ਕਰਦੇ ਹੋਏ ਸ਼ੁਦਰਾਂ ਨੂੰ ਜੀਂਦੇ ਜਾਨਵਰਾਂ ਦਾ ਮਾਸ ਖੁਆਇਆ ਤੇ ਪੀਲੇ ਚਾਵਲਾਂ ਦਾ ਜਰਦਾ ਵੀ ਬਣਾ ਕੇ ਖੁਆਇਆ। ਇੰਨਾਂ ਤਬਦੀਲੀਆਂ ਨਾਲ ਸ਼ੁਦਰਾਂ ਦਾ ਹੋਸਲਾ ਵਧਿਆ। ਜਦਕਿ ਪਹਿਲਾਂ ਦਲਿਤ ਮਰੇ ਪਸ਼ੂਆਂ ਦਾ ਮਾਸ ਹੀ ਖਾ ਸਕਦੇ ਸਨ।

ਭਾਰਤ ਦਾ ਸੰਵਿਧਾਨ ਨਿਰਮਾਤਾ ਤੇ ਭਾਰਤ ਰਤਨ (ਵਿਸ਼ਵ ਰਤਨ ਵੀ ਕਹਿ ਸਕਦੇ ਹਾਂ) ਡਾ : ਬਾਬਾ ਸਾਹਿਬ ਬੀ.ਆਰ. ਅੰਬੇਡਕਰ ਤਿੰਨ ਮਹਾਨ ਵਿਅਕਤੀਆਂ ਨੂੰ ਆਪਣਾ ਗੁਰੂ ਮੰਨਦੇ ਸਨ - 1. ਭਗਵਾਨ ਬੁੱਧ&; 2. ਸਤਿਗੁਰੂ ਕਬੀਰ&; ਤੇ 3. ਮਹਾਤਮਾ ਜਯੋਤੀਬਾ ਫੂਲੇ। ਮਹਾਤਮਾ ਜਯੋਤੀ ਫੂਲੇ ਨੇ ਵੀ ਈਸਾਈ ਮਿਸ਼ਨਰੀਆਂ ਦੇ ਸਕੂਲ ਚੋਂ ਵਿਦਿਆ ਹਾਸਿਲ ਕੀਤੀ ਸੀ। ਬਾਬਾ ਸਾਹਿਬ ਦੇ ਪਿਤਾ ਜੀ ਨੇ ਵੀ ਇਨਾਂ ਦੇ ਹੀ ਸਕੂਲ ਵਿਚੋਂ ਵਿਦਿਆ ਹਾਸਤ ਕੀਤੀ ਸੀ। ਬਾਬਾ ਸਾਹਿਬ ਨੇ ਵੀ ਕਰੀਬ ਕਰੀਬ ਸਾਰੀਆਂ ਡੀਗਰੀਆਂ ਈਸਾਈ ਵਿਦਿਅਕ ਯੂਨੀਵਰਸਿਟੀਆਂ ਵਿਚੋਂ ਪ੍ਰਾਪਤ ਕੀਤੀਆਂ। ਜਿੰਨੇ ਵੀ ਭਾਰਤ ਦੇ ਪੜੇ ਲਿਖੇ ਮਹਾਨ ਵਿਅਕਤੀ, ਬੁਧੀਜੀਵੀਆਂ ਦੀ ਸੁਚੀ ਹੈ ਇਨਾਂ ਵਿੱਚੋਂ ਬਹੁਤੇ ਈਸਾਈ ਮਿਸ਼ਨਰੀਆਂ ਦੇ ਵਿਦਿਅਕ ਅਦਾਰਿਆਂ ਵਿਚੋਂ ਹੀ ਪੜੇ ਹੋਏ ਸਨ, ਜਿੰਨਾਂ ਨੇ ਦੇਸ਼ ਦੀ, ਸਮਾਜ ਦੀ ਅਤੇ ਆਰਥਿਕ ਕ੍ਰਾਂਤੀ ਵਿੱਚ ਯੋਗਦਾਨ ਪਾਇਆ। ਲੇਖਕ ਨੂੰ ਅਫਸੋਸ ਹੁੰਦਾ ਹੈ, ਜਦ ਕਦੇ ਈਸਾਈ ਬਰਾਦਰੀ ਵਿੱਰੁਧ ਦੁਸ਼ਪ੍ਰਚਾਰ ਕੀਤਾ ਜਾਂਦਾ ਹੈ। ਅਸਲੀ ਈਸਾਈ ਦੈਆਵਾਨ, ਸ਼ਾਂਤੀ ਪ੍ਰੀਆ ਅਤੇ ਭੇਦ ਭਾਵ ਨਾ ਰਖਣ ਵਾਲੇ ਹਨ। ਪਰ ਅਫਸੋਸ, ਈਸਾਈਆਂ ਪ੍ਰਤੀ ਜੋ ਵੀ ਦੁਸ਼ਪ੍ਰਚਾਰ ਹੋ ਰਿਹਾ ਹੈ ਉਸ ਨੂੰ ਠੱਲ ਪਾਉਣ ਵਾਸਤੇ ਸਾਨੂੰ ਸਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ।

## ਦੁੱਖ ਜਾਣੇ ਕਦੇ ਨਾ ਭੁੱਲੇ

ਸਾਨੂੰ ਛੱਡ ਗਿਆ ਏ ਜਗ ਸਾਰਾ
ਦੁੱਖ ਬਣ ਗਿਆ ਡਾਢਾ ਭਾਰਾ
ਕਿਹਨੂੰ ਆਖਾਂ ਸਜਨ ਪਿਆਰਾ
ਕਿ ਹੁਣ ਸਾਡੀ ਜਾਨ ਵੀ ਰੁ.ਲੇ
ਕੋਈ ਨਾ ਖੜਿਆ ਨਾਲ ਸਰਦਾਰਾ
ਕਿ ਇਹ ਦੁੱਖ ਜਾਣੇ ਕਦੇ ਨਾ ਭੁੱਲੇ ।

ਆ ਲਗਿਆ ਕਰੋਨਾ ਪਰਛਾਵਾਂ
ਕਿਹਨੂੰ ਆਪਣੀ ਵਿਥਿਆ ਸੁਣਾਵਾਂ
ਕਰੀਏ ਮਿੰਨਤਾਂ ਤੇ ਤਰਲੇ ਪਾਵਾਂ
ਕਿ ਹੁਣ ਭੇਦ ਗਏ ਨੇ ਸਭ ਦੇ ਖੁਲੇ
ਕੋਈ ਨਾ ਖੜਿਆ ਨਾਲ ਸਰਦਾਰਾ
ਕਿ ਇਹ ਦੁੱਖ ਜਾਣੇ ਕਦੇ ਨਾ ਭੁੱਲੇ ।

ਜਦ ਔਖਾ ਵਕਤ ਸੀ ਆਇਆ
ਸਭ ਵੇਖ ਕੇ ਮੂੰਹ ਘੁਮਾਇਆ
ਨਾ ਰਹੀ ਹਿੰਮਤ ਤੇ ਸਰਮਾਇਆ
ਕਿ ਤੁਰ ੨ ਸਾਡੇ ਸਾਹ ਵੀ ਫੁੱਲੇ
ਕੋਈ ਨਾ ਖੜਿਆ ਨਾਲ ਸਰਦਾਰਾ
ਕਿ ਇਹ ਦੁੱਖ ਜਾਣੇ ਕਦੇ ਨਾ ਭੁੱਲੇ ।

ਓ ਸਾਡਾ ਚੈਨ ਗਿਆ ਸੀ ਲੁੱਟਿਆ
ਬਿਨਾ ਸੁਣਿਓ ਪੁਲਿਸ ਨੇ ਕੁੱਟਿਆ
ਨੀਂਦ ਉਡ ਗਈ ਸਰੀਰ ਸੀ ਟੁੱਟਿਆ
ਕਿ ਨੀਰ ਚੋਅ ੨ ਸਾਡੇ ਅੱਖਾਂ ਚੋਂ ਡੁੱਲੇ
ਕੋਈ ਨਾ ਖ਼ੜਿਆ ਨਾਲ ਸਰਦਾਰਾ
ਕਿ ਇਹ ਦੁੱਖ ਜਾਣੇ ਕਦੇ ਨਾ ਭੁੱਲੇ ।

ਬਦਲਾਓ ਕਦੇ ਤਾਂ ਦੇਸ਼ 'ਚ' ਆਉ
ਜੋ ਦੀਨ ਦੁੱਖੀਆਂ ਲਈ ਅੱਲਖ ਜਗਾਉ
ਰੌਲੇ ਜਾਤ, ਮਜ਼ੁਬਾਂ ਦੇ ਆ ਕੇ ਮੁਕਾਉ
ਕਿ ਸ਼ਭ ਲੋਕ ਰਹਿਣ ਮਿਲੇ ਜੁਲੇ
ਕੋਈ ਨਾ ਖੜਿਆ ਨਾਲ ਸਰਦਾਰਾ
ਕਿ ਇਹ ਦੁੱਖ ਜਾਣੇ ਕਦੇ ਨਾਂ ਭੁੱਲੇ ।

**– ਰਬਿੰਦਰ ਸ਼ਰਮਾ**
91-98146-67682



## ਚਿੜੀ ਦੀ ਚੀਅ-ਚੀਅ

ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਦੀ,
ਨਾ ਇਹ ਪਾਇਆ ਚੋਗਾ ਹੀ ਆ ਖਾਂਦੀ ।
ਛੱਡਕੇ ਵਿਹੜੇ ਵੇਖੀ ਦੂਰ ਦੁਰਾਡੇ ਜਾਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਂਦੀ।

ਰਹਿੰਦੀ ਸੀ ਘਰਾਂ ਅੰਦਰ ਦਰਦ ਲਕੋਈ,
ਚੁੱਪ ਚਾਪ,ਸ਼ਾਤ ਸੁਭਾਅ ਕਦੇ ਨਾਂ ਰੋਈ ।
ਹੁੰਦਾ ਸੀ ਕੋਈ ਦੁੱਖ ਤਾਂ ਬੋਲ ਸੁਣਾਉਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਂਦੀ।

ਮਨ 'ਚ' ਇਹਦੇ ਕੋਈ ਰੋਸ ਹੈ ਆਇਆ,
ਆਪਣੇ ਦਿਲ ਵਿੱਚ ਜੋ ਇਸ ਲਗਾਇਆ ।
ਵੇਖੀ ਨਾ ਮੁੜ ਕਦੇਂ ਇਥੇ ਗੇੜਾ ਲਾਉਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਂਦੀ।

ਬਣਾ ਕੋਠੀਆਂ ਉਜਾੜ ਦਿੱਤੇ ਨੇ ਘੁਰਨੇ,
ਤੀਲਾ-ਤੀਲਾ ਰੱਖ ਨਾ ਇਥੇ ਆਲਣੇ ਜੁੜਨੇ।
ਬੰਦ ਦਰਵਾਜ਼ੇ ਨਾ ਅੰਦਰ ਵੜ ਪਾਉਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਂਦੀ।

ਕਿਸੇ ਵੀ ਤਰਸ ਨਾ ਕੀਤਾ ਇਨ੍ਹਾਂ ਉਤੇ,
ਬਾਹਰ ਬੈਠਦੀਆਂ ਨੂੰ ਪੈਂਦੇ ਬਿਲੀ, ਕੁੱਤੇ ।
ਕਾਂ, ਬਾਜ ਤੋਂ ਡਰ-ਡਰ ਰਹੀ ਘਬਰਾਉਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਂਦੀ।

ਛੱਡਦੇ ਤਰੰਗਾਂ ਹੁਣ ਫ਼ੋਨ,ਟੀ.ਵੀ.ਟਾਵਰ,
ਸਭ ਤੋਂ ਘਾਤਕ ਸਿਧ ਹੋਏ ਬਣ ਜਾਬਰ ।
ਤਾਰੰਗ ਦੀ ਚੁਪੇਟ ਇਹਨੂੰ ਸਹਿਕਾਉਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਂਦੀ।

ਧੀਆਂ ਦੇ ਗੀਤ ਵੀ ਚਿੜੀਆਂ ਨਾਲ ਜੋੜੇ,
ਪਰ ਹੱਕ ਚਿੜਿਆਂ ਦੇ ਕਦੇ ਵੀ ਨਾ ਮੋੜੇ ।
ਇਹ ਜੁਦਾਈ ਦਾ ਬੋਝ ਪਈ ਹੰਢਾਉਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਂਦੀ।

ਲੱਭੋ ਦੁੱਖਿਆਰੀ ਕਿਸ ਥਾਂ ਅਲੋਪ ਹੋਈ,
ਹੈ ਕਿਤੇ ਜਿਉਂਦੀ ਜਾਗਦੀ ਜਾਂ ਰਾਹ ਮੋਈ।
ਇਹ ਸਦੀਆਂ ਤੋਂ ਰਹੀ ਸੰਗ ਨਿਭਾਉਂਦੀ,
ਚਿੜੀ ਦੀ ਚੀਅ-ਚੀਅ ਕਿਤਿਓਂ ਨਾ ਆਉਦੀ।

# ਗੁਣਾਂ ਦੀ ਪਟਾਰੀ, ਪ੍ਰਵਾਸੀ ਕਲਮ : ਲਸ਼ਕਰੀ ਰਾਮ ਜੱਖੂ

ਸਾਹਿਤ ਦੀ ਸੇਵਾ ਤੇ ਸਮਾਜ- ਸੇਵਾ ਦਾ ਕਾਰਜ਼ ਵੀ ਕਿਸੇ ਭਾਗਾਂ ਵਾਲੇ ਬੰਦੇ ਦੇ ਹਿੱਸੇ ਹੀ ਆਉਂਦਾ ਹੈ । ਉਹ ਵੀ ਉਸ ਸਖ਼ਸ਼ ਦੇ ਹਿੱਸੇ, ਜਿਸ ਵਿੱਚ ਗੁਣ ਹੁੰਦਾ ਹੈ ਮਿਹਨਤ, ਲਗਨ, ਸ਼ੌਂਕ ਦ੍ਰਿੜਤਾ ਤੇ ਸ੍ਰਿੜਤਾ ਦਾ। ਜਿਸ ਵਿਚ ਅਣਖ ਵੀ ਜਿਊਂਦੀ-ਜਾਗਦੀ ਹੋਇਆ ਕਰਦੀ ਹੈ ਅਤੇ ਦਾ ਚਟਾਨ ਵਰਗਾ ਠੋਸ ਤੇ ਪੱਕਾ ਇਰਾਦਾ ਵੀ। ਇਨਾਂ ਸਭ ਗੁਣਾਂ ਦੀ ਪਟਾਰੀ ਦਾ ਦੂਜਾ ਨਾਂਓ ਹੈ- ਲਕਸ਼ਰੀ ਰਾਮ ਜੱਖੂ। ਜਿਲਾ ਜਲਧੰਰ ਦੀ ਤਹਿਸੀਲ ਨਕੋਦਰ ਦੇ ਪਿੰਡ ਲੱਧੜਾਂ ਵਿੱਚ ਸਵ: ਸ਼੍ਰੀ ਸ਼ਾਮਾ ਰਾਮ ਪਿਤਾ ਦੇ ਵਿਹੜੇ ਸ਼੍ਰੀਮਤੀ ਅਮਰ ਕੌਰ ਮਾਤਾ ਜੀ ਦੀ ਕੁੱਖ ਨੂੰ ਵੀਹ ਜੁਲਾਈ ਉਨੀਂ ਸੌ ਸਤਵੰਜ਼ਾ ਨੂੰ ਭਾਗ ਲਾਉਣ ਵਾਲੇ ਲਸ਼ਕਰੀ ਰਾਮ ਨੇ ਦਸਵੀਂ ਸ. ਹ. ਸਕੂਲ ਨਕੋਦਰ ਤੋਂ ਅਤੇ ਉਪਰੰਤ ਖਰੈਤੀ ਰਾਮ ਮਹਿੰਦਰੂ ਡੀ. ਏ. ਵੀ. ਕਾਲਜ ਨਕੋਦਰ ਤੋਂ ਬੀ. ਏ. ਤੱਕ ਦੀ ਪੜਾਈ ਰੋਜ਼ਾਨਾ ਪੰਜ ਕਿ. ਮੀ. ਪੈਦਲ ਯਾਤਰਾ ਕਰ ਕਰਕੇ ਪਾਸ ਕੀਤੀ। ਫਿਰ, 1975 'ਚ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਕੀਤੀ। ਐਨਾ ਪੜਨ ਦੇ ਬਾਵਜੂਦ ਗ਼ਰੀਬ ਨੌਜਵਾਨ ਨੂੰ ਨੌਕਰੀ ਨਾ ਮਿਲੀ।






ਲਸ਼ਕਰੀ ਜੀ ਦੇ ਸਾਹਿਤਕ ਸਫ਼ਰ ਦੀ ਗੱਲ ਕਰੀਏ ਤਾਂ ਬਚਪਨ ਤੋਂ ਹੀ ਗੀਤ ਗਾਉਣੇ, ਪਿੰਡ ਦੇ ਨਾਟਕ ਕਲਾ ਮੰਚ 'ਚ ਵੱਖ-ਵੱਖ ਪਾਤਰਾਂ ਦੇ ਰੋਲ ਅਦਾ ਕਰਨੇ, ਸਾਹਿਤਕ ਕਿਤਾਬਾਂ ਪੜਨੀਆਂ ਆਦਿ ਸ਼ੌਂਕ ਰਹੇ। ਜੱਖੂ ਜੀ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਇਸ ਖੇਤਰ ਵਿਚ ਚੱਲਦਿਆਂ ਉਨਾਂ ਨੇ ਉਸਤਾਦ ਸ. ਰਣਜੀਤ ਸਿੰਘ ਚੰਦ ਕੋਲੋਂ ਗ਼ਜ਼ਲ ਦੀ ਵਜ਼ਨ-ਬਹਿਰ ਦੀਆਂ ਬਰੀਕੀਆਂ ਸਿੱਖੀਆਂ। ਸਾਹਿਤ ਦੀਆਂ ਹੋਰ ਮਹਾਨ ਸਖ਼ਸ਼ੀਅਤਾਂ ਗੁਰਦਾਸ ਰਾਮ ਆਲਮ, ਸੰਤ ਰਾਮ ਉਦਾਸੀ, ਸ਼ਿਵ ਬਟਾਲਵੀ, ਇਨਕਲਾਬੀ ਕਵੀ ਪਾਸ਼, ਹਰਨਾਮ ਦਾਸ ਸਹਿਰਾਈ, ਸੋਹਣ ਸਿੰਘ ਮੀਸ਼ਾ, ਪ੍ਰੋ. ਜਗਤਾਰ, ਸਾਧੂ ਸਿੰਘ ਹਮਦਰਦ, ਉਲਫ਼ਤ ਬਾਜਵਾ ਅਤੇ ਪੰਜਾਬੀ ਗ਼ਜ਼ਲ ਦੇ ਪਿਤਾਮਾ ਦੀਪਕ ਜੈਤੋਈ ਜੀ ਆਦਿ ਨਾਲ ਸਾਹਿਤਕ ਸੰਗਤ ਕੀਤੀ। ਨਾਟਕਕਾਰ ਭਾਈ ਮੰਨਾ ਸਿੰਘ ਜੀ ਅਤੇ ਮਸ਼ਹੂਰ ਕਹਾਣੀਕਾਰ ਜਿੰਦਰ ਲੱਧੜ, ਗੀਤਕਾਰ ਪ੍ਰੀਤ ਲੱਧੜ, ਬਲਕਾਰ ਲੱਧੜ ਅਤੇ ਪ੍ਰੋ. ਪ੍ਰਗਣ ਸਿੰਘ ਨਾਲ ਵੀ ਕਾਫ਼ੀ ਨੇੜਤਾ ਰਹੀ। ਨਾਵਲਕਾਰ ਸਵ: ਜਸਵੰਤ ਸਿੰਘ ਕੰਵਲ, ਕਰਨੈਲ ਸਿੰਘ ਨਿੱਝਰ, ਲੇਖਿਕਾ ਕੁਲਬੀਰ ਕੌਰ ਬਡੇਸਰੋਂ ਦੇ ਰੂ-ਬ- ਰੂ ਹੋਣ ਦਾ ਵੀ ਮੌਕਾ ਮਿਲਿਆ। ਇਨਾਂ ਸਭੇ ਸਖ਼ਸ਼ੀਅਤਾਂ ਦਾ ਜੱਖੂ ਜੀ ਦੀ ਕਲਮ ਅਤੇ ਸੋਚਣੀ ਉਤੇ ਰੰਗ ਚੜਿਆ ਰੰਗ ਸਾਖ਼ਸ਼ਾਤ ਝਲਕਾਰੇ ਮਾਰਦਾ ਨਜ਼ਰੀ ਆਉਦਾ ਹੈ।

ਜਿੱਥੇ ਆਪ ਜੀ ਨੇ ਦੇਸ਼-ਵਿਦੇਸ਼ ਦੀਆਂ ਪੰਜਾਬੀ ਦੀਆਂ ਅਖ਼ਬਾਰਾਂ ਵਿੱਚ ਗ਼ਜ਼ਲਾਂ, ਗੀਤ ਤੇ ਆਰਟੀਕਲ ਛਪਵਾ ਕੇ ਚੰਗਾ ਨਾਮਨਾ ਖੱਟਿਆ, ਉਥੇ ਉਨਾਂ ਦੇ ''ਸਾਂਝੀਵਾਲਤਾ ਦੇ ਪ੍ਰਤੀਕ ਧੰਨ-ਧੰਨ ਗੁਰੂ ਗ੍ਰੰਥ ਸਾਹਿਬ ਜੀ'', ''ਪ੍ਰਥਮ ਪ੍ਰਕਾਸ਼ ਸਥਾਨ ਸ਼੍ਰੀ ਹਰਿਮੰਦਰ ਸਾਹਿਬ'', ''ਮਹਾਨ ਯੁੱਗ-ਪੁਰਸ਼ ਬਾਵਾ ਸਾਹਿਬ ਡਾ. ਭੀਮ ਰਾਓ ਅੰਬੇਦਕਰ'' ਨੇ ਕਾਫ਼ੀ ਲੋਕ-ਪ੍ਰਿਯਤਾ ਹਾਸਲ ਕੀਤੀ। ਸਾਂਝੀਆਂ ਪ੍ਰਕਾਸ਼ਨਾਵਾਂ ਦੀ ਲੜੀ ਵਿਚ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ, (ਰਜਿ:) ਦੇ ''ਰੰਗ-ਬਰੰਗੀਆਂ ਕਲਮਾਂ'' (267 ਕਲਮਾਂ ਦੇ ਕਾਵਿ-ਸੰਗ੍ਰਹਿ) ਵਿਚ ਭਰਵੀਂ ਕਲਮੀ ਹਾਜ਼ਰੀ ਲਗਵਾਈ। ਸੂਫ਼ੀ ਗਾਇਕ ਜਮਨਾ ਰਸੀਲਾ ਵਲੋਂ ਜੱਖੂ ਜੀ ਦੇ ਕੁਝ ਗੀਤ ਵੀ ਰਿਕਾਰਡ ਕਰਵਾ ਕੇ ਮਾਰਕੀਟ ਵਿਚ ਉਤਾਰੇ ਗਏ।

1997 ਵਿਚ ਜੱਖੂ ਜੀ ਕੁਵੈਤ ਚਲੇ ਗਏ। ਵਿਦੇਸ਼ਾਂ ਵਿਚ ਬੇਸ਼ੱਕ ਹਰ ਬੰਦੇ ਨੂੰ ਮਸ਼ੀਨ ਬਣਨਾ ਪੈਂਦਾ ਹੈ, ਪਰ ਇਸਦੇ ਬਾਵਜੂਦ ਵੀ ਜਿਹਨ ਵਿਚ ਪੁੰਗਰ ਚੁੱਕੇ ਸਾਹਿਤ ਦੇ ਬੀਜ ਉਨਾਂ ਨੂੰ ਉਤਨੀ ਦੇਰ ਟਿਕਣ ਨਾ ਦਿੰਦੇ ਜਿੰਨੀ ਦੇਰ ਤੱਕ ਆਪਣਾ ਕਲਮੀ-ਉਬਾਲ ਕਾਗਜ਼ ਦੀ ਹਿੱਕੜੀ ਉਤੇ ਕੱਢਕੇ ਰੱਖ ਨਾ ਦਿੰਦੇ। ਗ਼ਰੀਬੀ ਹੰਢਾਈ ਹੋਣ ਕਰ ਕੇ ਉਹ ਲੋਕ-ਸੇਵਾ ਵੱਲ ਵੀ ਉਚੇਚਾ ਧਿਆਨ ਦਿੰਦੇ। ਸੰਨ 2009 'ਚ ਪੰਜਾਬੀ ਸੰਗਤ ਦੇ ਸਹਿਯੋਗ ਨਾਲ, ''ਸਤਿਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ'' ਹੋਂਦ 'ਚ ਲਿਆਂਦੀ। ਸੰਗਤ ਵੱਲੋਂ ਸੋਸਾਇਟੀ ਦੇ ਪਹਿਲੇ ਪ੍ਰਧਾਨ ਵੀ ਆਪ ਨੂੰ ਹੀ ਚੁਣਿਆ ਗਿਆ ਤੇ ਇਹ ਮਾਣ ਸੰਗਤ ਵੱਲੋਂ ਅੱਜ ਵੀ ਬਰਕਰਾਰ ਹੈ । ਫਿਰ, ਪੰਜਾਬੀ ਭਾਈਚਾਰੇ ਨੂੰ ਨਾਲ ਲੈ ਕੇ ਕੁਵੈਤ 'ਚ ਧਾਰਮਿਕ ਸਮਾਗਮ ਕਰਵਾਉਣੇ ਅਰੰਭ ਕੀਤੇ। ਜਿਨਾਂ 'ਚ ਹੁਣ ਤੱਕ ਪੰਜਾਬ ਤੋਂ ਪਦਮ ਸ਼੍ਰੀ ਸੰਤ ਬਲਵੀਰ ਸਿੰਘ ਜੀ ਸੀਚੇਵਾਲ, ''ਸਾਡਾ ਪੰਜਾਬ'' ਦੇ ਮੁੱਖ ਸੰਪਾਦਕ ਸ. ਇੰਦਰਜੀਤ ਸਿੰਘ ਘੁੰਗਰਾਲੀ, ਮਾਈ ਭਾਗੋ ਬ੍ਰਿਗੇਡ ਦੀ ਸਰਪ੍ਰਸਤ ਬੀਬੀ ਕੁਲਵੰਤ ਕੌਰ ਪਟਿਆਲਾ, ਕਥਾ-ਵਾਚਕ ਭਾਈ ਮਨਜਿੰਦਰ ਸਿੰਘ ਜੀ ਹਰਿ ਰਾਏ ਪੁਰ ਵਾਲੇ, ਭਾਈ ਬਲਜੀਤ ਸਿੰਘ ਚੰਡੀਗੜ ਵਾਲੇ, ਰਾਗੀ ਭਾਈ ਹਰਪਾਲ ਸਿੰਘ ਵਿਰਦੀ, ਯੂਰਪ ਤੋਂ ਕਵੀ ਸ. ਹਰਜਿੰਦਰ ਸਿੰਘ ਸੰਧੂ, ਸ. ਮੋਤਾ ਸਿੰਘ ਸਰਾਏ (ਪੰਜਾਬੀ ਸੱਥ ਯੂਰਪ ਦੇ ਮੁੱਖ ਸੇਵਾਦਾਰ) ਆਦਿ ਇਨਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਗਏ ਹਨ।

ਸ. ਮੋਤਾ ਸਿੰਘ ਜੀ ਸਰਾਏ ਦੀ ਸਲਾਹ 'ਤੇ ਸਵ: ਨਿਰਮਲ ਸਿੰਘ ਜੀ ਭੰਵਰਾ, ਕਰਮਜੀਤ ਸਿੰਘ ਔਜਲਾ, ਦਲਜੀਤ ਸਿੰਘ ਭੱਟੀ, ਸੁਪ੍ਰਸਿੱਧ ਗੀਤਕਾਰਾਂ ਦੀ ਲੜੀ ਵਿਚ ਸੁਰਿੰਦਰ ਜੱਕੋਪੁਰੀ, ਜੱਸੀ ਗੁਸਤਾਖ਼, ਹੈਪੀ ਭਾਮ, ਤੇਜੀ ਸਾਬ, ਬਲਜੀਤ ਸਰੋਆ, ਨਿਰਮਲ ਭਾਰ ਸਿੰਘ ਪੁਰੀ, ਰਵਿੰਦਰ ਸਿੰਘ, ਜਸਪਾਲ ਚੁੰਬਰ ਅਤੇ ਮੰਗੀ ਭੁੱਲਰ ਆਦਿ ਨੂੰ ਨਾਲ ਲੈ ਕੇ, ''ਪੰਜਾਬੀ ਸੱਥ ਕੁਵੈਤ'' ਦੀ ਸਥਾਪਨਾ ਕੀਤੀ, ਜਿਸ ਵਿਚ ਉਪਰੰਤ ਕੁਵੈਤ 'ਚ ਰਹਿੰਦੀਆਂ ਹੋਰ ਕਲਮਾਂ ਨੂੰ ਵੀ ਆਪਣੇ ਨਾਲ ਜੋੜ ਕੇ, ''ਮੋਹ ਪੰਜਾਬੀ ਦਾ'' ਕਾਵਿ-ਸੰਗ੍ਰਹਿ ਛਪਵਾਇਆ। 16 ਅਪ੍ਰੈਲ, 2020 ਨੂੰ ਕੁਵੈਤ 'ਚ ਮਨਾਏ ਜਾਣ ਵਾਲੇ ਵਿਸਾਖੀ ਮੇਲੇ 'ਤੇ ਇਸ ਕਾਵਿ-ਸੰਗ੍ਰਹਿ ਦੀ ਘੁੰਡ-ਚੁਕਾਈ ਹੋਣੀ ਸੀ, ਪਰ ਇਹ ਮੇਲਾ ਕਰੋਨਾ ਮਹਾਂਮਾਰੀ ਦੀ ਭੇਂਟ ਚੜ ਗਿਆ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬੁਲੰਦੀਆਂ ਉਤੇ ਪਹੁੰਚਾਉਣ ਦੇ ਸਿਰਤੋੜ ਉਪਰਾਲਿਆਂ ਵਿਚ ਜੁਟੀ ਲਸ਼ਕਰੀ ਰਾਮ ਜੱਖੂ ਨਾਂ ਦੀ ਇਸ ਸਖ਼ਸ਼ੀਅਤ ਦੇ ਪਰ-ਉਪਕਾਰੀ ਸਾਹਿਤਕ ਅਤੇ ਸਮਾਜ-ਸੇਵੀ ਕਾਰਜਾਂ ਬਾਰੇ ਜਿੰਨੀ ਸ਼ਲਾਘਾ ਕੀਤੀ ਜਾਏ, ਥੋੜੀ ਹੈ। ਸ਼ਾਲਾ ! ਇਸ ਅਨਮੋਲ ਪ੍ਰਵਾਸੀ ਹੀਰੇ ਨੂੰ ਆਪਣੀਆਂ ਕਲਾਵਾਂ ਰੂਪੀ ਰੋਸ਼ਨੀਆਂ ਨਾਲ ਇਵੇਂ ਹੀ ਹਨੇਰੇ ਹਿਰਦਿਆਂ ਨੂੰ ਰੁਸ਼ਨਾਉਣ ਵਿਚ ਯੋਗਦਾਨ ਪਾਉਂਦੇ ਰਹਿਣ ਦਾ ਮਾਲਕ ਹੋਰ ਵੀ ਬਲ ਬਖ਼ਸ਼ੇ ! ਲਸ਼ਕਰੀ ਰਾਮ ਜੱਖੂ ਨਾਂ ਦਾ ਲਟ-ਲਟ ਬਲਦਾ, ਚਮਕਦਾ-ਦਮਕਦਾ ਇਹ ਚਿਰਾਗ਼ ਯੁੱਗਾਂ ਤੀਕ ਲਗਾਤਾਰ ਬ.ਲਦਾ ਰਵੇ, ਦਿਲੀ ਚਾਹਿਤ ਹੈ, ਮੇਰੀ!

**– ਪ੍ਰੀਤਮ ਲੁਧਿਆਣਵੀ**

# ਸਿਹਤ-ਸੇਵਾਵਾਂ ਅਤੇ ਮਾਂ-ਬੋਲੀ ਪੰਜਾਬੀ ਨੂੰ ਸਮਰਪਿਤ : ਗੁਰਾਂ ਦਿੱਤਾ ਸਿੰਘ ਮਹਿਲ

ਸਰੀਰਕ ਰੋਗੀਆਂ ਨੂੰ ਆਪਣੇ ਡਾਕਟਰੀ-ਪੇਸ਼ੇ ਦੁਆਰਾ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰੇਮੀਆਂ ਨੂੰ ਆਪਣੀ ਕਮਾਲ-ਮਈ ਕਲਮ ਦੁਆਰਾ ਤੰਦਰੁਸਤੀਆਂ ਅਤੇ ਹਿਰਦੇ ਨੂੰ ਸਕੂਨ ਦੇਣ ਵਾਲੇ ਪਰ-ਉਪਕਾਰੀ ਕਾਰਜਾਂ ਵਿਚ ਜੁਟੇ ਹੋਏ ਕੋਮਲ ਹਿਰਦੇ ਵਾਲੇ ਗੁਰਾਂ ਦਿੱਤਾ ਸਿੰਘ ਮਹਿਲ ਦਾ ਜਨਮ ਪਿਤਾ ਸ੍ਰ. ਦਰਸ਼ਨ ਸਿੰਘ ਮਹਿਲ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਸੁਰਜੀਤ ਕੌਰ ਦੀ ਸੁਲੱਖਣੀ ਕੁੱਖੋਂ ਨਵੰਬਰ, 1974 ਨੂੰ ਪਿੰਡ ਭਾਈ ਰੂਪਾ (ਬਠਿੰਡਾ) ਵਿਚ ਹੋਇਆ। ਮੁੱਢਲੀ ਸਿੱਖਿਆ ਉਸਨੇ ਆਪਣੇ ਨਾਨਕੇ ਪਿੰਡ ਧੂੜਕੋਟ (ਫਰੀਦਕੋਟ) ਤੋਂ ਅਤੇ ਮੈਟ੍ਰਿਕ ਜਿਲਾ ਬਠਿੰਡਾ ਦੇ ਪਿੰਡ ਭਾਈ ਰੂਪਾ ਦੇ ਸਰਕਾਰੀ ਹਾਈ ਸਕੂਲ ਵਿੱਚੋਂ ਕੀਤੀ। ਗੁਰਾਂ ਮਹਿਲ ਦੱਸਦਾ ਹੈ ਕਿ ਉਹ ਪੜਨ ਵਿੱਚ ਕਾਫੀ ਹਸ਼ਿਆਰ ਸੀ, ਪਰ ਘਰ ਦੀ ਆਰਥਿਕ ਤੰਗੀ ਉਸਦੀ ਉਚ-ਪੜਾਈ ਵਿਚ ਰੁਕਾਵਟ ਆ ਬਣੀ। ਪਿੰਡਾਂ ਵਿੱਚ ਸੇਵਾ ਕਰਦੇ ਚੰਗੇ ਉਸਤਾਦ-ਡਾਕਟਰਾਂ ਤੋਂ ਸਿੱਖਿਆ ਲੈ ਕੇ ਫਿਰ ਉਸ ਨੇ ਵਿਰਾਸਤ ਵਿੱਚ ਮਿਲੀ ਗਰੀਬੀ ਨਾਲ ਪੂਰੀ ਮਿਹਨਤ ਅਤੇ ਲਗਨ ਨਾਲ ਜੰਗ ਲੜੀ ਅਤੇ ਡਾਕਟਰੀ ਖਿੱਤੇ ਵਿੱਚ ਕੰਮ ਅਤੇ ਸੇਵਾ ਕਰਕੇ ਜਿੱਤ ਪ੍ਰਾਪਤ ਕਰਦਿਆਂ ਸਮਾਜ ਵਿੱਚ ਬਣਦਾ ਸਨਮਾਨ ਪਾਇਆ। ਨਤੀਜਨ ਅੱਜ ਦਿਨ ਉਹ ਰਾਮਪੁਰਾ ਬਲਾਕ ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ 295 ਦੀ ਜਨਰਲ ਸਕੱਤਰ ਦੀ ਸੇਵਾ ਨਿਭਾ ਰਿਹਾ ਹੈ।

ਗੁਰਾਂ ਮਹਿਲ ਨੇ ਇਕ ਮੁਲਾਕਾਤ ਦੌਰਾਨ ਕਿਹਾ, ''ਮੈਨੂੰ ਜਵਾਨੀ ਵਿਚ ਕੁਲਦੀਪ ਮਾਣਕ, ਗਰਦਾਸ ਮਾਨ, ਮੁਹੰਮਦ ਸਦੀਕ-ਰਣਜੀਤ ਕੌਰ, ਸੁਰਿੰਦਰ ਛਿੰਦਾ, ਅਮਰ ਸਿੰਘ ਚਮਕੀਲਾ ਅਤੇ ਨਛੱਤਰ ਛੱਤਾ ਆਦਿ ਜਿਹੇ ਫੰਨਕਾਰਾਂ ਦੇ ਗਾਏ ਗੀਤ ਸੁਣਨੇ ਦੀ ਚੇਟਕ ਲੱਗ ਗਈ। ਦਿਲ ਨੂੰ ਧੂਹ ਪਾਂਉਂਦੀਆਂ ਮਿੱਠੀਆਂ, ਸੁਰੀਲੀਆਂ ਅਤੇ ਦਿਲ-ਕਸ਼ ਅਵਾਜ਼ਾਂ ਦੁਆਰਾ ਸੰਗੀਤ ਵਿਚ ਪ੍ਰੋਏ ਇਹ ਗੀਤ ਦਿਲ ਨੂੰ ਸਕੂਨ ਦਿੰਦੇ ਅਤੇ ਕਿਸ ਨੇ ਲਿਖੇ, ਕਿਵੇ ਲਿਖੇ, ਬਾਰੇ ਮੈਂ ਸੋਚਣ ਲੱਗ ਜਾਂਦਾ। ਦਿਲ- ਹੀ- ਦਿਲ ਗੀਤ ਲਿਖਣ ਵਾਲੇ ਗੀਤਕਾਰ ਲਈ ਮੈਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਮਾਣ-ਇੱਜਤ, ਸਤਿਕਾਰ ਬਖ਼ਸ਼ਦਿਆਂ ਹੋਰ ਵੀ ਸੋਚਾਂ ਦੇ ਸਮੁੰਦਰੀਂ ਡੁੱਬ ਕੇ ਆਪਣੇ ਆਪ ਨੂੰ ਕਹਿੰਦਾ,'' ਗੁਰੇ ! ਤੂੰ ਵੀ ਕੁਝ ਕਾਗਜ ਦੀ ਕੋਰੀ ਹਿੱਕੜੀ ਉਤੇ ਲਿਖ ਕੇ ਦਿਲ ਦੇ ਬਾ-ਬਰੋਲੇ ਹੌਲੇ ਕਰ।''



ਗੀਤਕਾਰ ਗੁਰਾਂ ਮਹਿਲ ਇਨਾਂ ਵਿਚਾਰਾਂ ਦਾ ਹੈ ਕਿ ਕੋਈ ਵੀ ਸੱਜਣ ਠੋਕਰ ਖਾਧੇ ਬਿਨ ਲਿਖਾਰੀ ਨਹੀ ਬਣ ਸਕਦਾ। ਇਹ ਠੋਕਰ ਭਾਂਵੇ ਗਰੀਬੀ ਦੀ ਹੋਵੇ ਜਾਂ ਕਿਸੇ ਵੀ ਹੱਡੀਂ ਹੰਢਾਏ ਹੋਰ ਦਰਦ ਦੀ। ਇੱਕ ਗੀਤਕਾਰ ਬਣਨ ਦੀ ਕੋਸ਼ਿਸ਼ ਵਿਚ ਗੁਰਾਂ ਦਿੱਤਾ ਹਰ ਉਸਤਾਦ-ਗੀਤਕਾਰ ਤੋਂ ਕੁੱਝ-ਨਾ-ਕੁਝ ਸਿੱਖਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਇਸੇ ਕਰਕੇ ਹੀ ਉਹ ਆਪਣੀ ਫੇਸਬੁੱਕ ਉਤੇ ਆਪਣੇ ਲਿਖੇ ਗੀਤ ਪਾਉਂਦਾ ਰਹਿੰਦਾ ਮਣਾਂ-ਮੂੰਹੀ ਪਿਆਰ ਖੱਟਦਾ ਰਹਿੰਦਾ ਹੈ, ਕਲਾ-ਪ੍ਰੇਮੀਆਂ ਪਾਸੋਂ। ਇਕ ਸਵਾਲ ਦਾ ਜੁਵਾਬ ਦਿੰਦਿਆਂ ਉਸ ਕਿਹਾ, ''ਮੇਰੀ ਕਿਸਮਤ ਨੂੰ ਸਾਹਿਤਕ ਹਲਕਿਆਂ ਦੀ ਜਾਣੀ-ਪਛਾਣੀ ਸੰਸਥਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜ਼ਿ:) ਨੇ ਆਪਣੇ ਅੱਠਵੇਂ ਕਾਵਿ-ਸੰਗ੍ਰਹਿ,'' ਰੰਗ ਬਰੰਗੀਆਂ ਕਲਮਾਂ'' (267 ਕਲਮਾਂ) ਵਿਚ ਮੈਨੂੰ ਜਗਾ ਦੇ ਕੇ ਨਾ-ਸਿਰਫ ਮੇਰੀ ਕਲਮ ਦੀ ਅਸਲ ਪਹਿਚਾਣ ਹੀ ਬਣਾਈ, ਬਲਕਿ ਮੈਨੂੰ ਅਤੇ ਮੇਰੀ ਕਲਮ ਨੂੰ ਉਡਾਰੀਆਂ ਮਾਰਨ ਲਈ ਜਾਣੋ ਜ਼ਬਰਦਸਤ ਖੰਭ ਲਾ ਕੇ ਰੱਖ ਦਿੱਤੇ। ਮੈਂ ਹਾਰਦਿਕ ਧੰਨਵਾਦੀ ਹਾਂ ਇਸ ਸੰਸਥਾ ਦੇ ਪ੍ਰਧਾਨ ਸੁਪ੍ਰਸਿੱਧ ਗੀਤਕਾਰ ਸ੍ਰ. ਲਾਲ ਸਿੰਘ ਲਾਲੀ ਅਤੇ ਉਨਾਂ ਦੀ ਸਮੁੱਚੀ ਟੀਮ ਦਾ, ਜਿਨਾਂ ਵਲੋਂ ਮਿਲੀ ਹੱਲਾ-ਸ਼ੇਰੀ ਉਪਰੰਤ ਉਡਾਣਾਂ ਭਰਦਿਆਂ ਹੁਣ ਮੇਰੀ ਕਲਮ ਦੇਸ਼-ਵਿਦੇਸ਼ ਦੇ ਰੋਜਾਨਾ, ਸਪਤਾਹਿਕ ਅਤੇ ਮਾਸਿਕ ਪੇਪਰਾਂ ਦਾ ਖ਼ੂਬ ਸ਼ਿੰਗਾਰ ਬਣਦੀ ਜਾ ਰਹੀ ਹੈ, ਦਿਨ-ਪਰ-ਦਿਨ। ਸੰਸਥਾ ਦੇ ਮਿਲੇ ਇਸ ਪਲੇਟਫਾਰਮ ਨਾਲ ਮੈਨੂੰ ਹੋਰ ਵੀ ਵਧੀਆ ਲਿਖਣ ਦੀ ਅਨਰਜੀ ਮਿਲ ਰਹੀ ਹੈ।''

ਸ੍ਰ. ਲਾਲ ਸਿੰਘ ਲਾਲੀ, ਦੇਵ ਥਰੀਕੇ ਵਾਲਾ, ਕਿਰਪਾਲ ਮਾਹਣਾ, ਰਾਜ ਜਗਰਾਂਓਂ ਅਤੇ ਰਾਜੂ ਨਾਹਰ ਵਰਗੇ ਉਸਤਾਦ-ਗੀਤਕਾਰਾਂ ਨੂੰ ਆਪਣੀ ਕਲਮ ਦਾ ਪ੍ਰੇਰਨਾ-ਸ੍ਰੋਤ ਦੱਸਣ ਵਾਲੇ ਗੁਰਾਂ ਦਿੱਤਾ ਮਹਿਲ ਵਲੋਂ ਆਪਣੀ ਪਲੇਠੀ ਛਪਾਈ ਲਈ ਤਿਆਰ ਕੀਤੀ ਜਾ ਰਹੀ ਪੁਸਤਕ ਦੇ ਗੀਤਾਂ ਵਿਚੋਂ ਇਕ ਗੀਤ ਦੀ ਸਥਾਈ ਦੇਖੋ :

''ਸਾਉਣ ਦੀ ਬਹਾਰ, ਸਾਥੋਂ ਹੁੰਦੀ ਨਾ ਸਹਾਰ,
ਗਿਆ ਨਾਗ ਜੁਦਾਈ ਵਾਲਾ ਲੜ ਸੱਜਣਾ।
ਆਉਣੀ ਨਾ ਬਹਾਰ ਕਦੇ ਸਾਡੇ ਪਿਆਰ ਉੱਤੇ,
ਰਹਿਣੀ ਏ ਸਦਾ ਹੀ ਪੱਤਝੜ ਸੱਜਣਾ।''


ਪ੍ਰੀਤਮ ਲੁਧਿਆਣਵੀ
9876428641

ਇਕ ਹੋਰ ਸਵਾਲ ਦਾ ਜੁਵਾਬ ਦਿੰਦਿਆਂ ਗੁਰਾਂ ਮਹਿਲ ਨੇ ਕਿਹਾ,'' ਬੀ. ਐਸ ਸੀ. (ਨਾਨ-ਮੈਡੀਕਲ) ਵਿਚ ਪੜਦੀ ਮੇਰੀ ਬੇਟੀ ਨਵਜੋਤ ਕੌਰ ਅਤੇ ਬੀ. ਐਸ ਸੀ. (ਐ-ਗਰੀਕਲਚਰ) ਕਰ ਚੁੱਕੇ ਬੇਟੇ ਦੇਵਿੰਦਰਦੀਪ ਸਿੰਘ ਪਾਸੋਂ ਪੜਾਈ ਪੱਖ ਮੇਰੇ ਅਧੂਰੇ ਰਹਿ ਗਏ ਸੁਪਨਿਆਂ ਨੂੰ ਸਾਕਾਰ ਕਰਨ ਦੀਆਂ ਮੈਨੂੰ ਪੂਰਨ ਸੰਭਾਵਨਾਵਾਂ ਹਨ।'

ਆਪਣੀ ਧਰਮ-ਪਤਨੀ ਸ੍ਰੀਮਤੀ ਸ਼ਿਵਰਜੀਤ ਕੌਰ ਅਤੇ ਗ੍ਰਹਿਸਥੀ ਬਗ਼ੀਚੀ ਨਾਲ ਜਿਲਾ ਬਠਿੰਡਾ ਦੇ ਪਿੰਡ ਭਾਈ ਰੂਪਾ ਵਿਚ ਖ਼ੁਸ਼ੀਆਂ ਭਰਿਆ ਜੀਵਨ ਗੁਜ਼ਾਰਦਿਆਂ, ਆਪਣੇ ਡਾਕਟਰੀ-ਪੇਸ਼ੇ ਦੁਆਰਾ ਮਰੀਜ਼ਾਂ ਤੋਂ ਕੋਹ-ਕੋਹ ਲੰਬੀਆਂ ਦੁਆਵਾਂ ਖੱਟਦੇ ਰਹਿਣ ਲਈ ਅਤੇ ਗੀਤਕਾਰੀ ਖੇਤਰ ਵਿਚ ਪੰਜਾਬੀ ਮਾਂ-ਬੋਲੀ ਦੀ ਸਰਗਰਮੀ ਨਾਲ ਸੇਵਾ ਕਰਦੇ ਰਹਿਣ ਲਈ ਗੁਰਾਂ ਦਿੱਤਾ ਮਹਿਲ ਨੂੰ ਮੇਰਾ ਓਹ ਪ੍ਰਵਰਦਗਾਰ ਹੋਰ ਵੀ ਬਲ ਬਖ਼ਸ਼ੇ, ਮੇਰੀਆਂ ਦਿਲੀ ਦੁਆਵਾਂ, ਕਾਮਨਾਵਾਂ ਅਤੇ ਜੋਦੜੀਆਂ ਹਨ, ਓਸ ਦੇ ਦਰ 'ਤੇ !

# ਸੰਘਰਸ਼ ਵਿੱਚ ਜੁਟੇ ਸਿੱਖ ਜਥਿਆਂ ਤੋਂ ਬਣੀਆਂ ਮਿਸਲਾਂ



ਜਸਵੰਤ ਸਿੰਘ 'ਅਜੀਤ'
91 9 827-19890

ਇਧਰ ਮੁਗਲ ਹਕੂਮਤ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ, ਜਿਸਤਰ੍ਹਾਂ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਉਸਦਾ ਉਦੇਸ਼ ਮੁੱਖ ਰੂਪ ਵਿਚ ਇਹ ਹੀ ਸੀ ਕਿ ਸਿੱਖਾਂ ਦੇ ਦਿਲ ਵਿੱਚ, ਅਜਿਹਾ ਡਰ ਅਤੇ ਸਹਿਮ ਪੈਦਾ ਕਰ ਜਾਏ ਕਿ ਉਹ ਮੁੜ ਮੁਗ਼ਲ ਹਕੂਮਤ ਦੇ ਜ਼ੁਲਮਾਂ ਨੂੰ ਚੁਨੌਤੀ ਦੇਣ ਦਾ ਹੀਆ ਨਾ ਕਰ ਸਕਣ ਅਤੇ ਉਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਪਾਸ ਕੋਈ ਵੀ ਅਜਿਹਾ ਆਗੂ ਨਹੀਂ ਸੀ ਰਹਿ ਗਿਆ ਹੋਇਆ ਜੋ ਉਨ੍ਹਾਂ ਨੂੰ ਇਨ੍ਹਾਂ ਹਾਲਾਤ ਵਿਚੋਂ ਉਭਰਨ ਲਈ ਸੁਚਜੀ ਅਗਵਾਈ ਦੇ ਸਕਦਾ।

ਇਨ੍ਹਾਂ ਹਾਲਾਤ ਦਾ ਫਾਇਦਾ ਉਠਾਣ ਲਈ ਮੁਗਲ ਹਕੂਮਤ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਲਈ ਉਨ੍ਹਾਂ ਵਿਰੁਧ ਸ਼ਿਕਾਰ ਮੁਹਿੰਮ ਛੇੜ ਦਿੱਤੀ, ਜਿਸਦਾ ਉਦੇਸ਼ ਇਹ ਸੀ ਕਿ ਜੇ ਕਿਧਰੇ ਲੁਕਿਆ-ਛਿਪਿਆ ਅਤੇ ਹਕੂਮਤ ਦੀਆਂ ਨਜ਼ਰਾਂ ਤੋਂ ਬਚਿਆ ਕੋਈ ਸਿੱਖ ਬਾਕੀ ਰਹਿ ਗਿਆ ਹੈ ਤਾਂ ਉਸਨੂੰ ਵੀ ਖ਼ਤਮ ਕਰ ਦਿੱਤਾ ਜਾਏ।

ਅਜਿਹੇ ਸੰਕਟ-ਪੂਰਣ ਹਾਲਾਤ ਵਿੱਚ ਨੇਤਾ-ਹੀਨ ਹੋਏ ਸਿੱਖ ਆਪਣੀ ਹੋਂਦ ਨੂੰ ਕਾਇਮ ਰੱਖਣ ਅਤੇ ਆਪਣੇ ਆਦਰਸ਼ਾਂ ਦੀ ਰਖਿਆ ਲਈ ਜੰਗਲਾਂ ਬੇਲਿਆਂ ਵਿੱਚ ਸਿਰ ਛੁਪਾਈ ਫਿਰਦਿਆਂ ਰਹਿਣ ਤੇ ਮਜਬੂਰ ਹੋ ਗਏ। ਉਨ੍ਹਾਂ ਲਈ 'ਰਾਤ ਤੁਰੇ ਦਿਨ ਰਹੈਂ ਲੁਕਾਇ। ਕਈਅਨ ਲੀਨੇ ਕੁਭੇਨ (ਟੋਏ) ਬਨਾਇ। ਕਈ ਰਹੈਂ ਘਰ ਤੀਜੇ ਥਾਇ। ਕਈ ਰਹੈਂ ਦੇਸਹਿ ਜਾਇ', ਵਾਲੇ ਹਾਲਾਤ ਬਣ ਗਏ ਹੋਏ ਸਨ।

ਸਿੱਖਾਂ ਨੂੰ ਕੋਈ ਵੀ ਅਜਿਹਾ ਆਗੂ ਵਿਖਾਈ ਨਹੀਂ ਸੀ ਆ ਰਿਹਾ, ਜੋ ਇਸ ਸੰਕਟਾਂ ਭਰੇ ਹਾਲਾਤ ਵਿੱਚ ਉਨ੍ਹਾਂ ਦਾ ਮਾਰਗ ਦਰਸ਼ਨ ਕਰ ਸਕੇ ਅਤੇ ਉਨ੍ਹਾਂ ਨੂੰ ਸੁਚਜੀ ਅਤੇ ਉਸਾਰੂ ਅਗਵਾਈ ਦੇ ਸਕੇ ਤੇ ਉਨ੍ਹਾਂ ਦੀ ਬਾਂਹ ਫੜ ਉਨ੍ਹਾਂ ਦਾ ਹੌਂਸਲਾ ਵਧਾ ਸਕੇ। ਇਨ੍ਹਾਂ ਹਾਲਾਤ ਵਿਚ ਵੀ, ਭਾਵੇਂ ਉਨ੍ਹਾਂ ਨੂੰ ਜਬਰ-ਜ਼ੁਲਮ ਦਾ ਸਾਹਮਣਾ ਕਰਦਿਆਂ ਲੰਮੇਂ ਸਮੇਂ ਤਕ ਇਧਰ-ਉਧਰ ਭਟਕਣਾ ਪਿਆ, ਫਿਰ ਵੀ ਉਨ੍ਹਾਂ ਦੇ ਕਦਮ ਨਹੀਂ ਲੜਖੜਾਏ ਅਤੇ ਨਾ ਹੀ ਜਬਰ-ਜ਼ੁਲਮ ਦਾ ਸਹਾਮਣਾ ਕਰ ਗਰੀਬ-ਮਜ਼ਲੂਮ ਦੀ ਰਖਿਆ ਅਤੇ ਆਪਣੀ ਹੋਂਦ ਕਾਇਮ ਰਖਣ ਦੇ ਉਨ੍ਹਾਂ ਦੇ ਇਰਾਦਿਆਂ ਵਿੱਚ ਕੋਈ ਘਾਟ ਆਈ।

ਇਨ੍ਹਾਂ ਹਾਲਾਤ ਵਿਚੋਂ ਉਭਰਨ ਲਈ ਉਨ੍ਹਾਂ ਨੇ ਅਰੰਭ ਵਿੱਚ ਸ੍ਰੀ ਅੰਮ੍ਰਿਤਸਰ ਵਿਖੇ ਅਕਾਲ ਤਖਤ ਤੇ ਜੁੜ ਆਪਣੇ ਵਿਚੋਂ ਹੀ ਪੰਜ ਪਿਆਰਿਆਂ ਦੀ ਚੋਣ ਕਰ ਉਨ੍ਹਾਂ ਪਾਸੋਂ ਅਗਵਾਈ ਪ੍ਰਾਪਤ ਕਰਨ ਦਾ ਰਾਹ ਅਪਨਾ ਲਿਆ। ਉਨ੍ਹਾਂ ਦੀ ਅਗਵਾਈ ਵਿੱਚ ਹੀ ਭਵਿਖ ਵਿੱਚ ਕੀਤੇ ਜਾਣ ਵਾਲੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਂਦੀ ਅਤੇ ਉਸ ਸਬੰਧੀ ਗੁਰਮਤਾ ਕਰ ਸਭ ਨੂੰ ਉਸਦਾ ਪਾਲਣ ਕਰਨ ਲਈ ਵਚਨਬਧ ਕੀਤਾ ਜਾਂਦਾ।

ਪ੍ਰਾਚੀਨ ਪੰਥ ਪ੍ਰਕਾਸ ਦੇ ਕਰਤਾ ਅਨੁਸਾਰ : ਬੈਠ ਹਰਿਮੰਦਰ ਸੁਨੈ ਸੁ ਗਿਆਨਾ। ਗੁਰ ਚਰਨਨ ਪਰ ਲਾਵੈ ਧਿਆਨਾ। ਅਕਾਲ ਬੁੰਗੈ ਚੜ੍ਹ ਤਖਤੈ ਬਹਿ ਹੈਂ। ਲਾਇ ਦੀਵਾਨ ਗੁਰਮਤੇ ਮਤੈ ਹੈਂ।

ਅੰਗ੍ਰੇਜ਼ ਇਤਿਹਾਸਕਾਰ ਮੈਲਕਮ ਅਨੁਸਾਰ ਕੋਈ ਗੁਰਮਤਾ ਕਰਨ ਤੋਂ ਪਹਿਲਾਂ ਜਦੋਂ ਖਾਲਸਾ ਅਕਾਲ ਤਖਤ ਪੁਰ ਜੁੜਦਾ ਤਾਂ ਉਹ ਨਿਜੀ ਵਿਚਾਰਾਂ ਨੂੰ ਇੱਕ ਪਾਸੇ ਰਖ ਦਿੰਦਾ। ਹਰ ਕੋਈ ਉਸ ਸਮੇਂ ਹੀ ਇਸ ਸਮਾਗਮ, ਜਿਸਨੂੰ 'ਸਰਬਤ ਖਾਲਸਾ' ਕਿਹਾ ਜਾਂਦਾ ਸੀ, ਵਿੱਚ ਹਿਸਾ ਲੈ ਸਕਦਾ, ਜਦੋਂ ਉਹ ਇਹ ਪ੍ਰਣ ਕਰ ਲੈਂਦਾ ਕਿ ਉਸਦਾ ਕਿਸੇ ਨਾਲ ਜ਼ਾਤੀ ਵੈਰ-ਵਿਰੋਧ ਨਹੀਂ।



ਪ੍ਰਿਸੀਪਲ ਸਤਿਬੀਰ ਸਿੰਘ ਅਨੁਸਾਰ ਗੁਰ-ਮਤੇ ਆਮ ਤੌਰ ਤੇ ਪੰਜ ਕਾਰਜਾਂ ਲਈ ਕੀਤੇ ਜਾਂਦੇ ਸਨ : ਪੰਥ ਦਾ ਜਥੇਦਾਰ ਚੁਣਨ ਲਈ, ਸਾਂਝੇ ਦੁਸ਼ਮਣ ਨਾਲ ਨਜਿਠਣ ਲਈ, ਇੱਕ-ਦੂਸਰੇ ਨਾਲ ਚਲੇ ਆ ਰਹੇ ਝਗੜੇ ਮੁਕਾਣ ਲਈ, ਦੂਸਰਿਆਂ ਨਾਲ ਆਪਣੇ ਸਬੰਧ ਕਾਇਮ ਕਰਨ ਲਈ ਅਤੇ ਅੰਮ੍ਰਿਤ ਪ੍ਰਚਾਰ ਜਾਂ ਧਰਮ ਪ੍ਰਚਾਰ ਕਰਨ ਲਈ।

ਇਸੇ ਤਰ੍ਹਾਂ 'ਹਕੀਕਤ-ਏ-ਬਿਨ ਸਿੱਖਾਂ' ਦੇ ਲੇਖਕ ਅਨੁਸਾਰ ਜੇ ਸਰਬਤ ਖਾਲਸਾ ਵਿੱਚ ਵਿਚਾਰ ਕਰਦਿਆਂ ਕੋਈ ਵਿਵਾਦ ਉਭਰਦਾ ਤਾਂ ਉਸ ਬਾਰੇ ਫੈਸਲਾ ਸਰਬਤ ਖਾਲਸਾ ਦੇ ਜਥੇਦਾਰ ਵਲੋਂ ਆਪਣੇ ਆਪ ਹੀ ਨਹੀਂ ਸੀ ਦਿੱਤਾ ਜਾਂਦਾ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰ, ਉਸ ਵਿਵਾਦ ਬਾਰੇ ਖੁਲ੍ਹੀ ਵਿਚਾਰ ਕੀਤੀ ਜਾਂਦੀ, ਜਿਸ ਵਿੱਚ ਹਰ ਸਿੱਖ ਅਜ਼ਾਦੀ ਨਾਲ ਖੁਲ੍ਹ ਕੇ ਆਪਣਾ ਵਿਚਾਰ ਪ੍ਰਗਟ ਕਰਦਾ। ਸਾਰਿਆਂ ਦੇ ਵਿਚਾਰ ਸੁਣਨ ਉਪਰੰਤ ਸਰਬਸੰਮਤੀ ਨਾਲ ਅੰਤਿਮ ਫੈਸਲਾ ਲਿਆ ਜਾਂਦਾ। ਕਈ ਵਰ੍ਹਿਆਂ ਤਕ ਇਹੀ ਸਿਲਸਿਲਾ ਚਲਦਾ ਰਿਹਾ। ਸਮਾਂ ਬੀਤਣ ਦੇ ਨਾਲ-ਨਾਲ ਜਥੇ ਬਣਦੇ ਚਲੇ ਗਏ। ਜਦੋਂ ਇਹ ਜਥੇ ਸਰਬਤ ਖਾਲਸਾ ਵਿੱਚ ਜੁੜਦੇ ਤਾਂ ਇਨ੍ਹਾਂ ਦੀ ਕੋਈ ਸੁਤੰਤਰ ਤੇ ਨਿਜੀ ਹੋਂਦ ਨਹੀਂ ਸੀ ਰਹਿ ਗਈ ਹੁੰਦੀ। ਜਦੋਂ ਸਰਦਾਰ ਕਪੂਰ ਸਿੰਘ ਨੂੰ ਮੁਗਲ ਹਕੂਮਤ ਵਲੋਂ ਮਿਲੀ ਨਵਾਬੀ ਬਖਸ਼ੀ ਗਈ, ਉਸ ਸਮੇਂ ਛੋਟੇ-ਛੋਟੇ ਸਾਰੇ ਜਥਿਆਂ ਨੂੰ ਇੱਕ ਕਰ ਦੋ ਵੱਡੇ ਜਥੇ, 'ਤਰੁਣਾ ਦਲ' ਅਤੇ 'ਬੁੱਢਾ ਦਲ' ਕਾਇਮ ਕਰ, ਉਨ੍ਹਾਂ ਨੂੰ ਵੰਡ ਦਿੱਤਾ ਗਿਆ। ਇਤਿਹਾਸ ਅਨੁਸਾਰ ਬੁੱਢਾ ਦਲ ਨੇ ਸ੍ਰੀ ਅੰਮ੍ਰਿਤਸਰ ਰਹਿ ਉਥੋਂ ਦੀ ਰਖਿਆ ਕਰਨ ਅਤੇ ਤਰੁਣਾ ਦਲ ਨੇ ਮਲਾਂ ਮਾਰਨ ਦੀ ਜ਼ਿਮੇਂਦਾਰੀ ਸੰਭਾਲੀ। ਤਰੁਣਾ ਦਲ ਨਾਲ ਜੁੜਨ ਵਾਲੇ ਮਰਜੀਵੜੇ ਸਿੱਖਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਸੀ, ਜਿਸਨੂੰ ਵੇਖਦਿਆਂ, ਉਸਦੇ ਪੰਜ ਜਥੇ ਬਣਾ ਦਿੱਤੇ ਗਏ। ਇਨ੍ਹਾਂ ਜਥਿਆਂ ਦੇ ਜਥੇਦਾਰ ਅਤੇ ਮੀਤ ਜਥੇਦਾਰ ਵਜੋਂ ਸਰਦਾਰ ਸ਼ਾਮ ਸਿੰਘ, ਬਾਬਾ ਦੀਪ ਸਿੰਘ, ਸਰਦਾਰ ਕਰਮ ਸਿੰਘ, ਸਰਦਾਰ ਦਾਨ ਸਿੰਘ, ਸਰਦਾਰ ਦਸੌਂਧਾ ਸਿੰਘ ਅਤੇ ਸਰਦਾਰ ਬੀਰ ਸਿੰਘ ਨੂੰ ਥਾਪਿਆ ਗਿਆ। ਫਿਰ ਜਿਉਂ-ਜਿਉਂ ਮਰਜੀਵੜੇ ਸਿੱਖਾਂ ਵਿੱਚ ਜਥਿਆਂ ਨਾਲ ਜੁੜਨ ਦੀ ਗਿਣਤੀ ਵਧਦੀ ਗਈ, ਤਿਉਂ-ਤਿਉਂ ਜਥਿਆਂ ਦੀ ਗਿਣਤੀ ਵੀ ਆਪਣੇ ਆਪ ਹੀ ਵਧਦੀ ਚਲੀ ਗਈ। ਇੱਕ ਸਮਾਂ ਅਜਿਹਾ ਆ ਗਿਆ ਕਿ ਇਨ੍ਹਾਂ ਦੀ ਗਿਣਤੀ ੬੫ ਤਕ ਜਾ ਪੁਜੀ। ਇਤਨੀ ਗਿਣਤੀ ਵਧ ਜਾਣ ਤੇ ਨਵਾਬ ਕਪੂਰ ਸਿੰਘ ਨੇ ਮਹਿਸੂਸ ਕੀਤਾ ਕਿ ਜੇ ਇਸਤਰ੍ਹਾਂ ਜਥਿਆਂ ਦੇ ਵਧਦੇ ਜਾ ਰਹੇ ਰੁਝਾਨ ਨੂੰ ਠਲ੍ਹ ਨਾ ਪਾਈ ਗਈ ਤਾਂ ਇਹ ਰੁਝਾਨ ਪੰਥ ਲਈ ਕਿਸੇ ਸਮੇਂ ਨੁਕਸਾਨਦੇਹ ਵੀ ਸਾਬਤ ਹੋ ਸਕਦਾ ਹੈ।

ਇਹ ਸੋਚ ਉਨ੍ਹਾਂ ਸ੍ਰੀ ਅੰਮ੍ਰਿਤਸਰ ਵਿਖੇ 'ਸਰਬਤ ਖਾਲਸਾ' ਸਦ ਲਿਆ। 'ਸਰਬਤ ਖਾਲਸਾ' ਦੇ ਇਕਠ ਵਿੱਚ ਉਨ੍ਹਾਂ ਨੇ ਸਾਰੇ ਜਥੇਦਾਰਾਂ ਨੂੰ ਆਪੋ-ਆਪਣੇ ਜਥੇ ਤੋੜ ਦੇਣ ਦਾ ਆਦੇਸ਼ ਦਿੱਤਾ, ਜਿਸਨੂੰ ਸਾਰਿਆਂ ਨੇ ਬਿਨਾ ਕਿਸੇ ਕਿੰਤੂ-ਪ੍ਰੰਤੂ ਦੇ ਸਵੀਕਾਰ ਕਰ ਲਿਆ। ਸਰਦਾਰ ਕਪੂਰ ਸਿੰਘ ਨੇ ਤਰੁਣਾ ਦਲ ਅਤੇ ਬੁਢਾ ਦਲ ਵੀ ਤੋੜ ਦਿੱਤੇ। ਸਾਰੇ ਜਥਿਆਂ ਨੂੰ ਇਕਠਿਆਂ ਕਰ ਇੱਕ ਕੇਂਦਰੀ ਜਥੇਬੰਦੀ ਕਾਇਮ ਕੀਤੀ ਗਈ, ਜਿਸਦਾ ਨਾਂ 'ਦਲ ਖਾਲਸਾ' ਰਖਿਆ ਗਿਆ। ਸਰਦਾਰ ਕਪੂਰ ਸਿੰਘ ਨੇ ਆਪ ਵੀ ਸਭ ਕੁਝ ਛੱਡ-ਛੁਡਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਦਲ ਖਾਲਸਾ' ਦੇ ਜਥੇਦਾਰ ਦੀ ਜ਼ਿਮੇਂਦਾਰੀ ਸੌਂਪ ਦਿੱਤੀ। 'ਦਲ ਖਾਲਸਾ' ਦੀ ਅਗਵਾਈ ਵਿੱਚ ੧੧ ਜੱਥੇ, ਭੰਗੀ, ਨਿਸ਼ਾਨ-ਸਿੰਘਵਾਲੀਆ, ਸ਼ਹੀਦ, ਰਾਮਗੜ੍ਹੀਆ, ਨਕਈ, ਆਹਲੂ-ਵਾਲੀਆ, ਕਨ੍ਹਈਆ, ਫੈਜ਼ਲਪੁਰੀਆ (ਸਿੰਘਪੁਰੀਆ), ਡਲੇਵਾਲੀਆ, ਸ਼ੁਕਰਚਕੀਆ ਅਤੇ ਕਰੋੜਸਿੰਘੀਆ ਬਣਾਏ ਗਏ। ਇਨ੍ਹਾਂ ਜਥਿਆਂ ਦੇ ਜਥੇਦਾਰ ਵਜੋਂ ਤਰਤੀਬਵਾਰ, ਸਰਦਾਰ ਭੂਮਾ ਸਿੰਘ ਤੇ ਉਨ੍ਹਾਂ ਦਾ ਪੁਤਰ ਸਰਦਾਰ ਹਰੀ ਸਿੰਘ, ਭਾਈ ਦਸੌਂਧਾ ਸਿੰਘ, ਸਰਦਾਰ ਬੀਰ ਸ਼ਿੰਘ ਤੇ ਬਾਵਾ ਦੀਪ ਸਿੰਘ, ਸਰਦਾਰ ਹਰਦਾਸ ਸਿੰਘ ਤੇ ਸਰਦਾਰ ਜੱਸਾ ਸਿੰਘ, ਸਰਦਾਰ ਹੀਰਾ ਤੇ ਸਰਦਾਰ ਨੱਥਾ ਸਿੰਘ, ਸਰਦਾਰ ਜੱਸਾ ਸਿੰਘ, ਸਰਦਾਰ ਖੁਸ਼ਹਾਲ ਸਿੰਘ ਤੇ ਸਰਦਾਰ ਜੈ ਸਿੰਘ, ਨਵਾਬ ਕਪੂਰ ਸਿੰਘ ਫੈਜ਼ਲਪੁਰੀਆ, ਸਰਦਾਰ ਗੁਰਦਿਆਲ ਸਿੰਘ, ਸ, ਚੜ੍ਹਤ ਸਿੰਘ, ਸਰਦਾਰ ਕਰੋੜ ਸਿੰਘ ਤੇ ਸਰਦਾਰ ਬਘੇਲ ਸਿੰਘ ਥਾਪੇ ਗਏ। ਇਨ੍ਹਾਂ ਜਥਿਆਂ ਨੂੰ ਵੱਖ-ਵੱਖ ਜ਼ਿਮੇਂਦਾਰੀਆਂ ਸੌਂਪਣ ਦੇ ਨਾਲ ਹੀ ਉਨ੍ਹਾਂ ਨੂੰ ਪੰਥਕ ਕਬਜ਼ੇ ਹੇਠਲੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਦਾ ਪ੍ਰਬੰਧ ਕਰਨ ਦੀਆਂ ਜ਼ਿਮੇਂਦਾਰੀਆਂ ਵੀ ਸੌਂਪ ਦਿੱਤੀਆਂ ਗਈਆਂ।

ਇਤਿਹਾਸਕ ਮਾਨਤਾ ਅਨੁਸਾਰ ਅਰੰਭ ਵਿੱਚ ਤਾਂ ਇਹ ਸੰਗਠਨ ਜਥਿਆਂ ਵਜੋਂ ਹੀ ਜਾਣਿਆ ਜਾਂਦਾ ਰਿਹਾ। ਬਾਅਦ ਵਿੱਚ ਇਨ੍ਹਾਂ ਦੇ ਨਾਵਾਂ ਨਾਲ ਮਿਸਲ ਸ਼ਬਦ ਜੁੜਦਾ ਗਿਆ 'ਤੇ ਇਹ ਜਥੇ ਮਿਸਲਾਂ ਦੇ ਨਾਂ ਨਾਲ ਜਾਣੇ ਜਾਣ ਲਗੇ। 'ਮਿਸਲ' ਸ਼ਬਦ ਦੀ ਵਿਆਖਿਆ ਇਤਿਹਾਸਕਾਰਾਂ ਨੇ ਵੱਖ-ਵੱਖ ਰੂਪਾਂ ਵਿੱਚ ਕੀਤੀ ਹੈ।

ਜਿਥੇ ਅਖਤਰ ਲੋਨੀ ਨੇ ਮਿਸਲ ਦਾ ਮਤਲਬ ਕਬੀਲਾ ਜਾਂ ਨਸਲ ਲਿਆ ਹੈ, ਉਥੇ ਹੀ ਮੈਕਰੇਗਰ ਨੇ ਇਸਨੂੰ 'ਏ ਫਰੈਂਡਲੀ ਨੇਸ਼ਨ' ਅਰਥਾਤ 'ਅਪਣਤ ਦੇ ਧਾਰਨੀ' ਵਜੋਂ ਵਿਆਖਿਆ। ਪ੍ਰਿੰਸਪ ਨੇ ਮਿਸਲ ਨੂੰ 'ਇਕੋ ਜਿਹੇ ਲੋਕ' ਵਜੋਂ ਬਿਆਨਿਆ, ਕਨਿੰਘਮ ਅਨੁਸਾਰ ਮਿਸਲ ਦਾ ਮਤਲਬ 'ਹਥਿਆਰਬੰਦ ਲੋਕ' ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਦਾ ਕਹਿਣਾ ਹੈ ਕਿ ਸ੍ਰੀ ਅੰਮ੍ਰਿਤਸਰ ਵਿੱਖੇ ਹਰ ਜਥੇ ਦੀ ਕਰਗੁਜ਼ਾਰੀ ਦਾ ਰਿਕਾਰਡ ਰਖਣ ਲਈ ਵੱਖ-ਵੱਖ 'ਫਾਈਲ' ਹੁੰਦੀ ਸੀ, ਇਸ ਫਾਈਲ ਨੂੰ ਮਿਸਲ ਕਹੇ ਜਾਣ ਕਾਰਣ ਹੀ ਜਥੇ ਨੂੰ ਮਿਸਲ ਕਿਹਾ ਜਾਣ ਲਗਾ ਸੀ। ਇਸ ਮਿਸਲ ਅਰਥਾਤ ਫਾਈਲ ਵਿੱਚ ਜਥੇ ਦੇ ਜਥੇਦਾਰ ਅਤੇ ਹਰ ਸਿਪਾਹੀ ਦੀ ਕਾਰਗੁਜ਼ਾਰੀ ਦਾ ਰਿਕਾਰਡ ਦਰਜ ਕੀਤਾ ਜਾਂਦਾ ਸੀ। ਜਥੇਦਰ ਜਾਂ ਸਿਪਾਹੀ ਜੋ ਕੁਝ ਵੀ ਲਿਆਉਂਦਾ, ਉਹ ਇਹੀ ਆਖਦਾ ਕਿ 'ਮੇਰਾ ਹਿਸਾਬ ਮੇਰੀ ਮਿਸਲ ਵਿੱਚ ਦਰਜ ਕਰ ਦਿਉ'। ਇਸ ਤਰ੍ਹਾਂ ਉਸਦਾ ਹਿਸਾਬ ਉਸਦੇ ਜਥੇ ਦੀ ਫਾਈਲ ਵਿੱਚ ਦਰਜ ਹੋ ਜਾਂਦਾ। ਸ਼ਾਇਦ ਇਸਤਰ੍ਹਾਂ ਹੀ ਸਹਿਜੇ-ਸਹਿਜੇ ਜਥੇ ਦਾ ਨਾਂ ਮਿਸਲ ਵਜੋਂ ਪ੍ਰਚਲਤ ਹੋ ਗਿਆ।

# ਸਾਇਬਰ ਅਟੈਕ ਦੇ ਖਤਰੇ ਤੋਂ ਕਿਵੇਂ ਬਚੀਏ

## ਆਖਿਰ ਹੈਕਰ ਸਾਡੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਕਿਵੇਂ ਕਰਦੇ ਹਨ ਹੈਕ



ਚਾਨਣ ਦੀਪ ਸਿੰਘ ਔਲਖ
91-98768-88177

ਅੱਜ ਟੈਕਨਾਲੋਜੀ ਦੇ ਇਸ ਯੁੱਗ ਵਿੱਚ ਹਰ ਕੋਈ ਕੰਪਿਊਟਰ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਕਰ ਰਿਹਾ ਹੈ। ਸਮਾਰਟਫੋਨ ਤਾਂ ਹਰ ਇੱਕ ਦੀ ਜਿੰਦਗੀ ਦਾ ਅੰਗ ਹੀ ਬਣ ਗਿਆ ਹੈ। ਹੁਣ ਸਿਰਫ਼ ਗੱਲਬਾਤ ਹੀ ਨਹੀਂ ਬਲਕਿ ਵੀਡੀਓ ਗੱਲਬਾਤ , ਈ-ਮੇਲ ਸੁਨੇਹਾ ਭੇਜਣ, ਈ-ਬੈਕਿੰਗ ਲੈਣ-ਦੇਣ, ਸੋਸ਼ਲ ਮੀਡੀਆ 'ਤੇ ਜੁੜਨ ਆਦਿ ਕਾਰਜਾਂ ਲਈ ਕੰਪਿਊਟਰ ਦੇ ਨਾਲ ਨਾਲ ਸਮਾਰਟ ਫੋਨ ਦੀ ਵਰਤੋਂ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਕੀਤੀ ਜਾਂਦੀ ਹੈ।

ਜਿੱਥੇ ਇਨ੍ਹਾਂ ਉਪਕਰਨਾਂ ਦੀ ਵਰਤੋਂ ਵਧੀ ਹੈ ਉਥੇ ਇਨ੍ਹਾਂ ਨਾਲ ਸਬੰਧਤ ਚੋਰੀਆਂ, ਠੱਗੀਆਂ ਅਤੇ ਧੋਖਾਧੜੀਆਂ ਨੇ ਵੀ ਜਨਮ ਲਿਆ ਹੈ। ਜਿਨ੍ਹਾਂ ਨੂੰ ਸਾਇਬਰ ਅਪਰਾਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਏ ਦਿਨ ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਪੜਨ-ਸੁਣਨ ਨੂੰ ਮਿਲਦੀਆਂ ਹਨ। ਲਾਕਡਾਉਨ ਦੌਰਾਨ ਇਨ੍ਹਾਂ ਘਟਨਾਵਾਂ ਵਿੱਚ ਕਾਫੀ ਵਾਧਾ ਹੋਇਆ ਹੈ। ਭਾਰਤ ਦੇ ਚੀਨ ਨਾਲ ਛਿੜੇ ਤਤਕਾਲੀ ਤਣਾਅ ਤੋਂ ਬਾਅਦ ਚੀਨੀ ਹੈਕਰਾਂ ਵੱਲੋਂ ਭਾਰਤ ਵਿੱਚ ਸਾਇਬਰ ਅਟੈਕ ਦੀਆਂ ਖਬਰਾਂ ਆ ਰਹੀਆਂ ਹਨ। ਪਿਛਲੇ ਕੁਝ ਦਿਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਾਇਬਰ ਅਟੈਕ ਦੇ ਮਾਮਲੇ ਸੁਣਨ ਨੂੰ ਮਿਲੇ ਹਨ। ਇਨ੍ਹਾਂ ਖਬਰਾਂ ਵਿੱਚ ਕਿੰਨੀ ਸੱਚਾਈ ਹੈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਫਿਰ ਵੀ ਸਾਨੂੰ ਚੌਕੰਨੇ ਜਰੂਰ ਹੋ ਜਾਣਾ ਚਾਹੀਦਾ ਹੈ। ਸਾਡੇ ਵਿੱਚੋਂ ਬਹੁਤੇ ਕੰਪਿਊਟਰ ਅਤੇ ਸਮਾਰਟ ਫੋਨ ਵਰਤੋਂਕਾਰ ਨਿਸਚਿਤ ਤੌਰ ਤੇ ਇਸ ਤੋਂ ਅਣਜਾਣ ਹੋਣਗੇ।

ਇਸ ਲਈ ਸਾਨੂੰ ਇਹ ਜਾਣਕਾਰੀ ਹੋਣਾ ਜਰੂਰੀ ਹੈ ਕਿ ਆਖਿਰ ਹੈਕਰ ਸਾਡੇ ਕੰਪਿਊਟਰ ਜਾਂ ਸਮਾਰਟ ਫੋਨ ਨੂੰ ਕਿਵੇਂ ਹੈਕ ਕਰ ਲੈਂਦੇ ਹਨ ਅਤੇ ਸਾਇਬਰ ਅਟੈਕ ਕਿਵੇਂ ਕਰਦੇ ਹਨ। ਸਾਧਾਰਨ ਭਾਸ਼ਾ ਵਿੱਚ ਜਿਵੇਂ ਮੱਛੀ ਨੂੰ ਫੜਨ ਲਈ ਜਾਲ ਜਾਂ ਕੁੰਡੀ ਤੇ ਮੱਛੀ ਦੀ ਮਨਪਸੰਦ ਚੀਜ਼ ਲਗਾਈ ਜਾਂਦੀ ਹੈ ਜਿਸ ਨਾਲ ਮੱਛੀ ਆਪਣੇ-ਆਪ ਉਸ ਜਾਲ ਵੱਲ ਖਿੱਚੀ ਆਉਂਦੀ ਹੈ ਅਤੇ ਜਾਲ ਵਿੱਚ ਫਸ ਜਾਂਦੀ ਹੈ। ਬਿਲਕੁਲ ਉਸੇ ਤਕਨੀਕ ਦੀ ਵਰਤੋਂ ਇਹਨਾਂ ਹੈਕਰਾਂ ਵੱਲੋਂ ਉਪਕਰਨਾਂ ਨੂੰ ਹੈਕ ਕਰਨ ਲਈ ਕੀਤੀ ਜਾਂਦੀ ਹੈ। ਇੱਥੇ ਹੈਕਰ ਵਰਤੋਂਕਾਰਾਂ ਦੇ ਸਾਹਮਣੇ ਚਾਰੇ ਦੇ ਰੂਪ ਵਿੱਚ ਕੁਝ ਲੁਭਾਵਣੀਆਂ ਚੀਜ਼ਾਂ ਦੀ ਨੁਮਾਇਸ਼ ਕਰਦਾ ਹੈ ਤਾਂ ਜੋ ਉਹ ਛੇਤੀ ਨਾਲ ਆਕਰਸ਼ਿਤ ਹੋ ਜਾਣ। ਜਿਵੇਂ ਉਹ ਕੁਝ ਆਕਰਸ਼ਕ ਆਫਰ ਰੱਖਦਾ ਹੈ ਜਾਂ ਉਹ ਮੈਸੇਜ ਭੇਜਦਾ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਬੈਂਕ ਤੋਂ ਤੁਹਾਨੂੰ ਇਹਨਾਂ ਕੈਸਬੈਕ ਮਿਲ ਰਿਹਾ ਹੈ ਜਾਂ ਤੁਸੀਂ ਇੰਨੇ ਲੱਖ ਰੁਪਏ ਜਾਂ ਡਾਲਰ ਜਿੱਤ ਲਏ ਹਨ। ਜਿਸ ਨੂੰ ਕਲੇਮ ਕਰਨ ਲਈ ਇਸ ਲਿੰਕ ਤੇ ਕਲਿਕ ਕਰੋ ਜਾਂ ਇਹ ਐਪ ਡਾਉਨਲੋਡ ਕਰੋ। ਮੈਸੇਜ ਜਾਂ ਈ-ਮੇਲ ਇਸ ਤਰ੍ਹਾਂ ਤਿਆਰ ਕੀਤੀ ਗਈ ਹੁੰਦੀ ਹੈ ਕਿ ਉਹ ਕਿਸੇ ਅਸਲੀ ਬੈਂਕ ਜਾਂ ਦਫ਼ਤਰ ਵਲੋਂ ਭੇਜੀ ਗਈ ਹੋਵੇ। ਕੋਈ ਵੀ ਵਿਅਕਤੀ ਉਸ ਨੂੰ ਪੜ੍ਹ ਕੇ ਫਟਾਫਟ ਉਸ ਲਿੰਕ ਨੂੰ ਖੋਲਦਾ ਹੈ ਜਾਂ ਐਪ ਡਾਉਨਲੋਡ ਕਰ ਕੇ ਹਰ ਤਰਾਂ ਦੀ ਪਰਮੀਸ਼ਨ ਅਲਾਓ ਕਰ ਦਿੰਦਾ ਹੈ, ਜਿਵੇਂ ਕਾਲ, ਮੈਸਜ, ਲੋਕੇਸ਼ਨ, ਕੈਮਰਾ, ਸਟੋਰੇਜ ਅਨੁਮਤੀ ਆਦਿ । ਕਈ ਲੋਕ ਪੇਡ ਐਪਲੀਕੇਸ਼ਨ/ ਸਾਫਟਵੇਅਰ ਨੂੰ ਮੁਫ਼ਤ ਵਿੱਚ ਇਸਤੇਮਾਲ ਕਰਨ ਲਈ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਡਾਊਨਲੋਡ ਕਰ ਲੈਂਦੇ ਹਨ ਜੋ ਕਿ ਭਰੋਸੇਯੋਗ ਨਹੀਂ ਹੁੰਦੇ। ਜਦੋਂ ਅਸੀਂ ਇਨ੍ਹਾਂ ਐਪਸ ਜਾਂ ਸਾਫਟਵੇਅਰਾਂ ਨੂੰ ਹਰ ਤਰ੍ਹਾਂ ਦੀਆਂ ਬਹੁਤ ਸਾਰੀਆਂ ਅਨੁਮਤੀਆਂ ਦੇ ਦਿੰਦੇ ਹਾਂ ਤਾਂ ਸਾਡਾ ਸਮਾਰਟ ਫੋਨ ਜਾਂ ਕੰਪਿਊਟਰ ਹੈਕ ਹੋ ਜਾਂਦਾ ਹੈ ਭਾਵ ਉਸ ਦਾ ਹਰ ਤਰ੍ਹਾਂ ਦਾ ਕੰਟਰੋਲ ਹੈਕਰ ਦੇ ਹੱਥ ਵਿੱਚ ਆ ਜਾਂਦਾ ਹੈ ਅਤੇ ਸਾਨੂੰ ਪਤਾ ਵੀ ਨਹੀਂ ਲੱਗਦਾ। ਇਸ ਤਰ੍ਹਾਂ ਦੀਆਂ ਐਪਸ ਨੂੰ ਸਪਾਈਵੇਅਰ ਐਪਸ ਜਾਂ ਸਪਾਈ ਸਾਫਟਵੇਅਰ ਕਿਹਾ ਜਾਂਦਾ ਹੈ ਅਤੇ ਈ-ਮੇਲ ਮੈਸਜ ਦੁਆਰਾ ਭੇਜੇ ਜਾਂਦੇ ਲਿੰਕ ਨੂੰ ਸਪੈਮ ਕਿਹਾ ਜਾਂਦਾ ਹੈ।




ਇੱਕ ਵਾਰ ਜੇਕਰ ਹੈਕਰ ਕਿਸੇ ਵੀ ਤਰੀਕੇ ਨਾਲ ਤੁਹਾਡੇ ਫੋਨ ਜਾਂ ਕੰਪਿਊਟਰ ਵਿੱਚ ਇਹ ਸਪਾਈਵੇਅਰ ਇੰਸਟਾਲ ਕਰਨ ਵਿੱਚ ਕਾਮਯਾਬ ਹੋ ਗਿਆ ਤਾਂ ਉਹ ਇੰਟਰਨੈੱਟ ਦੀ ਮਦਦ ਨਾਲ ਘਰ ਬੈਠਾ ਤੁਹਾਡੇ ਫੋਨ ਨੂੰ ਰਿਮੋਟਲੀ ਨਿਯੰਤਰਿਤ ਕਰ ਸਕਦਾ ਹੈ। ਉਹ ਤੁਹਾਡੇ ਫੋਨ ਤੋਂ ਕਾਲ ਕਰ ਸਕਦਾ ਹੈ, ਤੁਹਾਡੀ ਕਾਲ ਰਿਕਾਰਡ/ ਸੁਣ ਸਕਦਾ ਹੈ, ਤੁਹਾਡੇ ਮੈਸਜ/ ਈ-ਮੇਲ ਪੜ੍ਹ ਸਕਦਾ ਹੈ, ਕਿਸੇ ਨੂੰ ਵੀ ਭੇਜ ਸਕਦਾ ਹੈ, ਕੈਮਰਾ ਵਰਤ ਸਕਦਾ ਹੈ। ਕਈ ਪ੍ਰਸਥਿਤੀਆਂ ਵਿੱਚ ਤੁਹਾਨੂੰ ਇਸ ਵਰਤਾਰੇ ਦੀ ਭਿਣਕ ਵੀ ਨਹੀਂ ਲੱਗੇਗੀ।

ਹੁਣ ਇੱਥੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜੇਕਰ ਹੈਕਰ ਨੇ ਤੁਹਾਡੇ ਕੰਪਿਊਟਰ ਜਾਂ ਸਮਾਰਟ ਫੋਨ ਦਾ ਕੰਟਰੋਲ ਹਾਸਲ ਕਰਨਾ ਹੈ ਤਾਂ ਉਸ ਨੂੰ ਤੁਹਾਡੇ ਉਪਕਰਨਾਂ ਵਿੱਚ ਕੋਈ ਸਪਾਈਵੇਅਰ ਸਾਫਟਵੇਅਰ ਇੰਸਟਾਲ ਕਰਨਾ ਲਾਜ਼ਮੀ ਹੈ ਇਸ ਤੋਂ ਬਿਨਾਂ ਉਸ ਵੱਲੋਂ ਅਜਿਹਾ ਕਰਨਾ ਸੰਭਵ ਨਹੀਂ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਆਖਿਰ ਅਸੀਂ ਆਪਣੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਹੈਕ ਹੋਣ ਤੋਂ ਕਿਵੇਂ ਬਚਾਅ ਸਕਦੇ ਹਾਂ? ਇਸਦਾ ਜਵਾਬ ਉਪਰੋਕਤ ਚਰਚਾ ਦੇ ਵਿੱਚ ਹੀ ਛੁਪਿਆ ਹੋਇਆ ਹੈ। ਬਸ ਹੈਕਰ ਆਪਣੇ ਜਾਲ ਵਿੱਚ ਫਸਾਉਣ ਲਈ ਜੋ ਜੋ ਕਦਮ ਚੁੱਕਦਾ ਹੈ ਉਨ੍ਹਾਂ ਤੋਂ ਸਾਨੂੰ ਸਾਵਧਾਨ ਰਹਿਣਾ ਹੈ ਜਿਵੇਂ ਕਿ ਕਿਸੇ ਵੀ ਤਰ੍ਹਾਂ ਦੇ ਮੋਡੀਫਾਈਡ ਜਾਂ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਨੂੰ ਡਾਉਨਲੋਡ ਨਹੀਂ ਕਰਨਾ ਚਾਹੀਦਾ। ਜੇਕਰ ਤੁਹਾਨੂੰ ਅਜਿਹਾ ਮੈਸਜ ਜਾਂ ਈ-ਮੇਲ ਆਵੇ ਜਿਸ ਵਿੱਚ ਕੋਈ ਲਾਲਚ ਦਿੱਤਾ ਗਿਆ ਹੋਵੇ ਕਿ ਤੁਸੀਂ ਏਨੇ ਪੈਸੇ ਜਿੱਤ ਗਏ ਹੋ ਉਸ ਨੂੰ ਕਲੇਮ ਕਰਨ ਲਈ ਲਿੰਕ ਨੂੰ ਕਲਿਕ ਕਰੋ ਜਾਂ ਬੈਂਕ ਸਬੰਧੀ ਜਾਣਕਾਰੀ ਦਿਓ ਅਜਿਹਾ ਕਰਨ ਦੀ ਗਲਤੀ ਕਦੇ ਵੀ ਨਾ ਕਰੋ।

ਇਸ ਦੇ ਨਾਲ ਹੀ ਜਦੋਂ ਅਸੀਂ ਆਪਣੇ ਸਮਾਰਟ ਫੋਨ ਵਿਚ ਕੋਈ ਐਪ ਪਲੇਅ ਸਟੋਰ ਜਾਂ ਐਪ ਸਟੋਰ ਤੋਂ ਡਾਉਨਲੋਡ ਕਰ ਕੇ ਇੰਸਟਾਲ ਕਰਦੇ ਹਾਂ ਤਾਂ ਉਹ ਕਈ ਕਿਸਮ ਦੀਆਂ ਅਨੁਮਤੀਆਂ ਦੀ ਮੰਗ ਕਰਦੀ ਹੈ ਅਸੀਂ ਬਿਨਾਂ ਪੜ੍ਹੇ ਸਾਰੀਆਂ ਅਨੁਮਤੀਆਂ ਦੀ ਆਗਿਆ ਦੇ ਦਿੰਦੇ ਹਾਂ। ਅਜਿਹਾ ਕਰਨਾ ਬਹੁਤ ਭਾਰੀ ਪੈ ਸਕਦਾ ਹੈ ਇਸ ਨਾਲ ਆਪਣੇ ਫੋਨ ਵਿਚਲੀ ਜਾਣਕਾਰੀ ਚੋਰੀ ਹੋ ਸਕਦੀ ਹੈ ਅਤੇ ਫੋਨ ਹੈਕ ਹੋ ਸਕਦਾ ਹੈ। ਹਮੇਸ਼ਾ ਚੰਗੀ ਤਰ੍ਹਾਂ ਪੜ੍ਹਕੇ ਹੀ ਪਰਮੀਸ਼ਨ ਦੇਣੀ ਚਾਹੀਦੀ ਹੈ। ਖਾਸ ਕਰ ਥਰਡ ਪਾਰਟੀ ਐਪਸ ਜਾਂ ਮੋਡੀਫਾਈਡ ਐਪਸ ਨੂੰ ਬਿਨਾਂ ਲੋੜੀਂਦੀਆਂ ਪਰਮੀਸ਼ਨਜ ਨਹੀਂ ਦੇਣੀਆਂ ਚਾਹੀਦੀਆਂ ਅਤੇ ਹਮੇਸ਼ਾ ਸਾਵਧਾਨ ਰਹਿਣਾ ਚਾਹੀਦਾ ਹੈ।

ਹੈਕਰ ਤੁਹਾਡੇ ਉਪਕਰਨਾਂ ਨੂੰ ਹੈਕ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਾਲ ਡਿਟੇਲ, ਮੈਸਜ, ਪਰਸਨਲ ਫੋਟੋਆਂ, ਈ-ਮੇਲ, ਬੈਂਕ ਜਾਣਕਾਰੀ, ਪਾਸਵਰਡ ਆਦਿ ਡਾਟਾ ਚੁਰਾ ਕੇ ਤੁਹਾਡਾ ਬੈਂਕ ਖਾਤਾ ਖਾਲੀ ਕਰ ਸਕਦਾ ਹੈ ਜਾਂ ਤੁਹਾਨੂੰ ਹੋਰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਵਿੱਚ ਪਾ ਸਕਦਾ ਹੈ। ਇਸ ਤਰ੍ਹਾਂ ਦੇ ਸਾਇਬਰ ਅਟੈਕ ਤੋਂ ਬਚਣ ਲਈ ਹਮੇਸ਼ਾ ਸੁਚੇਤ ਅਤੇ ਚੌਕੰਨਾ ਰਹਿਣਾ ਚਾਹੀਦਾ ਹੈ। ਜਦੋਂ ਵੀ ਕੋਈ ਐਪਲੀਕੇਸ਼ਨ ਜਾਂ ਸਾਫਟਵੇਅਰ ਡਾਊਨਲੋਡ ਕਰਨਾ ਹੋਵੇ ਤਾਂ ਭਰੋਸੇਯੋਗ ਵੈਬਸਾਈਟ ਜਾਂ ਐਪ ਸਟੋਰ ਤੋਂ ਹੀ ਡਾਉਨਲੋਡ ਕਰਨੀ ਚਾਹੀਦੀ ਹੈ , ਥਰਡ ਪਾਰਟੀ ਐਪਲੀਕੇਸ਼ਨਾ ਜਾਂ ਕਰੈਕ ਸਾਫਟਵੇਅਰਾਂ ਨੂੰ ਇੰਸਟਾਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਫਾਲਤੂ ਦੇ ਲਾਲਚਨੁਮਾ ਲਿੰਕਾਂ ਨੂੰ ਕਦੇ ਨਹੀਂ ਖੋਲਣਾ ਚਾਹੀਦਾ।




## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY $1500/mo.**
**Listing Price to $149,000**
**Sacramento, CA**




**Liquor Store for Sale in Santa Clara**
**Monthly Gross Sale: $90K**
**Listing Price: $649,000 plus Inventory**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Coffee Shop for Sale**
**Monthly Gross Sales: $25,000**
**Listing Price: $150,000**




**7Eleven**
**7 Eleven Store For Sale in Antioch, CA**
**Listing Price: $550,000**




**3 Bedroom 1 Bath Home on**
**10 Acre Lot**
**Listing Price: $1,500,000**




**Elite Real Estate**
**Home Services**

## BERKSHIRE HATHAWAY




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

## OFFICE: 7412 ELSIE AVE., SACRAMENTO, CA 95828



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailer Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
Follow us on Twitter
rajasweets




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ ਵੀ ਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ ਪੀ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (209)-487-2127
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com